ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਅਕਾਲੀ ਫੂਲਾ ਸਿੰਘ ਜੀ

MARCH 1995



ਮਾਰਚ ੧੯੯੫

ਆਪ ਜੀ ਦੀ ਸ਼ਹੀਦੀ ੧੪ ਮਾਰਚ ਸੰਨ ੧੮੨੪ ਨੂੰ ਨੌਸ਼ਹਿਰੇ ਤੁਰਕੀ ਦੀ ਪਹਾੜੀ ਤੇ ਹੋਈ। ਮੁਲਤਾਨ ਅਤੇ ਪਿਸ਼ਾਵਰ ਆਦਿ ਦੀਆਂ ਲੜਾਈਆਂ ਵਿਚ ਇਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਬੜੀ ਸਹਾਇਤਾ ਕੀਤੀ। ਇਨ੍ਹਾਂ ਦਾ ਸ਼ਹੀਦ ਗੰਜ ਨੌਸ਼ਹਿਰੇ ਤੋਂ ਚਾਰ ਮੀਲ ਲੁੰਡੇ ਦਰਿਆ ਦੇ ਕੰਢੇ ਮੌਜੂਦ ਹੈ।

3 ਰੁਪਏ

www.AKJ.Org

## ਤੱਤਕਰਾ


| | | | |
|---|---|---|---|
| ੧. ਜਿਨਿ ਜਿਨਿ ਨਾਮੁ ਧਿਆਇਆ | ੧ | ੧੦. ਤਮਾਕੂ ਪੀਣ ਦੇ ਭੈੜੇ ਨਤੀਜੇ | ੨੧ |
| ੨. ਆਨਮਤੀ ਕਰਮ ਤੇ ਤੀਰਥ | ੪ | ੧੧. ਇਸ ਜਨਮ ਉਸ ਸੰਗ ਤੱਗ ਜਾਈਏ (ਕਵਿਤਾ) | ੨੨ |
| ੩. ਸੰਗ੍ਰਾਂਦ | ੫ | ੧੨. ਦਾਤ ਪਿਆਰੀ ਵਿਸਰਿਆ ਦਾਤਾਰਾ | ੨੩ |
| ੪. ਆਰਤੀ | ੭ | ੧੩. ਊਠਤ ਸੁਖੀਆ ਬੈਠਤ ਸੁਖੀਆ | ੨੫ |
| ੫. ਭਾਈ ਮਦਨ ਸਿੰਘ ਵੱਲੋਂ ਖੁੱਲ੍ਹੀ ਚਿੱਠੀ | ੧੦ | ੧੪. ਅਮਰ ਸ਼ਹੀਦ (ਕਵਿਤਾ) | ੨੮ |
| ੬. ਦਮਦਮੀ ਜਪੁ ਨੀਸਾਣੁ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੧ | ੧੫. ਖਾਲਸਾ ਜੀ, ਬੋਲੋ ਜੀ ਵਾਹਿਗੁਰੂ | ੨੯ |
| ੭. ਕਬਿੱਤ ਸਵੱਯੇ | ੧੭ | ੧੬. ਅਰਦਾਸ ਦਾ ਮਹੱਤਵ ਤੇ ਅਕਾਲੀ ਫੂਲਾ ਸਿੰਘ | ੩੦ |
| ੮. ਨਵੇਕਲਾ ਹੋਲਾ | ੧੮ | ੧੭. ਆਗੈ ਸਮਝ ਚਲਹੁ ਨੰਦ ਲਾਲਾ | ੩੪ |
| ੯. ਅਸਾਂ ਧੌਣ ਝੁਕਾਉਣਾ ਨਾ ਸਿਖਿਆ ਏ (ਕਵਿਤਾ) | ੨੦ | ੧੮. ਬਾਪੂ ਜੀ ਤੇ ਬੱਚੇ | ੩੭ |


### ਅਮਾ[illegible] ਧਾ ਜਮ੍ਹਾਂ ਕਰਵਾਉਣ ਲਈ ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਜੋ ਸੂਰਾ ਦੀ ਅਮਾਨਤਾ ਲਾਈਫ਼ ਮੈਂਬਰਸ਼ਿਪ 300 ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ 50/,100/ 150/-ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ ਸੂਰਾ ਦਫ਼ਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

ਸੰਪਾਦਕ

---

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ

੧. **ਲੁਧਿਆਣਾ**-੧ ਮੁੱਖ ਦਫ਼ਤਰ "ਸੂਰਾ"-ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
੨ ਸਬ ਆਫ਼ਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।

੨. **ਜਲੰਧਰ**- ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।

੩. **ਹੁਸ਼ਿਆਰਪੁਰ**-ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ ।

੪. **ਪਟਿਆਲਾ**-ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ।

੫. **ਚੰਡੀਗੜ੍ਹ ਤੇ ਮੋਹਾਲੀ**-ਭਾਈ ਫ਼ੌਜਿੰਦਰ ਸਿੰਘ ਜੀ, ੫੩੩/੩-ਏ ਫ਼ੇਜ਼, ਐਸ.ਏ.ਐਸ. ਨਗਰ ਮੋਹਾਲੀ।

੬. **ਦਿੱਲੀ**-ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ।

੭. **ਸਾਰੇ ਸਮਾਗਮਾਂ ਸਮੇਂ**-ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫ਼ਿਰੋਜ਼ਪੁਰ ਸ਼ਹਿਰ।

੮. **ਬਠਿੰਡਾ**- ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।

੯. **ਮੋਗਾ**- ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫ਼ੋਨ: ੨੪੩੪੯,੨੧੬੮੧।

੧੦. **ਅੰਮ੍ਰਿਤਸਰ**-ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ: ੪੫੭੮੭ ਘਰ: ੨੩੧੫੨੦।

੧੧. **ਯਮੁਨਾਨਗਰ**- ਸ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ,ਪਿੰਨ ਕੋਡ-੧੩੫੦੦੧, ਫ਼ੋਨ:੨੬੨੧੭

੧੨. **ਸੰਗਰੂਰ**-੧. ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ ਡਾਕਖਾਨਾ ਮਲੇਰਕੋਟਲਾ ।
੨. ਸ਼ਨਦੀਪ ਸਿੰਘ ਪਿੰਡ ਰੋਹੀੜਾ ਘੱਲੂਘਾਰਾ-੧੪੮੦੨੧.

੧੩. **ਫਗਵਾੜਾ**-ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੌੜਾ ਖੂਹ ਨੇੜੇ ਗੁ: ਪਾ: ੬।

ਸੂਚਨਾ-ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

### ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ-ਭਾਈ ਗੁਰਨਾਮ ਸਿੰਘ ਜੀ 10-Lambourne Gardens, Early Reading, Berks U.K.Tel 0734-616902
੨. ਅਮਰੀਕਾ-ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫ਼ੋਨ: ੧੮੦੦੭੨੨੬੨੧੨
੩. ਕਨੇਡਾ-ਭਾਈ ਰਿਪੁਦਮਨ ਸਿੰਘ ਜੀ ਮਲਿਕ ਫ਼ੋਨ: ੧੮੦੦੬੬੩੦੩੩੪
੪. ਆਸਟ੍ਰੇਲਿਆ- ਭਾਈ ਪਰਸ਼ੋਤਮ ਸਿੰਘ ਜੀ ਫ਼ੋਨ: ੦੬੧੯੬੩੪੮੪੧
੫. ਨੀਊਜ਼ੀਲੈਂਡ-ਭਾਈ ਪਿਆਰਾ ਸਿੰਘ ਜੀ ਫ਼ੋਨ: ੦੬੪੯੨੭੬੪੩੨੨

---

## ਗੁਰਮਤਿ ਪ੍ਰਚਾਰ ਲਈ 'ਸੂਰਾ' ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕਿਰਪਾ ਕਰੋ ਜੀ।


ਡਿਜ਼ਾਈਨ ਕਰਾਫ਼ਟ ਗਿਲ ਰੋਡ ਲੁਧਿਆਣਾ-ਫ਼ੋਨ:-੫੩੩੦੯੮ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ,ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ ੧੨-ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੇ ਪ੍ਰਕਾਸ਼ਤ ਕੀਤਾ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ

ਮਾ ਸਿ ਕ ਪੱ ਤ ਰ

# ਸੂਰਾ

ਲੁਧਿਆਣਾ


**ਸਾਲਾਨਾ ਚੰਦਾ**

| | |
|---|---|
| ਦੇਸ਼ | ੩੦.੦੦ |
| ਇੱਕ ਪਰਚਾ | ੩.੦੦ |
| **(ਪਰਦੇਸ ਸਾਰੇ) ਸਾਲਾਨਾ ਚੰਦਾ** | |
| ਸਮੁੰਦਰੀ ਡਾਕ | ੧੦੦.੦੦ |
| ਹਵਾਈ ਡਾਕ | ੩੦੦.੦੦ |
| FOREIGN SUBSCRIPTON | |
| Sea Mail | 100.00 |
| Air Mail | 300.00 |
| **ਅਮਾਨਤੀ ਲਾਈਫ ਮੈਂਬਰ** | |
| ਦੇਸ | ੩੦੦.੦੦ |
| **ਪਰਦੇਸ** | |
| ਸਮੁੰਦਰੀ ਡਾਕ | ੧,੦੦੦.੦੦ |
| ਹਵਾਈ ਡਾਕ | ੩,੦੦੦.੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਮਾਰਚ ੧੯੯੫ ਅੰਕ ੩


## ਜਿਨਿ ਜਿਨਿ ਨਾਮੁ ਧਿਆਇਆ, ਤਿਨ ਕੇ ਕਾਜ ਸਰੇ

ਜਿਨਿ ਜਿਨਿ ਨਾਮੁ ਧਿਆਇਆ, ਤਿਨ ਕੇ ਕਾਜ ਸਰੇ ॥
ਹਰਿ ਗੁਰੁ ਪੂਰਾ ਆਰਾਧਿਆ, ਦਰਗਹ ਸਚਿ ਖਰੇ ॥
ਸਰਬ ਸੁਖਾ ਨਿਧਿ ਚਰਣ ਹਰਿ, ਭਉਜਲੁ ਬਿਖਮੁ ਤਰੇ ॥
ਪ੍ਰੇਮ ਭਗਤਿ ਤਿਨ ਪਾਈਆ, ਬਿਖਿਆ ਨਾਹਿ ਜਰੇ ॥
ਕੂੜ ਗਏ, ਦੁਬਿਧਾ ਨਸੀ, ਪੂਰਨ ਸਚਿ ਭਰੇ ॥
ਪਾਰਬ੍ਰਹਮ ਪ੍ਰਭੁ ਸੇਵਦੇ, ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ, ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ, ਕਿਰਪਾ ਕਰਹੁ ਹਰੇ ॥੧੪॥੧॥

(ਬਾਰਹਮਾਹਾ ਮਾਝ ਮ: ੫, ਪੰਨਾ ੧੩੬)

**ਪਦ ਅਰਥ :** ਸਰੇ- ਸਰ (ਫਤਹ) ਹੋ ਜਾਂਦੇ ਹਨ, ਨੇਪਰੇ ਚੜ੍ਹ ਜਾਂਦੇ ਹਨ। ਖਰੇ-ਸੁਰਖਰੂ। ਨਿਧਿ-ਖਜ਼ਾਨਾ। ਭਉਜਲੁ-ਸੰਸਾਰ ਸਮੁੰਦਰ। ਬਿਖਮੁ-ਔਖਾ। ਬਿਖਿਆ-ਮਾਇਆ ਰੂਪੀ ਜ਼ਹਿਰ। ਜਰੇ-ਸੜਦੇ। ਦੁਬਿਧਾ-ਦੁਚਿੱਤੀ, ਮਨ ਦੀ ਭਟਕਣਾ। ਸਚਿ-ਸੱਚੇ ਪ੍ਰਭੂ ਵਿੱਚ। ਭਰੇ-ਟਿਕੇ ਰਹਿੰਦੇ ਹਨ। ਧਰੇ-ਧਰ ਕੇ। ਮਾਹ-ਮਹੀਨੇ। ਦਿਵਸ-ਦਿਨ। ਮੂਰਤ-ਮਹੂਰਤ। ਭਲੇ-ਚੰਗੇ। ਹਰੀ-ਪ੍ਰਭੂ




www.AKJ.Org

# ਅਰਥ ਵਿਆਖਿਆ

**ਅਰਥ-** ਜਿਨ ਜਿਨ ਵੀ ਪ੍ਰਭੂ ਦਾ ਨਾਮ ਧਿਆਇਆ (ਜਪਿਆ) ਹੈ, ਉਨ੍ਹਾਂ ਦੇ ਸਾਰੇ ਕਾਰਜ ਸਿੱਧ (ਸਫਲ) ਹੋ ਜਾਂਦੇ ਹਨ, ਜਿਨ੍ਹਾਂ ਨੇ ਹਰੀ ਪ੍ਰਭੂ, ਪੂਰੇ ਗੁਰੂ ਦੀ ਆਰਾਧਨਾ ਕੀਤੀ ਹੈ ਉਹ ਪ੍ਰਭੂ ਦੀ ਦਰਗਾਹ ਵਿੱਚ ਸੁਰਖਰੂ (ਲਾਲ ਚਿਹਰੇ) ਹੁੰਦੇ ਹਨ। ਪ੍ਰਭੂ ਦੇ ਚਰਨ ਹੀ ਸਾਰੇ ਸੁੱਖਾਂ ਦਾ ਖਜਾਨਾ ਹਨ। ਜਿਹੜੇ ਮਨੁੱਖ ਚਰਨੀਂ ਲੱਗਦੇ ਹਨ ਉਹ ਔਖੇ ਸੰਸਾਰ-ਸਮੁੰਦਰ ਵਿਚੋਂ ਸਹੀ-ਸਲਾਮਤ ਪਾਰ ਲੰਘ ਜਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਦੀ ਪ੍ਰੇਮਾ-ਭਗਤੀ ਪ੍ਰਾਪਤ ਹੁੰਦੀ ਹੈ, ਮਾਇਆ ਦੀ ਤ੍ਰਿਸ਼ਨਾ ਵਿੱਚ ਨਹੀਂ ਸੜਦੇ। ਉਨ੍ਹਾਂ ਦੇ ਕੂੜੇ (ਝੂਠੇ) ਲਾਲਚ ਖਤਮ ਹੋ ਜਾਂਦੇ ਹਨ, ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਅਤੇ ਪੂਰਨ ਤੌਰ ਤੇ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿੱਚ ਟਿਕੇ ਰਹਿੰਦੇ ਹਨ। ਉਹ ਆਪਣੇ ਮਨ ਵਿੱਚ ਇਕ ਅਕਾਲ ਪੁਰਖ (੧ਓ) ਨੂੰ ਵਸਾ ਕੇ ਸਦਾ ਹੀ ਉਸ ਨੂੰ ਸਿਮਰਦੇ ਹਨ।

ਜਿਨ੍ਹਾਂ ਉੱਤੇ ਪ੍ਰਭੂ ਮਿਹਰ ਦੀ ਨਜ਼ਰ (ਨਦਰਿ) ਕਰਦਾ ਹੈ ਉਨ੍ਹਾਂ ਵਾਸਤੇ ਸਾਰੇ ਮਹੀਨੇ, ਸਾਰੇ ਦਿਨ, ਸਾਰੇ ਮਹੂਰਤ ਚੰਗੇ (ਸੁਲੱਖਣੇ) ਹਨ। ਨਾਨਕ ਮੋਹਰ ਛਾਪ ਥੱਲੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਹੇ ਹਰੀ ਮੇਰੇ ਤੇ ਕਿਰਪਾ ਕਰ, ਮੈਂ ਤੇਰੇ ਦਰ ਤੋਂ ਤੇਰੇ ਦਰਸ਼ਨਾਂ ਦੀ ਦਾਤ ਮੰਗਦਾ ਹਾਂ।

**ਵਿਆਖਿਆ-** ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

**"ਜਿਨਿ ਜਿਨਿ ਨਾਮੁ ਧਿਆਇਆ, ਤਿਨ ਕੇ ਕਾਜ ਸਰੇ ॥**
**ਹਰਿ ਗੁਰੁ ਪੂਰਾ ਆਰਾਧਿਆ, ਦਰਗਹ ਸਚਿ ਖਰੇ ॥"**

ਹਾਂ ਜੀ! ਨਾਮ ਜਪਣ ਦਾ ਬਹੁਤ ਫਲ ਹੈ; "ਤਿਨ ਕੇ ਕਾਜ ਸਰੇ"

ਉਨ੍ਹਾਂ ਦੇ ਸਾਰੇ ਕੰਮ ਨੇਪਰੇ ਚੜ੍ਹ ਜਾਂਦੇ ਹਨ, "ਦਰਗਹ ਸਚਿ ਖਰੇ", ਉਹ ਪ੍ਰਭੂ ਦੀ ਹਜ਼ੂਰੀ ਵਿੱਚ ਮੁੱਖ ਉੱਜਲ ਲੈ ਕੇ ਜਾਂਦੇ ਹਨ, ਕਾਲੇ ਮੂੰਹ ਨਹੀਂ।

ਗੁਰੂ ਸਾਹਿਬ ਕਹਿੰਦੇ ਹਨ ਕਿ-

**ਨਾਮੁ ਲੈਤ ਦੁਖੁ ਦੂਰਿ ਪਰਾਨਾ ॥**
**ਨਾਮੁ ਲੈਤ ਅਤਿ ਮੂੜ ਸੁਗਿਆਨਾ ॥**
**ਨਾਮੁ ਲੈਤ ਪਰਗਟਿ ਉਜੀਆਰਾ ॥**
**ਨਾਮੁ ਲੈਤ ਛੁਟੇ ਜੰਜਾਰਾ ॥੨॥**
**ਨਾਮੁ ਲੈਤ ਜਮੁ ਨੇੜਿ ਨ ਆਵੈ ॥**
**ਨਾਮੁ ਲੈਤ ਦਰਗਹ ਸੁਖ ਪਾਵੈ ॥**
**ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥**
**ਨਾਮੁ ਹਮਾਰੀ ਸਾਚੀ ਰਾਸਿ ॥੩॥**

(ਭੈਰਉ ਮ: ੫, ਪੰਨਾ ੧੧੪੨)

ਪ੍ਰਭੂ ਦਾ ਨਾਮ ਜਪਣ ਨਾਲ ਹਰੇਕ ਦੁੱਖ ਦੂਰ ਹੋ ਜਾਂਦਾ ਹੈ, ਨਾਮ ਜਪਣ ਨਾਲ ਅੱਤ ਦਰਜੇ ਦਾ ਮੂਰਖ ਵੀ ਆਤਮਕ ਜੀਵਨ ਦੀ ਸੋਹਣੀ ਸੂਝ ਵਾਲਾ ਹੋ ਜਾਂਦਾ ਹੈ। ਪ੍ਰਭੂ ਦਾ ਨਾਮ ਜਪਣ ਨਾਲ ਹਿਰਦੇ ਵਿੱਚ ਪ੍ਰਕਾਸ਼ ਹੋ ਜਾਂਦਾ ਹੈ, ਨਾਮ ਜਪਣ ਨਾਲ ਮਾਇਆ ਦੇ ਜੰਜਾਲ ਖਤਮ ਹੋ ਜਾਂਦੇ ਹਨ।

ਪ੍ਰਭੂ ਦਾ ਨਾਮ ਜਪਣ ਨਾਲ ਜਮ ਨੇੜੇ ਨਹੀਂ ਆਉਂਦਾ, ਮਨੁੱਖ ਪ੍ਰਭੂ ਦੀ ਦਰਗਾਹ (ਹਜ਼ੂਰੀ) ਵਿੱਚ ਸੁਖ ਮਾਣਦਾ ਹੈ, ਨਾਮ ਸਿਮਰਦਿਆਂ ਪ੍ਰਭੂ ਕੋਲੋਂ ਭੀ ਸ਼ਾਬਾਸ਼ ਮਿਲਦੀ ਹੈ ਭਾਵ ਪ੍ਰਭੂ ਵੀ ਆਦਰ ਮਾਣ ਦਿੰਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪ੍ਰਭੂ ਦਾ ਨਾਮ ਹੀ ਸਾਡੇ ਵਾਸਤੇ ਸਦਾ ਕਾਇਮ ਰਹਿਣ ਵਾਲਾ ਸਰਮਾਇਆ ਹੈ।

ਪੰਚਮ ਪਾਤਸ਼ਾਹ ਇਉਂ ਵੀ ਕਹਿੰਦੇ ਹਨ-

**"ਨਾਮ ਲੈਤ ਕਿਛੁ ਬਿਘਨੁ ਨ ਲਾਗੈ ॥**
**ਨਾਮੁ ਸੁਣਤ ਜਮੁ ਦੂਰਹੁ ਭਾਗੈ ॥**
**ਨਾਮ ਲੈਤ ਸਭ ਦੂਖਹ ਨਾਸੁ ॥**
**ਨਾਮੁ ਜਪਤ ਹਰਿ ਚਰਣ ਨਿਵਾਸੁ ॥੧॥"**

(ਪੰਨਾ ੧੧੫੦)

ਪ੍ਰਭੂ ਦਾ ਨਾਮ ਜਪਦਿਆਂ ਜੀਵਨ ਦੇ ਸਫਰ ਵਿੱਚ ਕੋਈ ਰੁਕਾਵਟ (ਅੜਿੱਕਾ) ਨਹੀਂ ਪੈਂਦੀ, ਗੁਰਮੁਖ ਜਨਾਂ ਨੂੰ ਨਾਮ ਜਪਦੇ ਸੁਣ ਕੇ ਜਮ ਦੂਰੋਂ ਹੀ ਭੱਜ ਜਾਂਦਾ ਹੈ, ਭਾਵ ਉਨ੍ਹਾਂ ਦੇ ਰਸਤੇ ਤੋਂ ਪਰੇ ਹਟ ਜਾਂਦਾ ਹੈ। ਪ੍ਰਭੂ ਦਾ ਨਾਮ ਜਪਣ ਨਾਲ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਪ੍ਰਭੂ ਦੇ ਚਰਨਾਂ ਵਿੱਚ ਨਿਵਾਸ ਮਿਲ ਜਾਂਦਾ ਹੈ ਭਾਵ ਪ੍ਰਭੂ ਨਾਲ ਲਿਵ ਜੁੜੀ ਰਹਿੰਦੀ ਹੈ।

ਹਾਂ ਜੀ: **"ਐਸੋ ਸਹਾਈ ਹਰਿ ਕੋ ਨਾਮ ॥"** (ਪੰਨਾ੯੮੬)

ਜੇ ਪ੍ਰਭੂ ਦਾ ਨਾਮ ਅਜੇਹਾ ਮਦਦਗਾਰ ਹੈ ਤਾਂ ਦੁਚਿੱਤੀ (ਦੁਬਿਧਾ) ਕਿਸ ਗੱਲ ਦੀ? ਕੀ ਨਾਮ ਜਪਣ ਵਾਸਤੇ ਸਾਨੂੰ ਮਹੂਰਤ ਕਢਵਾਉਣਾ ਪਵੇਗਾ? ਟੇਵੇ ਲਗਵਾਉਣੇ ਪੈਣਗੇ? ਚੰਗੇ ਮਾੜੇ ਦਿਨ ਦੀ ਵਿਚਾਰ ਕਰਨੀ ਪਵੇਗੀ? ਨਹੀਂ ਨਹੀਂ! ਸਤਿਗੁਰੂ ਜੀ ਇਉਂ ਕਹਿੰਦੇ ਹਨ-

**"ਹਰਿ ਸਿਮਰਨ ਕੀ ਸਗਲੀ ਬੇਲਾ ॥"** (ਪੰਨਾ ੧੧੫੦)

ਜੇ ਸਿਮਰਨ ਵਾਸਤੇ ਹਰੇਕ ਸਮਾਂ ਢੁਕਵਾਂ ਹੈ ਤਾਂ ਸੰਗ੍ਰਾਂਦ, ਪੂਰਨਮਾਸ਼ੀ ਦੇ ਚੱਕਰ ਕਿਉਂ? ਗੁਰੂ ਸਾਹਿਬ ਤਾਂ ਕਹਿੰਦੇ ਹਨ-

**"ਮਾਹ, ਦਿਵਸ, ਮੂਰਤ ਭਲੇ, ਜਿਸ ਕਉ ਨਦਰਿ ਕਰੇ"**

ਭਾਵ ਜਿਨ੍ਹਾਂ ਤੇ ਪ੍ਰਭੂ ਮਿਹਰ ਕਰਦਾ ਹੈ ਉਨ੍ਹਾਂ ਵਾਸਤੇ ਸਾਰੇ ਮਹੀਨੇ, ਸਾਰੇ ਦਿਨ, ਸਾਰੇ ਮਹੂਰਤ ਚੰਗੇ ਹਨ, ਕੋਈ ਵੀ ਦਿਨ ਮਾੜਾ ਨਹੀਂ।

**ਦਿਨੁ ਰੈਣਿ ਸਭ ਸੁਹਾਵਣੇ ਪਿਆਰੇ,**
**ਜਿਤੁ ਜਪੀਐ ਹਰਿ ਨਾਉ ॥** (ਆਸਾ ਮ: ੫, ਪੰਨਾ ੪੩੨)



www.AKJ.Org

ਸਾਰੇ ਦਿਨ ਰਾਤ ਸੁਹਾਵਣੇ ਹਨ ਜਦੋਂ ਅਸੀਂ ਨਾਮ ਜਪਦੇ ਹਾਂ ਤਾਂ ਤੇ ਨਾਮ ਜਪਣ ਵਿੱਚ ਸਾਨੂੰ ਢਿੱਲ ਨਹੀਂ ਕਰਨੀ ਚਾਹੀਦੀ ਕੀ ਪਤਾ ਅਗਲਾ ਸਾਹ ਆਵੇ ਕਿ ਨਾ ਆਵੇ -

**ਹਰ ਜਪਦਿਆ ਢਿਲ ਨ ਕੀਜਈ ਮੇਰੀ ਜਿੰਦੁੜੀਏ,**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥**
**ਸਾ ਵੇਲਾ, ਸੋ ਮੂਰਤੁ, ਸਾ ਘੜੀ,**
**ਸੋ ਮੁਹਤੁ ਸਫਲੁ ਹੈਮੇਰੀ ਜਿੰਦੁੜੀਏ,**
**ਜਿਤੁ ਹਰਿ ਮੇਰਾ ਚਿਤਿ ਆਵੈ ਰਾਮ॥**

(ਬਿਹਾਗੜਾ ਮ: ੪. ਪੰਨਾ ੫੪੦)

ਸ੍ਰੀ ਗੁਰੂ ਰਾਮ ਦਾਸ ਜੀ ਕਹਿੰਦੇ ਹਨ ਕਿ ਹੇ ਮੇਰੀ ਸੋਹਣੀ ਜਿੰਦੇ! ਉਹ ਵੇਲਾ ਭਾਗਾਂ ਵਾਲਾ ਹੈ, ਉਹ ਘੜੀ ਭਾਗਾਂ ਵਾਲੀ ਹੈ, ਉਹ ਸਮਾਂ ਭਾਗਾਂ ਵਾਲਾ ਹੈ, ਜਿਸ ਵੇਲੇ ਪਿਆਰਾ ਪ੍ਰਭੂ ਚਿੱਤ ਵਿੱਚ ਆ ਵਸਦਾ ਹੈ।

ਜੇ ਇਉਂ ਹੈ ਤਾਂ ਦੇਸੀ ਮਹੀਨੇ ਦੇ ਪਹਿਲੇ ਦਿਨ ਭਾਵ ਸੰਗ੍ਰਾਂਦ ਨੂੰ ਅਸੀਂ ਏਨੀ ਮਹੱਤਤਾ ਕਿਰਉਂ ਦਿੰਦੇ ਹਾਂ? ਕੀ ਮਹੀਨੇ ਦੇ ਬਾਕੀ ਦਿਨ, ਪਹਿਲੀ ਤ੍ਰੀਕ (ਸੰਗ੍ਰਾਂਦ) ਦੇ ਮੁਕਾਬਲੇ ਮਾੜੇ ਹਨ? ਸ਼ਾਇਦ ਇਸੇ ਕਰ ਕੇ ਹੀ ਸੰਗ੍ਰਾਂਦ ਵਾਲੇ ਦਿਨ ਅਸੀਂ ਗੁਰਦੁਆਰੇ ਹੁੰਮ ਹੁਮਾ ਕੇ ਜਾਂਦੇ ਹਾਂ ਅਤੇ ਬਾਕੀ ਦਿਨਾਂ ਵਿੱਚ ਜੇ ਦਿਲ ਕੀਤਾ ਤਾਂ ਚਲੇ ਗਏ ਨਹੀਂ ਤਾਂ ਨਾਂ ਸਈ। ਕੀ ਇਹ ਸਾਡੀ ਅਗਿਆਨਤਾ ਨਹੀਂ?

ਜਿਹੜੇ ਮਨੁੱਖ ਥਿਤ ਵਾਰ ਨੂੰ ਮੁੱਖ ਰੱਖ ਕੇ ਪ੍ਰਭੂ ਦੀ ਆਰਾਧਨਾ ਕਰਦੇ ਹਨ, ਉਨ੍ਹਾਂ ਨੂੰ ਸਤਿਗੁਰੂ ਅਮਰਦਾਸ ਜੀ ਦੇ ਹੇਠਲੇ ਬਚਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ-

**ਸਤਿਗੁਰ ਬਾਝਹੁ ਅੰਧੁ ਗੁਬਾਰੁ॥**
**ਥਿਤੀ ਵਾਰ ਸੇਵਹਿ ਮੁਗਧ ਗਵਾਰ॥**

(ਬਿਲਾਵਲੁ ਮ. ੩. ਪੰਨਾ ੮੪੩)

ਜਿਹੜੇ ਮਨੁੱਖ ਸਤਿਗੁਰੂ ਦੀ ਸ਼ਰਨ ਨਹੀਂ ਆਏ, ਜਿਨ੍ਹਾਂ ਨੇ ਹਾਲੇ ਤੀਕ ਅੰਮ੍ਰਿਤ ਨਹੀਂ ਛਕਿਆ, ਨਿਗੁਰੇ ਹੀ ਫਿਰ ਰਹੇ ਹਨ, ਉਹ ਹਨ੍ਹੇਰੇ ਵਿੱਚ ਹਨ। ਪੂਰੇ ਗੁਰੂ ਦਾ ਆਸਰਾ-ਪਰਨਾ ਛੱਡ ਕੇ ਮੂਰਖ ਮਨੁੱਖ ਹੀ ਥਿੱਤਾਂ ਤੇ ਵਾਰ (ਚੰਗੇ ਮਾੜੇ ਦਿਨ) ਮਨਾਉਂਦੇ ਫਿਰਦੇ ਹਨ।

ਸੰਸਾਰ-ਸਮੁੰਦਰ ਵਿਚੋਂ ਪਾਰ-ਉਤਾਰੇ ਦਾ ਸੌਖਾ ਤੇ ਸਿੱਧਾ ਰਸਤਾ ਇਹੋ ਹੀ ਹੈ ਕਿ ਅੰਮ੍ਰਿਤ ਛਕ ਕੇ ਨਾਮ ਜਪਣ ਦੀ "ਸੱਚੀ ਕਾਰ" ਵਿੱਚ ਜੁਟਿਆ ਜਾਏ ਅਤੇ ਸਤਿਗੁਰੂ ਦੇ ਹੇਠਲੇ ਬਚਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਠਦਿਆਂ, ਬਹਿੰਦਿਆ, ਸੌਂਦਿਆ ਜਾਗਦਿਆਂ ਭਾਵ ਹਰ ਵੇਲੇ ਨਾਮ ਜਪਿਆ ਜਾਏ-

**ਊਠਤ ਬੈਠਤ ਸੋਵਤ ਧਿਆਈਐ॥**
**ਮਾਰਗਿ ਚਲਤ ਹਰੇ ਹਰਿ ਗਾਈਐ॥੧॥** (ਪੰਨਾ ੩੮੬)

ਸਾਨੂੰ ਚੰਗੇ ਮਾੜੇ ਦਿਨਾਂ ਦੇ ਚੱਕਰਾਂ ਵਿੱਚ ਨਹੀਂ ਪੈਣਾਚਾਹੀਦਾ। ਜੇ ਜੰਮਣ ਮਰਨ ਦਾ ਕੋਈ ਦਿਨ ਨਹੀਂ ਮਿਥਿਆ ਹੋਇਆ ਤਾਂ ਪ੍ਰਭੂ ਦੀ ਆਰਾਧਨਾ ਵਾਸਤੇ ਸੰਗ੍ਰਾਂਦ ਤੇ ਪੂਰਨਮਾਸ਼ੀ ਦੇ ਭਰਮ ਜਾਲ ਵਿੱਚ ਕਿਉਂ ਫਸੀਏ? ਪੰਚਮ ਪਾਤਸ਼ਾਹ ਜੀ ਕਹਿੰਦੇ ਹਨ-

**ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ,**
**ਸਰਬ ਵੇਲਾ ਮੁਖਿ ਪਾਵਹੁ॥**
**ਜਰਾ ਮਰਾ ਤਾਪੁ ਸਭ ਨਾਠਾ,**
**ਗੁਣ ਗੋਬਿੰਦ ਨਿਤ ਗਾਵਹੁ॥**

(ਸੋਰਠਿ ਮ: ੫. ਪੰਨਾ ੬੧੧)

ਭਾਵ ਆਤਮਕ ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ ਸਾਨੂੰ ਹਰ ਵੇਲੇ ਆਪਣੇ ਮੂੰਹ ਵਿੱਚ ਪਾਉਂਦੇ (ਜਪਦੇ) ਰਹਿਣਾ ਚਾਹੀਦਾ ਹੈ। ਸਦਾ ਗੋਬਿੰਦ ਦੇ ਗੁਣ ਗਾਉਣ ਸਦਕਾ ਨਾ ਤੇ ਬੁਢੇਪਾ ਆਵੇਗਾ, ਨਾ ਆਤਮਕ ਜੀਵਨ ਨੂੰ ਮੌਤ ਆਵੇਗੀ, ਸਾਰੇ ਦੁੱਖ ਕਲੇਸ਼ ਦੂਰ ਹੋ ਜਾਣਗੇ।

ਹਰ ਮਨੁੱਖ ਇਹੋ ਕੁਝ ਚਾਹੁੰਦਾ ਹੈ। ਇਹ ਸਾਰੇ ਸੁਖ ਮਨ ਵਿੱਚ ਇੱਕ ਅਕਾਲ ਪੁਰਖ ਨੂੰ ਵਸਾਉਣ ਨਾਲ ਹੀ ਮਿਲਣੇ ਹਨ, ਤਾਹੀਓਂ ਕੂੜ ਕੁਸੱਤ ਦਾ ਚੱਕਰ ਖਤਮ ਹੋਵੇਗਾ ਅਤੇ ਦੁਬਿਧਾ (ਦੁਚਿੱਤੀ) ਦੂਰ ਹੋਵੇਗੀ, ਮਹੀਨੇ , ਦਿਨ ਤੇ ਮਹੂਰਤ ਵੀ ਤਾਂ ਹੀ ਸੁਹਾਵਣੇ ਹੋਣਗੇ ਜੇ ਸਾਡੇ ਤੇ ਪ੍ਰਭੂ ਦੀ ਮਿਹਰ ਦੀ ਨਜ਼ਰ ਹੋਵੇਗੀ। ਮਿਹਰ ਦੀ ਨਜ਼ਰ ਹੋਵੇਗੀ ਪ੍ਰੇਮਾ ਭਗਤੀ ਸਦਕਾ, ਉਸ ਦੀ ਭੈ ਭਾਵਨੀ ਵਿੱਚ ਰਹਿ ਕੇ ਆਰਾਧਨਾ ਕੀਤਿਆਂ, ਨਾਮ ਜਪਿਆਂ। ਨਾਮ ਜਪਦਿਆਂ ਜਪਦਿਆਂ ਜਦੋਂ ਸਾਡੀ ਆਤਮਾ ਤੇ ਪਰਮਾਤਮਾ ਵਿੱਚ ਪਿਆ ਹਉਮੈ ਦਾ ਪਰਦਾ ਦੂਰ ਹੋ ਗਿਆ ਤਾਂ ਦਰਸ ਮਿਲਾਪ ਹੋ ਜਾਵੇਗਾ, ਬੂਹੇ ਅੱਗੇ ਤਾਣੀ ਚਿੱਕ (ਪਰਦਾ) ਦੇ ਵੱਖ ਕੀਤੇ ਜਾਣ ਨਾਲ ਕਮਰੇ ਅੰਦਰ ਸੂਰਜ ਦੀ ਰੋਸ਼ਨੀ ਆ ਜਾਵੇਗੀ, ਪ੍ਰਕਾਸ਼ ਹੋ ਜਾਵੇਗਾ।

ਪੰਚਮ ਪਾਤਸ਼ਾਹ ਵੀ ਇਸ ਸ਼ਬਦ ਵਿੱਚ ਦਰਸਨਾ ਦੀ ਦਾਤ ਹੀ ਪ੍ਰਭੂ ਕੋਲੋਂ ਮੰਗਦੇ ਹਨ। ਆਓ! ਅਸੀਂ ਵੀ ਇਹੋ ਹੀ ਮੰਗ ਮੰਗੀਏ ਜੋ ਸਾਡੇ ਤੇ ਵੀ ਪ੍ਰਭੂ ਦੀ ਕਿਰਪਾ ਹੋ ਜਾਏ-

**ਤਉ ਦਰਸਨ ਕੀ ਕਰਉ ਸਮਾਇ॥**
**ਮੈ ਦਰਿ ਮਾਗਤੁ ਭੀਖਿਆ ਪਾਇ॥੧॥ ਰਹਾਉ॥**

(ਤਿਲੰਗ ਮ: ੧.ਪੰਨਾ ੭੨੧)

**ਗੁਰਬਾਣੀ ਦੇ ਸਤਿਕਾਰ ਲਈ ਪੁਰਾਣੇ "ਸੂਰਾ" ਪੱਤਰ ਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ; ਸਗੋਂ ਹੋਰ ਸੱਜਣਾਂ ਮਿਤਰਾਂ ਨੂੰ ਪੜ੍ਹਣ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਉ ਜੀ।**



www.AKJ.Org

# ਆਨਮਤੀ ਕਰਮ ਤੇ ਤੀਰਥ

(ਸੱਚ ਖੰਡ ਵਾਸੀ ਭਾਈ ਰਣਧੀਰ ਸਿੰਘ ਜੀ)

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥
ਮੁੰਧੇ ਗੁਣ ਦਾਸੀ ਸੁਖੁ ਹੋਇ ॥
ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥
॥੧॥ ਰਹਾਉ ॥...੮॥੬॥ (ਸਿਰੀਰਾਗੁ ਮ: ੧, ਪੰਨਾ ੫੬)

ਏਸ ਗੁਰਵਾਕ ਦੁਆਰਾ ਗੁਰੂ ਸਾਹਿਬ ਇਹ ਦ੍ਰਿੜਾਉਂਦੇ ਹਨ ਕਿ ਜਪ ਤਪ ਸੰਜਮ ਆਦਿਕ ਆਨਮਤੀ ਕਰਮ ਭਾਵੇਂ ਕਿਤਨਾ ਹੀ ਸੋਧੇ ਕਮਾਏ ਜਾਣ ਤੇ ਆਨਮਤੀ ਤੀਰਥਾਂ ਉਤੇ ਭਾਵੇਂ ਕਿਤਨਾ ਹੀ ਢੇਰ-ਚਿਰੇ (ਸਾਰੀ ਉਮਰ) ਹੀ ਵਾਸਾ ਕੀਤਾ ਜਾਵੇ, ਕਿਸੇ ਭੀ ਲੇਖੇ ਨਹੀਂ ਹੈ। ਆਨਮਤਾਂ ਦੀਆਂ ਦੱਸੀਆਂ ਹੋਈਆਂ ਪੁੰਨ ਦਾਨ ਚੰਗਿਆਈਆਂ ਭਾਵੇਂ ਕਿਤਨੀਆਂ ਹੀ ਕੀਤੀਆਂ ਜਾਣ, ਲੋਕਾ-ਚਾਰਕ ਚੰਗਿਆਈਆਂ ਹੀ ਹਨ। ਗੁਰਮਤਿ ਅਨੁਸਾਰ ਏਹਨਾਂ ਆਨਮਤ ਲੋਕਾਚਾਰਕ ਵੇਦਾਚਾਰਕ ਕਰਮਾਂ ਦਾ ਕੱਖ ਭੀ ਸੁਬੇਹਤਾ ਨਹੀਂ। ਬਿਨਾਂ ਸੱਚੇ ਵਾਹਿਗੁਰੂ ਅਤੇ ਵਾਹਿਗੁਰੂ ਸੱਚੇ ਨਾਮ ਤੋਂ ਇਹ ਬਾਦ ਬੇਕਾਰੀ ਕਰਮ ਹੀ ਹਨ। ਆਨਮਤ ਅਨੁਸਾਰ ਜਿਤਨੇ ਭੀ ਪਾਖੰਡ ਕਰਮ ਹਨ, ਉਹਨਾਂ ਦਾ ਨਾਉਂ ਐਵੇਂ ਹੀ ਜਪ ਤਪ ਸੰਜਮ ਆਦਿਕ ਕਰਮ ਆਨਮਤੀਆਂ ਨੇ ਆਪਣੇ ਦਿਲ-ਪਰਚਾਵੇ ਲਈ ਰੱਖ ਲਇਆ ਹੋਇਆ ਹੈ। ਵਾਸਤਵ ਵਿਚ ਤਿਨ੍ਹਾਂ ਪਾਖੰਡ-ਕਰਮਾਂ ਅੰਦਰਿ ਸੱਚੇ ਜਪ, ਸੱਚੇ ਤਪ, ਸੱਚੇ ਸੰਜਮ ਦੀ ਬੂ ਮਾਤਰ ਭੀ ਨਹੀਂ। ਗੁਰਬਾਣੀ ਅੰਦਰ ਜਿਥੇ ਭੀ ਜਪ ਤਪ ਆਦਿ ਦਾ ਖੰਡਨ ਕੀਤਾ ਹੈ, ਓਹ ਸਭ ਆਨਮਤ ਜਪ ਤਪ ਕਰਮ ਦਾ ਹੀ ਹੈ। ਗੁਰਮਤਿ ਅਨੁਸਾਰ ਕੀਤਾ ਹੋਇਆ ਜਪੁ ਤਪੁ ਕਰਮ ਕੇਵਲ ਨਾਮ ਦੀ ਸਾਧਨਾ, ਨਾਮ ਅਭਿਆਸ ਕਮਾਈ ਹੀ ਹੈ, ਜੋ ਸਦਾ ਸ਼੍ਰੇਸ਼ਟ ਅਤੇ ਸਾਰ ਕਰਮ ਹੀ ਗੁਰਮਤਿ ਅੰਦਰ ਗਰਦਾਨਿਆ ਜਾਂਦਾ ਹੈ। ਏਸੇ ਪ੍ਰਕਾਰ ਆਨਮਤ ਦੇ ਤੀਰਥਾਂ ਉਤੇ ਵਾਸਾ ਕਰਨਾ ਭੀ ਨਿਰਾ ਨਿਰਾਰਥਕ ਕਰਮ ਹੀ ਹੈ, ਕਿਉਂ ਕਿ ਆਨਮਤ ਤੀਰਥਾਂ ਉਤੇ ਕੇਵਲ ਪਾਖੰਡ-ਕਿਰਿਆ ਦਾ ਵਿਥਾਰ ਹੀ ਵਿਥਾਰਿਆ ਹੋਇਆ ਹੁੰਦਾ ਹੈ, ਸੱਚੇ ਅੰਮ੍ਰਿਤ ਰੂਪੀ ਨਾਮ ਦੇ ਸੰਚਾਰ ਦਾ ਤਿਨ੍ਹਾਂ ਆਨਮਤੀ ਤੀਰਥ-ਅਸਥਾਨਾਂ ਉਤੇ ਰੰਚਿਕ ਮਾਤਰ ਭੀ ਮੁਸ਼ਕ ਨਹੀਂ ਹੁੰਦਾ।

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥੧॥
(ਧਨਾਸਰੀ ਮ: ੧ ਛੰਤੁ, ਪੰਨਾ ੬੮੭)

ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਨਾਮ ਰੂਪੀ ਵਰਤਾਰਾ, ਸੰਚਾਰਾ ਜਿਥੇ ਵਰਤਦਾ ਹੈ, ਉਹੀ ਸੱਚਾ ਅੰਮ੍ਰਿਤ ਮਈ ਤੀਰਥ ਹੈ। ਗੁਰਮਤਿ ਨਾਮ ਅੰਮ੍ਰਿਤ ਸਰੂਪ ਹੈ। ਤਾਹੀਂ ਤੇ ਅੰਮ੍ਰਿਤ ਬਾਣੀ ਅਤੇ ਅੰਮ੍ਰਿਤ ਨਾਮ ਦੇ ਸੰਚਣ ਦੀ ਬੁਹਾਰ ਸਗੁਫਤਾਰ ਹੋਣ ਕਰਕੇ ਸ੍ਰੀ ਅੰਮ੍ਰਿਤ ਸਰੋਵਰ ਸੱਚਾ ਅੰਮ੍ਰਿਤਸਰ ਤੀਰਥ, ਭਾਵ, ਅੰਮ੍ਰਿਤ ਮਈ ਤੀਰਥ ਹੈ। ਤਾਂ ਤੇ ਆਨਮਤੀ ਤੀਰਥਾਂ ਨਾਲੋਂ ਇਸ ਗੁਰਮਤਿ ਤੀਰਥ ਦੀ ਮਹਾਨ ਵਿੱਲਖਣਤਾ ਹੈ। ਗੁਰਮਤਿ ਤੀਰਥ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨਾ ਪੂਰਨ ਤੱਤ ਗੁਰਮਤਿ ਅਨੁਸਾਰ ਹੈ, ਜਿੱਥੇ ਜਿੱਥੇ ਭੀ ਆਨਮਤੀ ਤੀਰਥਾਂ ਦਾ ਖੰਡਨ ਹੈ, ਤਿੱਥੇ ਤਿੱਥੇ ਤਿਨ੍ਹਾਂ ਪ੍ਰਥਾਏ ਹੇਠ ਲਿਖੇ ਗੁਰਵਾਕ ਪੂਰੇ ਤੌਰ ਤੇ ਵਿਦਮਾਨ ਹਨ :

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ
ਦੁਬਿਧਾ ਵਿਆਪੈ ਦੂਜਾ ॥੨॥੨॥
(ਸਿਰੀ ਰਾਗੁ ਮ: ੧, ਪੰਨਾ ੭੫)

ਤੀਰਥ ਤਪੁ ਦਇਆ ਦਤੁ ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ ॥੨੧॥ (ਜਪੁ ਜੀ ਸਾਹਿਬ)

ਤੀਰਥ ਦੇਖਿ ਨ ਜਲ ਮਹਿ ਪੈਸਉ
ਜੀਅ ਜੰਤ ਨ ਸਤਾਵਉਗੋ ॥
ਅਠਸਠਿ ਤੀਰਥ ਗੁਰੂ ਦਿਖਾਏ
ਘਟ ਹੀ ਭੀਤਰਿ ਨਾਉ ਗੋ ॥੩॥੨॥
(ਰਾਮਕਲੀ ਨਾਮਦੇਉ ਜੀ, ਪੰਨਾ ੯੭੩)

ਤੀਰਥ ਨਾਇ ਨ ਉਤਰਸਿ ਮੈਲੁ ॥
ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥
ਨਾਮ ਬਿਹੂਣੇ ਚਲਸਹਿ ਰੋਇ ॥੨॥੨੪॥
(ਰਾਮਕਲੀ ਮ: ੫, ਪੰਨਾ ੮੯੦)

ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥
(ਪੰਨਾ ੭੪੭)


www.AKJ.Org

# ਸੰਗ੍ਰਾਂਦ

(ਪ੍ਰੋ. ਸਾਹਿਬ ਸਿੰਘ, ਡੀ. ਲਿਟ)

ਮਨੁੱਖ-ਜਾਤੀ ਦੇ ਜੀਵਨ ਵਿੱਚ ਇੱਕ ਉਹ ਸਮਾਂ ਵੀ ਆਇਆ ਸੀ, ਜਦੋਂ ਉਹ ਇਹ ਸਮਝਦਾ ਸੀ ਕਿ ਕੁਦਰਤ ਦੇ ਹਰੇਕ ਅੰਗ ਵਿੱਚ, ਧਰਤੀ, ਹਵਾ, ਪਾਣੀ ਵਿੱਚ, ਰੁਖਾਂ ਤੇ ਪਰਬਤਾਂ ਵਿੱਚ, ਹਨ੍ਹੇਰੀ ਝੱਖੜਾਂ ਵਿੱਚ, ਕੜਕਦੀ ਬਿਜਲੀ ਤੇ ਭੁਚਾਲਾਂ ਵਿੱਚ, ਪਸ਼ੂ ਪੰਛੀਆਂ ਤੇ ਮੱਛੀਆਂ ਵਿੱਚ, ਸੂਰਜ ਚੰਦ੍ਰਮਾ ਤੇ ਤਾਰਿਆਂ ਵਿੱਚ, ਹਰ ਥਾਂ "ਰੂਹਾਂ" ਹਨ, ਜੋ ਮਨੁੱਖ ਦੀਆਂ ਵਿਰੋਧੀ ਹਨ। ਮਨੁੱਖ ਦਾ ਇਹ ਵੱਡਾ ਫਰਜ ਗਿਣਿਆ ਗਿਆ ਸੀ ਕਿ ਉਹ ਇਨ੍ਹਾਂ ਰੂਹਾਂ ਦੀ ਚਾਪਲੂਸੀ ਕਰਦਾ ਰਹੇ, ਤਾਂ ਜੋ ਉਹ ਰੂਹਾਂ ਇਸਨੂੰ ਸਤਾਣੋਂ ਰੁਕੀਆਂ ਰਹਿਣ।

ਸਮਾਂ ਪੈਣ ਦੇ ਨਾਲ "ਭੈੜੀਆਂ ਰੂਹਾਂ" ਦੇ ਨਾਲ ਦੇਵਤੇ ਭੀ ਸ਼ਾਮਲ ਕੀਤੇ ਗਏ। ਇਹਨਾਂ ਦੇ ਆਪੋ ਵਿੱਚ ਦੇ ਜੰਗਾਂ ਦੀ ਚਰਚਾ ਭੀ-ਚੱਲਣ ਲੱਗ ਪਈ। ਯੂਨਾਨ, ਚੀਨ, ਫਾਰਸ ਤੇ ਹਿੰਦੁਸਤਾਨ ਪੁਰਾਣੀ ਸੱਭਿਅਤਾ ਵਾਲੇ ਸਾਰੇ ਦੇਸ਼ਾਂ ਵਿੱਚ ਇਹੀ ਖਿਆਲ ਪ੍ਰਚਲਤ ਸੀ ਕਿ ਸਾਰੀ ਰਚਨਾ ਵਿੱਚ ਹਰ ਥਾਂ ਦੇਵਤਿਆਂ ਦਾ ਅਤੇ ਕਿਤੇ ਦੈਂਤਾ ਦਾ ਰਾਜ ਪ੍ਰਚਲਤ ਹੈ ਤੇ ਹਰ ਵੇਲੇ ਮਨੁੱਖ ਦੇ ਦੁੱਖ ਸੁੱਖ ਇਨ੍ਹਾਂ ਦੇ ਵੱਸ ਵਿੱਚ ਹਨ। ਭਲੀਆਂ ਰੂਹਾਂ (ਦੇਵਤਿਆਂ) ਤੋਂ ਕੋਈ ਸੁੱਖ ਹਾਸਲ ਕਰਨ ਲਈ ਤੇ ਭੈੜੀਆਂ ਰੂਹਾਂ ਦੀ ਭੈੜੀ ਨਜ਼ਰ ਤੋਂ ਬਚਣ ਲਈ, ਇਨ੍ਹਾਂ ਦੇਵਤਿਆਂ ਤੇ ਦੈਂਤਾ ਦੀ ਪੂਜਾ ਦੇ ਖਾਸ ਖਾਸ ਦਿਨ ਮਿੱਥੇ ਗਏ।

ਸਹਿਜੇ ਸਹਿਜੇ ਮਨੁੱਖ ਨੂੰ ਇਹ ਸਮਝ ਆ ਗਈ ਕਿ ਵੱਖ-ਵੱਖ ਰੂਹਾਂ ਨਹੀ ਸਗੋਂ ਸਾਰੀ ਕੁਦਰਤ ਨੂੰ ਬਣਾਉਣ ਵਾਲਾ ਇਕੋ ਹੀ ਸਿਰਜਨ ਹਾਰ ਪ੍ਰਮਾਤਮਾ ਹੈ ਜੋ ਆਪ ਹੀ ਪਾਲਣਾ ਕਰਨ ਵਾਲਾ ਹੈ। ਜਿਉਂ ਜਿਉਂ ਇਹ ਨਿਸ਼ਚਾ ਵਧਦਾ ਗਿਆ ਤਿਉਂ ਤਿਉਂ ਮਨੁੱਖ ਹੋਰ ਹੋਰ ਪੂਜਾ ਛੱਡ ਕੇ ਇੱਕ ਪ੍ਰਮਾਤਮਾ ਦੀ ਪ੍ਰੇਮਾ-ਭਗਤੀ ਕਰਨ ਲੱਗ ਪਿਆ। ਦੇਵਤੇ ਦੈਂਤ ਆਦਿਕ ਵਿਸਰਦੇ ਗਏ, ਤੇ ਉਨ੍ਹਾਂ ਦੀ ਪੂਜਾ ਵਾਸਤੇ ਖਾਸ ਮਿਥੇ ਹੋਏ ਦਿਨ ਭੀ ਭੁੱਲਦੇ ਗਏ। ਇਉਂ ਜਾਪਦਾ ਹੈ ਕਿ ਹੋਰ ਸਾਰੀ ਰਚਨਾ ਨਾਲੋਂ ਸੂਰਜ ਤੇ ਚੰਦਰਮਾ ਨੇ ਮਨੁੱਖ ਦੇ ਮਨ ਉਤੇ ਵਧੀਕ ਡੂੰਘਾ ਅਸਰ ਪਾਇਆ ਹੋਇਆ ਸੀ। ਇਨ੍ਹਾਂ ਦੀ ਪੂਜਾ ਲਈ ਮਿੱਥੇ ਹੋਏ ਦਿਹਾੜੇ ਅਜੇ ਤੱਕ ਆਪਣਾ ਪ੍ਰਭਾਵ ਪਾਈ ਆ ਰਹੇ ਹਨ।

ਸੂਰਜ ਅਤੇ ਚੰਦਰਮਾ ਨਾਲ ਸੰਬੰਧ ਰੱਖਣ ਵਾਲੇ ਹੇਠ ਲਿਖੇ ਦਸ ਦਿਨ ਪਵਿੱਤਰ ਸਮਝੇ ਜਾਂਦੇ ਹਨ-

ਸੂਰਜ ਗ੍ਰਹਿਣ, ਚੰਦ-ਗ੍ਰਹਿਣ, ਮੱਸਿਆ, ਪੁੰਨਿਆ, ਚਾਨਣਾ ਐਤਵਾਰ, ਸੰਗ੍ਰਾਂਦ, ਦੋ ਇਕਾਦਸ਼ੀਆਂ ਤੇ ਦੋ ਅਸ਼ਟਮੀਆਂ। ਇਨ੍ਹਾਂ ਦਸ ਦਿਨਾਂ ਨੂੰ ਪੁਰਬ (ਪਵਿੱਤਰ ਦਿਨ) ਮੰਨਿਆ ਹੈ।

ਸੂਰਜ ਦੇਵਤਾ ਨਾਲ ਸੰਬੰਧ ਰੱਖਣ ਵਾਲੇ ਇਨ੍ਹਾਂ ਵਿੱਚੋਂ ਸਿਰਫ ਦੋ ਦਿਨ ਹਨ "ਸੂਰਜ ਗ੍ਰਹਿਣ" ਤੇ "ਸੰਗ੍ਰਾਂਦ"। ਬਾਕੀ ਦੇ ਦਿਨ ਚੰਦਰਮਾ ਦੇ ਹਨ। ਚਾਨਣਾ ਐਤਵਾਰ ਚੰਦ ਅਤੇ ਸੂਰਜ ਦੋਹਾਂ ਦਾ ਹੈ। ਵੱਖ ਵੱਖ ਦੇਵਤਿਆਂ ਦੇ ਥਾਂ ਇੱਕ ਪ੍ਰਮਾਤਮਾ ਦੀ ਪੂਜਾ ਦਾ ਰਿਵਾਜ ਵਧਣ ਤੇ ਭੀ ਇਨ੍ਹਾਂ ਦਸ ਪੁਰਬਾਂ ਦੀ ਰਾਹੀਂ ਇਨ੍ਹਾਂ ਦੇ ਦੇਵਤਿਆਂ ਦੀ ਪੂਜਾ ਤੇ ਪਿਆਰ ਅੱਜ ਤੱਕ ਕਾਇਮ ਹੈ।

ਇਸ ਪ੍ਰਭਾਵ ਦੀ ਡੂੰਘਾਈ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ ਤਾਲੀਮ ਦੀ ਬਰਕਤ ਨਾਲ ਜੋ ਲੋਕ "ਅਨਯ ਪੂਜਾ" ਛੱਡ ਕੇ ਇੱਕ ਅਕਾਲ ਪੁਰਖ ਨੂੰ ਮੰਨਣ ਵਾਲੇ ਹੋ ਚੁੱਕੇ ਸਨ ਉਹ ਭੀ ਅਜੇ ਸੂਰਜ ਦੀ ਯਾਦ ਮਨਾਣੀ ਨਹੀਂ ਛੱਡ ਸਕੇ। ਲਫਜ਼ "ਸੰਗ੍ਰਾਂਦ" ਸੰਸਕ੍ਰਿਤ ਦੇ ਸਾਂਕ੍ਰਾਂਤ ਦਾ ਵਿਗਾੜ ਹੈ, ਇਸ ਦਾ ਅਰਥ ਹੈ, ਸੂਰਜ ਦਾ ਇੱਕ ਰਾਸ ਤੋਂ ਦੂਜੀ ਵਿੱਚ ਲੰਘਣਾ।" ਬਿਕ੍ਰਮਾਜੀਤੀ ਸਾਲ ਦੇ ਇਨ੍ਹਾਂ ਬਾਰਾਂ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਦੇ ਨਾਲ ਹੈ। ਹਰ ਦੇਸੀ ਮਹੀਨੇ ਦੀ ਪਹਿਲੀ ਤਰੀਕ ਨੂੰ ਸੂਰਜ ਇੱਕ ਰਾਸ ਨੂੰ ਛੱਡ ਕੇ ਦੂਜੀ ਵਿੱਚ ਪੈਰ ਧਰਦਾ ਹੈ। ਬਾਰਾਂ ਮਹੀਨੇ ਹਨ ਅਤੇ ਬਾਰਾਂ ਹੀ ਰਾਸਾਂ ਹਨ। ਜੋ ਲੋਕ ਸੂਰਜ ਦੇਵਤਾ ਦੇ ਉਪਾਸ਼ਕ ਹਨ, ਉਨ੍ਹਾਂ ਲਈ ਹਰੇਕ ਸੰਗ੍ਰਾਂਦ ਦਾ ਦਿਨ ਪਵਿੱਤਰ ਹੈ, ਕਿਉਂ ਕਿ ਇਸ ਦਿਨ ਸੂਰਜ ਦੇਵਤਾ ਇੱਕ ਰਾਸ ਨੂੰ ਛੱਡ ਕੇ ਦੂਜੀ ਵਿੱਚ ਆਉਂਦਾ ਹੈ। ਇਸ ਦਿਨ ਖਾਸ ਉਚੇਚਾ ਪੂਜਾ ਪਾਠ ਕੀਤਾ ਜਾਂਦਾ ਹੈ, ਤਾਂ ਜੋ ਸੂਰਜ ਦੇਵਤਾ ਇਸ ਨਵੀਂ ਰਾਸ ਵਿੱਚ ਰਹਿ ਕੇ ਉਪਾਸ਼ਕ ਲਈ ਸਾਰਾ ਮਹੀਨਾ ਚੰਗਾ ਲੰਘਾਏ।

ਆਪਣੇ ਦੇਸ਼ ਦੇ 'ਲੋਕ ਗੀਤਾਂ' ਨੂੰ ਗਹੁ ਨਾਲ ਵੇਖੋ, ਜੀਵਨ ਪੰਧ ਦੀ ਹਰੇਕ ਝਾਕੀ ਨਾਲ ਸੰਬੰਧ ਰੱਖਦੇ ਹਨ-ਘੋੜੀਆਂ, ਸੁਹਾਗ, ਕਾਮਣ, ਸਿੱਠਣੀਆਂ, ਛੰਦ, ਗਿੱਧਾ, ਲਾਵਾਂ ਤੇ ਅਲਾਹਣੀਆਂ ਆਦਿਕ ਹਰੇਕ ਕਿਸਮ ਦੇ ਗੀਤ ਮਿਲਦੇ ਹਨ, ਰੁੱਤਾਂ ਦੇ ਬਦਲਣ ਤੇ ਹੀ ਨਵੀਆਂ ਨਵੀਆਂ ਰੁੱਤਾਂ ਦੇ ਨਵੇਂ ਨਵੇਂ ਲੋਕ ਗੀਤ, ਹੋਲੀਆਂ, ਸਾਂਵਿਆਂ ਆਦਿਕ ਦੇ ਗੀਤ। ਏਸੇ ਤਰਾਂ ਕਵੀਆਂ ਨੇ ਦੇਸ਼ ਵਾਸੀਆਂ ਦੇ ਜੀਵਨ ਵਿੱਚ ਨਵੇਂ ਨਵੇਂ ਹੁਲਾਰੇ ਪੈਦਾ ਕਰਨ ਲਈ 'ਵਾਰਾਂ' 'ਸਿ-ਹਰਫੀਆਂ ਅਤੇ ਬਾਰਾਂ-ਮਾਹ ਪੜ੍ਹਨ ਸੁਣਨ ਦਾ ਰਿਵਾਜ ਪੈਦਾ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਿੱਚ ਇੱਕ ਨਵਾਂ ਜੀਵਨ ਪੈਦਾ ਕਰਨਾ ਸੀ। ਵਾਰਤਕ ਨਾਲੋਂ ਕਵਿਤਾ ਵਧੀਕ ਖਿੱਚ ਪਾਂਦੀ ਹੈ। ਕਵਿਤਾ ਦੇ ਜੋ ਛੰਦ ਪੰਜਾਬ ਵਿੱਚ ਵਧੇਰੇ ਪ੍ਰਚਲਤ ਸਨ, ਸਤਿਗੁਰੂ ਜੀ ਨੇ ਉਹੀ ਵਰਤੇ। ਇੱਕ ਬਾਰਾਂ-ਮਾਹ ਭੀ



www.AKJ.Org

ਉਚਾਰਿਆ, ਜੋ ਤੁਖਾਰੀ ਰਾਗ ਵਿੱਚ ਦਰਜ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੀ ਇੱਕ ਬਾਰਾਂ ਮਾਹ ਲਿਖਕੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ। ਪਰ ਇਨ੍ਹਾਂ ਦੋਨਾਂ ਬਾਰਾਂ ਮਾਹਾਂ ਦਾ ਸੂਰਜ ਦੀ ਸੰਗ੍ਰਾਂਦ ਨਾਲ ਕੋਈ ਸੰਬੰਧ ਨਹੀਂ ਸੀ ਰੱਖਿਆ ਗਿਆ, ਇਹ ਤਾਂ ਦੇਸ਼ ਵਿੱਚ ਪ੍ਰਚਲਤ ਕਾਵਿ-ਛੰਦਾਂ ਵਿਚੋਂ ਇੱਕ ਕਿਸਮ ਸੀ। ਸਾਰੀ ਬਾਣੀ ਵਿੱਚ ਕਿਤੇ ਕੋਈ ਐਸਾ ਬਚਨ ਨਹੀਂ ਮਿਲਦਾ ਜਿਥੇ ਸਤਿਗੁਰੂ ਜੀ ਨੇ ਸਧਾਰਨ ਦਿਨਾਂ ਵਿੱਚੋਂ ਕਿਸੇ ਖਾਸ "ਦਿਨ" ਦੇ ਚੰਗੇ ਜਾਂ ਮੰਦੇ ਹੋਣ ਦਾ ਵਿਤਕਰਾ ਦੱਸਿਆ ਹੋਵੇ।

ਕਈ ਲੋਕ ਇਹ ਖਿਆਲ ਕਰਦੇ ਹਨ ਕਿ ਸੰਗ੍ਰਾਂਦ ਆਦਿਕ ਦਿਨ ਉਚੇਚੇ ਮਨਾਏ ਜਾਣੇ ਚਾਹੀਦੇ ਹਨ, ਤਾਂ ਜੋ ਇਸ ਬਹਾਨੇ ਹੀ ਉਹ ਲੋਕ ਭੀ ਆਪਣੇ ਧਰਮ ਅਸਥਾਨਾਂ ਤੇ ਆ ਕੇ ਕੁਝ ਸਮਾਂ ਆਪਣੇ ਪ੍ਰਭੂ ਦੀ ਯਾਦ ਵਿੱਚ ਗੁਜ਼ਾਰ ਸਕਣ, ਜੋ ਅੱਗੇ ਪਿੱਛੇ ਕਦੇ ਵਿਹਲ ਨਹੀਂ ਕੱਢਦੇ। ਪਰ, ਇਹ ਖਿਆਲ ਬਹੁਤ ਹੱਦ ਤੱਕ ਕੁਰਾਹੇ ਪਾ ਦੇਂਦਾ ਹੈ। ਮਨੁੱਖ ਦਾ 'ਅਸਲਾ' ਉਸਦੇ ਨਿਰੇ ਬਾਹਰਲੇ ਕੰਮਾਂ ਤੋਂ ਜਾਚਿਆ ਨਹੀਂ ਜਾ ਸਕਦਾ। ਇੱਕ ਮਨੁੱਖ ਕਿਸੇ ਦੀਵਾਨ ਆਦਿਕ ਦੇ ਸਮੇਂ ਕਿਸੇ ਧਾਰਮਿਕ ਪੰਥਕ ਕਾਰਜ ਲਈ ਰੁਪਇਆ ਦਾਨ ਕਰਦਾ ਹੈ, ਪਰ ਨਿਰੇ ਦਾਨ ਤੋਂ ਇਹ ਅੰਦਾਜ਼ਾ ਲਗਾਣਾ ਗਲਤ ਹੈ ਕਿ ਮਨੁੱਖ ਮਨੁੱਖਤਾ ਦੇ ਮਾਪ ਵਿੱਚ ਪੂਰਾ ਉਤਰ ਰਿਹਾ ਹੈ। ਹੋ ਸਕਦਾ ਹੈ ਕਿ ਉਹ ਧਨਾਢ ਮਨੁੱਖ ਲੋਕਾਂ ਵਿੱਚ ਸਿਰਫ ਸੋਭਾ ਖੱਟਣ ਦੀ ਖ਼ਾਤਰ ਇਹ ਦਾਨ ਕਰਦਾ ਹੋਵੇ, ਤੇ ਇਸ ਤਰਾਂ ਇਹ ਦਾਨ ਉਸਦੀ ਹਉਮੈ ਨੂੰ ਵਧਾਈ ਜਾਂਦਾ ਹੋਵੇ, ਤੇ ਇਨਸਾਨੀਅਤ ਤੋਂ ਇਸਨੂੰ ਗਿਰਾਈ ਜਾਂਦਾ ਹੋਵੇ। 'ਦਾਨ' ਆਦਿਕ ਧਾਰਮਿਕ ਕੰਮ ਦਾ ਅਸਰ ਮਨੁੱਖ ਦੇ ਜੀਵਨ ਉੱਤੇ ਉਹੋ ਜਿਹਾ ਹੀ ਪੈ ਸਕਦਾ ਹੈ ਜੈਸੀ ਉਸਦੀ ਉਸ ਕੰਮ ਦੇ ਕਰਨ ਵੇਲੇ ਨੀਯਤ ਹੋਵੇ।

ਏਸੇ ਤਰਾਂ ਜਦੋਂ ਮਨੁੱਖ ਸੰਗ੍ਰਾਂਦ ਨੂੰ ਇੱਕ ਉਚੇਚਾ ਭਾਗਾਂ ਵਾਲਾ ਸ਼ੁਭ ਦਿਹਾੜਾ ਸਮਝਦਾ ਹੈ ਅਤੇ ਧਰਮ ਅਸਥਾਨਾਂ ਤੇ ਜਾਂਦਾ ਹੈ, ਉਹ ਇਸ ਦਿਨ ਇਹ ਭੀ ਤਾਂਘ ਰੱਖਦਾ ਹੈ ਕਿ ਇਸ "ਵਰ੍ਹੇ-ਦਿਨ ਦੇ ਦਿਨ" ਕਿਸੇ ਭਲੇ ਦੇ ਮੱਥੇ ਲੱਗਾਂ। ਸੋ ਉਹ ਉਸ ਦਿਨ ਕਿਸੇ ਖਾਸ ਮਨੁੱਖ ਦੇ ਮੂੰਹੋਂ 'ਮਹੀਨਾ' ਸੁਣਦਾ ਹੈ। ਜੇ ਉਸ ਸਾਰੇ ਮਹੀਨੇ ਵਿੱਚ ਕੋਈ ਕਸ਼ਟ ਤਕਲੀਫ ਆ ਪਏ ਤਾਂ ਸਹਿਜ ਸੁਭਾਇ ਆਖਦਾ ਹੈ ਕਿ ਐਤਕੀਂ "ਵਰ੍ਹੇ-ਦਿਨ ਦੇ ਦਿਨ" ਫਲਾਣਾ ਚੰਦਰਾ ਬੰਦਾ ਮੱਥੇ ਲੱਗਾ ਸੀ। ਜਿਸ ਵਹਿਮ-ਪ੍ਰਸਤੀ ਨੂੰ ਹਟਾਉਣ ਲਈ, ਜੋ ਵਿਤਕਰੇ ਦੂਰ ਕਰਨ ਲਈ, ਸਿੱਖ ਨੇ ਗੁਰਦੁਆਰੇ ਵਿੱਚ ਜਾਣਾ ਹੈ, ਇਸ ਸੰਗ੍ਰਾਂਦ ਦੇ ਮਨਾਣ ਨਾਲ ਉਹ ਵਹਿਮ-ਪ੍ਰਸਤੀ ਤੇ ਵਿਤਕਰੇ ਸਗੋਂ ਵਧਦੇ ਹਨ।

ਅਸਲ ਗੱਲ ਤਾਂ ਇਹ ਹੈ ਕਿ ਹਰੇਕ ਮਨੁੱਖ ਵਿੱਚ ਰੱਬ ਦੀ ਜੋਤ ਹੈ ਤੇ ਹਰੇਕ ਦਿਨ ਇਕੋ ਜਿਹਾ ਹੈ। ਭਾਗਾਂ ਵਾਲਾ ਸਮਾਂ ਸਿਰਫ ਉਹੀ ਹੈ ਜਦੋਂ ਮਨੁੱਖ ਨੂੰ ਪ੍ਰਮਾਤਮਾ ਚੇਤੇ ਆਉਂਦਾ ਹੈ। ਕਿਸੇ ਖਾਸ ਦਿਹਾੜੇ ਨਹੀਂ ਸਗੋਂ ਹਰ ਰੋਜ਼ ਸਵੇਰੇ ਉਠ ਕੇ ਅਰਦਾਸ ਇਉਂ ਹੋਣੀ ਚਾਹੀਦੀ ਹੈ, **"ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ।"**

ਇਹੀ ਨਿਰੀ ਫਰਜ਼ੀ ਗੱਲ ਨਹੀ ਹੈ ਕਿ ਸੰਗ੍ਰਾਂਦ ਦੇ ਪਰਦੇ ਕਰਕੇ ਵਹਿਮ-ਪ੍ਰਸਤੀ ਵਧ ਰਹੀ ਹੈ। ਸੰਗ੍ਰਾਂਦ ਵਾਲੇ ਦਿਨ ਜਾ ਕੇ ਗੁਰਦੁਆਰੇ ਵੇਖੋ, ਸੰਗ੍ਰਾਂਦ ਦੇ ਸ਼ਰਧਾਲੂਆਂ ਦੀ ਇਹੀ ਤਾਂਘ ਹੁੰਦੀ ਹੈ ਕਿ ਅੱਜ ਮਹੀਨੇ ਵਾਲਾ ਸ਼ਬਦ ਸੁਣਾਇਆ ਜਾਏ, ਹਾਲਾਂ ਕਿ ਸਾਰੀ ਬਾਣੀ ਪ੍ਰਮਾਤਮਾ ਦੀ ਸਿਫਤ ਸਲਾਹ ਵਾਲੀ ਹੋਣ ਕਰਕੇ, ਜ਼ਿੰਦਗੀ ਦੀ ਰਹਿਬਰੀ ਵਾਲੀ ਹੋਣ ਕਰਕੇ ਇਕੋ ਇਕ ਦਰਜਾ ਰੱਖਦੀ ਹੈ। 'ਸੰਗ੍ਰਾਂਦ' ਦੇ ਵਹਿਮ ਵਿੱਚ 'ਬਾਣੀ' ਬਾਣੀ ਵਿੱਚ ਫਰਕ ਸਮਝਿਆ ਜਾਂਦਾ ਹੈ ਕਿਉਂਕਿ ਅਸਲ ਨੀਯਤ ਬਾਣੀ ਸੁਣਨ ਦੀ ਨਹੀਂ ਹੁੰਦੀ, ਸਿਰਫ ਮਹੀਨਾ ਸੁਣਨ ਦੀ ਹੁੰਦੀ ਹੈ। ਨਿਰਾ ਇਹੀ ਨਹੀਂ ਸੰਗ੍ਰਾਂਦ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਵਿੱਚ ਜਾ ਕੇ ਵੇਖੋ, ਏਥੇ ਹੋਰ ਅਚਰਜ ਖੇਡ ਵਰਤਦੀ ਹੈ। 'ਆਸਾ ਦੀ ਵਾਰ' ਦੇ ਕੀਰਤਨ ਦੀ ਸਮਾਪਤੀ ਤੇ ਜਦੋਂ ਬਾਰਾਂਮਾਹ ਵਿੱਚੋਂ ਮਹੀਨਾ ਸੁਨਾਣਾ ਸ਼ੁਰੂ ਕੀਤਾ ਜਾਂਦਾ ਹੈ ਤਾਂ ਸ਼ੁਰੂ ਵਿੱਚ ਹੀ ਲਫਜ਼ "ਜੇਠ", "ਹਾੜ" ਆਦਿਕ ਮਹੀਨਾ ਸੁਣ ਕੇ ਸਾਰੀ ਪਉੜੀ ਨੂੰ ਸੁਨਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। 'ਮਹੀਨਾ' ਸੁਣ ਕੇ 'ਵਾਹਿਗੁਰੂ' 'ਵਾਹਿਗੁਰੂ' ਆਖਦੀਆਂ ਬਹੁਤ ਸੰਗਤਾਂ ਚਾਲੇ ਪਾ ਦੇਂਦੀਆਂ ਹਨ।

ਕਈ ਦੁਕਾਨਦਾਰਾਂ ਨੇ ਇਸ ਵਹਿਮ-ਪ੍ਰਸਤੀ ਤੋਂ ਅਜੀਬ ਲਾਭ ਉਠਾਣ ਦੀ ਕੋਸ਼ਿਸ਼ ਕੀਤੀ ਜਾਪਦੀ ਹੈ। ਆਪਣੀਆਂ ਛਾਪੀਆਂ ਬੀੜਾਂ ਨੂੰ ਹਰਮਨ ਪਿਆਰਾ ਕਰਨ ਲਈ ਇਸ ਬਾਰਹ-ਮਾਹ ਨੂੰ ਭੀ ਉਹੋ ਜਿਹੀ ਉਚੇਚੀ ਰੰਗ ਬਰੰਗੀ ਥਾਂ ਦਿੱਤੀ ਗਈ ਹੈ, ਜੋ ਹਰੇਕ ਰਾਗ ਦੇ ਅਰੰਭ ਨੂੰ ਦਿੱਤੀ ਗਈ ਹੈ।

ਸੋ ਹਰ ਪਾਸਿਉਂ ਸੰਗ੍ਰਾਂਦ ਦੀ ਰਾਹੀ ਇਹ ਵਹਿਮ ਵਧ ਰਿਹਾ ਹੈ ਕਿ ਸੂਰਜ ਦੇ ਨਵੀਂ ਰਾਸ ਵਿੱਚ ਆਉਣ ਵਾਲਾ ਪਹਿਲਾ ਦਿਹਾੜਾ ਖਾਸ ਤੌਰ ਤੇ ਭਾਗਾਂ ਵਾਲਾ ਹੈ। ਇਸ ਤਰ੍ਹਾਂ ਬੇ-ਮਲੂਮੇ ਜਿਹੇ ਸਿੱਖਾਂ ਵਿੱਚ ਸੂਰਜ ਪ੍ਰਸਤੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਸੰਗ੍ਰਾਂਦ ਤੋਂ ਹੀ ਇਸ 'ਵਰ੍ਹੇ ਦੇ ਦਿਨ' ਦੇ ਵਹਿਮ ਤੋਂ ਹੀ ਅਗਾਂਹ ਹੋਰ ਭਰਮ ਵਧਦੇ ਜਾ ਰਹੇ ਹਨ ਕਿ ਅੱਜ 'ਵਰ੍ਹੇ-ਦਿਨ ਦੇ ਦਿਨ' ਪ੍ਰਦੇਸ ਨਹੀਂ ਜਾਣਾ, ਸਵੇਰੇ ਸਵੇਰੇ ਹੱਥੋਂ ਮਾਇਆ ਨਹੀਂ ਖਰਚਣੀ, ਇਤਿਆਦਿਕ। ਅਜਿਹੇ ਭਰਮ ਨੂੰ ਭਾਈ ਗੁਰਦਾਸ ਜੀ ਨੇ ਮਨਮਤ ਦੱਸ ਕੇ ਸਿੱਖਾਂ ਨੂੰ ਇਨ੍ਹਾਂ ਵੱਲੋਂ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਸੀ ਫਿਰ ਉਧਰੇ ਪਰਤਦੇ ਜਾਪਦੇ ਹਾਂ।

ਭਾਈ ਗੁਰਦਾਸ ਜੀ ਲਿਖਦੇ ਹਨ :-

(ਬਾਕੀ ਪੰਨਾ ੯ ਤੇ)



www.AKJ.Org

# ਆਰਤੀ

(ਦੂਜੀ ਕਿਸ਼ਤ)

(ਲੜੀ ਜੋੜਨ ਲਈ ਦੇਖੋ "ਸੂਰਾ" ਫਰਵਰੀ ਅੰਕ)

ਮਾਲਿਕ ਸਿੰਘ, ਕੈਮਿਸਟ ਇਨਚਾਰਜ,
ਮਿਲਕ ਪਲਾਂਟ, ਮੁਹਾਲੀ (ਪੰਜਾਬ)

"ਗੁਰਬਾਣੀ ਇਸੁ ਜਗ ਮਹਿ ਚਾਨਣੁ" ਵਿੱਚ ਜਿੱਥੇ ਗੁਰੂ ਸਾਹਿਬਾਂ ਨੇ ਪ੍ਰਚਲਤ ਰਾਗਾ ਨੂੰ ਯੋਗ ਥਾਂ ਦਿੱਤੀ ਹੈ ਅਤੇ ਸਾਰੀ ਬਾਣੀ ੩੧ ਰਾਗਾਂ ਅੰਦਰ ਕਲਮਬੰਦ ਕੀਤੀ ਹੈ, ਉਥੇ ਪੁਰਾਤਨ ਸਮੇਂ ਦੇ ਪ੍ਰਚਲਤ ਕਾਵਿ ਨੂੰ ਭੀ ਇਸ ਵਿੱਚ ਥਾਂ ਦੇ ਕੇ ਸੁਰਜੀਤ ਕੀਤਾ ਹੈ। ਪਰ ਇਹਨਾਂ ਦਾ ਮੁੱਖ ਵਿਸ਼ਾ ਬਾਣੀ ਵਿੱਚ ਇਹਨਾਂ ਦਾ ਸਿਰਲੇਖ ਦੇ ਕੇ ਪ੍ਰਭੂ ਨਾਲ ਜੁੜਨ ਦੀ ਜੁਗਤੀ ਦੱਸੀ ਹੈ, ਨਾ ਕਿ ਇਹਨਾਂ ਦੀ ਮਨਉਤ ਨੂੰ ਮੰਨ ਕੇ (ਸੰਗ੍ਰਾਂਦ ਅਤੇ ਮਸਿਆਂ ਆਦਿ ਦੀ ਤਰ੍ਹਾਂ) ਇਹਨਾਂ ਦੀ ਪੂਜਾ ਪ੍ਰਤਿਸ਼ਟਾਂ ਵਿੱਚ ਪੈ ਕੇ ਕਰਮਕਾਂਡੀ ਬਨਣਾ ਦਸਿਆ ਹੈ। ਜਿਵੇਂ- ਪ੍ਰਚੱਲਤ ਕਾਵਿ ਦੇ ਸਿਰਲੇਖ, ਬਾਰਹਮਾਹ, ਘੋੜੀਆਂ, ਚਉਬੋਲੇ, ਗਾਥਾ, ਛੰਦ, ਬਾਵਨ ਅਖਰੀ, ਬਿਰਹੜੇ, ਪਹਰੇ, ਅਲਾਹਣੀਆਂ, ਪੱਟੀ ਆਦਿ ਹਨ, ਤਿਵੇਂ ਹੀ ਉਸ ਸਮੇਂ ਪ੍ਰਚਲਤ ਆਰਤੀ ਉਤਾਰਨ ਦੀ ਜੋ ਪ੍ਰਥਾ ਸੀ, ਇਸ ਸਿਰਲੇਖ ਹੇਠ 'ਆਰਤੀ' ਸਿਰਲੇਖ ਦੀ ਵਰਤੋਂ ਕਰ ਕੇ ਅਕਾਲ ਪੁਰਖ ਦੀ ਸੱਚੀ ਆਰਤੀ, ਨਿਰਾਕਾਰ ਦੀ ਉਪਾਸ਼ਨਾ ਨਾਲ ਜੋੜਨ ਦਾ ਜੋ ਸੁਚੱਜਾ, ਸੌਖਾ ਤੇ ਸੁੰਦਰ ਢੰਗ ਅਪਨਾਇਆ ਹੈ, ਉਸਦੀ ਮਿਸਾਲ ਹੋਰ ਕਿਧਰੇ ਦੇਖਣ ਪੇਖਣ ਦ੍ਰਿਸ਼ਟੀ ਗੋਚਰ ਨਹੀਂ ਆਉਂਦੀ ਕਿ ਕਿਵੇਂ ਮੂਰਤੀ ਪੂਜਾ ਅਤੇ ਹੋਰ ਅਡੰਬਰਾਂ ਤੋਂ ਉਪਰ ਉਠਣ ਦਾ ਉਪਦੇਸ਼ ਦੇ ਕੇ ਭਟਕਦੀ, ਭੰਬਲਭੂਸੇ ਖਾਂਦੀ ਲੁਕਾਈ ਨੂੰ ਨਿਰਗੁਣ ਸਰੂਪ ਦਾ ਉਪਾਸ਼ਕ ਬਣਾਇਆ। ਗੁਰਬਾਣੀ ਵਿੱਚ ਆਏ ਸਾਰੇ ਹੀ ਭਗਤਾਂ ਨੇ ਭੀ ਆਰਤੀ ਦੇ ਸ਼ਬਦ ਉਚਾਰਨ ਕਰਕੇ ਜਿਥੇ ਅਪਣੇ ਆਪ ਨੂੰ ਨਿਰਗੁਣ ਦੇ ਉਪਾਸ਼ਕ ਹੋਣ ਦਾ ਸਬੂਤ ਦਿੱਤਾ ਹੈ, ਉਥੇ ਦੇਵ ਪੂਜਾ ਮੂਰਤੀ ਪੂਜਾ ਵਿੱਚ ਖਚਤ ਹੁੰਦੀ ਲੁਕਾਈ ਨੂੰ ਨਿਰੋਲ ਸੱਚ ਨਾਲ ਜੁੜਨ ਦਾ ਮਾਰਗ ਦੱਸਿਆ ਹੈ। ਥੱਲੇ ਇਸ ਧੁਰ ਦਰਗਾਹ ਤੋਂ ਆਈ ਬਾਣੀ ਵਿੱਚ ਜਿਤਨੇ ਭੀ ਆਰਤੀ ਸਬੰਧੀ ਸ਼ਬਦ ਆਏ ਹਨ ਉਹਨਾਂ ਸਾਰਿਆਂ ਹੀ ਸ਼ਬਦਾਂ ਦਾ ਸਾਰਾਂਸ਼ ਲਿਖ ਕੇ ਆਰਤੀ ਦੀ ਗੁਰਮਤਿ ਵਿੱਚ ਮਹਾਨਤਾ ਦਰਸਾ ਕੇ ਮੂਰਤੀ ਅਤੇ ਦੇਹਧਾਰੀ ਪੂਜਾ ਤੋਂ ਉਪਰ ਉਠ ਕੇ ਕੇਵਲ ਨਿਰਾਕਾਰ ਦਾ ਉਪਾਸ਼ਕ ਬਨਣ ਦੀ ਪ੍ਰੋੜ੍ਹਤਾ ਕੀਤੀ ਗਈ ਹੈ।

**ਆਰਤੀ ਦਾ ਅਰਥ ਭਾਵ-** ਹਿੰਦੂ ਮੱਤ ਮੁਤਾਬਕ ਇਕ ਥਾਲ ਵਿੱਚ ਦੀਵੇ ਘਿਉ, ਤੇਲ, ਬੱਤੀ... ਆਦਿ ਪਾ ਕੇ ਮੂਰਤੀ ਪੂਜਾ ਦੇ ਇਸ ਖਾਸ ਢੰਗ ਨੂੰ ਆਰਤੀ ਉਤਾਰਨਾ ਕਿਹਾ ਗਿਆ ਹੈ ਤੇ ਇਹ ਖੁਸ਼ੀ ਦੇ ਸਮੇਂ ਅਤੇ ਖਾਸ ਕਰਕੇ ਸੰਧਿਆ ਵੇਲੇ ਮੰਦਰਾਂ, ਘਰਾਂ ਵਿੱਚ ਕੀਤੀ ਜਾਂਦੀ ਹੈ। ਦੀਵੇ ਜਗਾ ਕੇ ਚਾਰ ਵਾਰੀ ਮੂਰਤੀ ਦੇ ਚਰਨਾਂ ਵਿੱਚ ਦੋ, ਵਾਰੀ ਨਾਭੀ ਅਗੇ, ਇਕ ਵਾਰੀ ਮੂੰਹ ਅੱਗੇ, ਅਤੇ ਸੱਤ ਵਾਰੀ ਸਾਰੇ ਸਰੀਰ ਉਤੇ ਦੀਵਿਆਂ ਵਾਲਾ ਥਾਲ ਘੁਮਾਇਆ ਜਾਂਦਾ ਹੈ ਅਤੇ ਦੀਵਿਆਂ ਦੀ ਸੰਖਿਆ ੧ ਤੋਂ ੧੦੦ ਤੱਕ ਹੋ ਸਕਦੀ ਹੈ। ਇਸ ਦੇ ਨਾਲ ਨਾਲ ਕਈ ਤਰ੍ਹਾਂ ਦੇ ਸਾਜ, ਸੰਖ, ਟੱਲ, ਫੁੱਲਾਂ ਦੀ ਬਰਖਾ ਆਦਿ ਵੀ ਪ੍ਰਚੱਲਤ ਹੈ। ਹੁਣ ਜ਼ਰਾ ਇਸ ਬਾਰੇ ਗੁਰੂ ਨਾਨਕ ਦੇਵ ਦੀ ਅਤੇ ਹੋਰ ਭਗਤਾਂ ਦੀ ਵਿਚਾਰਧਾਰਾ ਦੇਖੀਏ।

## ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਜਗਨਾਥਪੁਰੀ ਮੰਦਰ ਵਿਚ ਗਏ ਤਾਂ ਉਹ ਪੁਜਾਰੀਆਂ ਰਾਹੀਂ ਉਪਰੋਕਤ ਵਿੱਧੀ ਨਾਲ ਕੀਤੀ ਜਾ ਰਹੀ ਆਰਤੀ ਵਿੱਚ ਸ਼ਾਮਲ ਨਹੀਂ ਹੋਏ ਅਤੇ ਕੁਦਰਤ ਦੁਆਰਾ ਹੋ ਰਹੀ ਆਰਤੀ ਦਾ ਜੋ ਨਕਸ਼ਾ ਹੂ-ਬ-ਹੂ ਦੇਖਿਆ ਪੇਖਿਆ ਕਲਮ ਬੰਦ ਕੀਤਾ ਹੈ, ਉਹ ਇਸ ਤਰ੍ਹਾਂ ਹੈ :-

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,**
**ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ,**
**ਸਗਲ ਬਨਰਾਇ ਫੂਲੰਤ ਜੋਤੀ॥ ੧॥**
**ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥**
**ਅਨਹਤਾ ਸ਼ਬਦ ਵਾਜੰਤ ਭੇਰੀ॥ ੧॥**
**ਰਹਾਉ॥... ਜੋ ਤਿਸੁ ਭਾਵੈ ਸੁ ਆਰਤੀ ਹੋਇ॥...**

(ਪੰਨਾ ੬੬੩)

ਉਪਰੋਕਤ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਆਰਤੀ ਵਿੱਚ ਵਰਤੀ ਜਾਂਦੀ ਕਿਸੇ ਭੀ ਸਮੱਗਰੀ ਦਾ ਵਰਣਨ ਨਹੀਂ ਕੀਤਾ। ਨਿਰੋਲ ਨਿਰਗੁਣ ਦੀ ਉਪਾਸ਼ਨਾ ਹੀ ਸ਼ਬਦ ਰਾਹੀਂ ਦੱਸੀ ਹੈ। ਹਾਂ ਵੈਸੇ ਪ੍ਰਚਲਤ ਆਰਤੀ-ਸਮੱਗਰੀ ਦਾ ਵਰਣਨ ਕਰਕੇ ਆਪਣੇ ਵਿਚਾਰਾਂ ਮੁਤਾਬਕ ਦੀਵਾ, ਬੱਤੀ ਆਦਿ ਦਾ ਵਰਣਨ ਥੱਲੇ ਦਿਤੇ ਸ਼ਬਦਾਂ ਵਿੱਚ ਇਸ ਤਰ੍ਹਾਂ ਕੀਤਾ ਹੈ- - **ਦੀਵਾ ਮੇਰਾ ਏਕੁ ਨਾਮੁ॥** (ਪੰਨਾ ੩੫੮)

**- ਤੇਰੀ ਮੂਰਤਿ ਏਕਾ, ਬਹੁਤ ਰੂਪ॥**
**ਕਿਸ ਪੂਜ ਚੜਾਵਉ ਦੇਉ ਧੂਪੁ॥** [ਪੰਨਾ ੧੧੬੮]

**- ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥ ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲਪਲੈ॥ ੧॥ ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ॥ ਪੋਥੀ ਪੁਰਾਣ ਕਮਾਈਐ॥ ਭਉਵਟੀ ਇਤੁ ਤਨਿ ਪਾਈਐ॥ ਸਚੁ ਬੂਝਣੁ ਆਣਿ ਜਲਾਈਐ॥੨॥ ਇਹੁ ਤੇਲੁ ਦੀਵਾ ਇਉ ਜਲੈ॥ ਕਰਿ ਚਾਨਣੁ ਸਾਹਿਬ ਤਉ ਮਿਲੈ॥॥੧॥ ਰਹਾਉ॥** (ਪੰਨਾ ੨੫)



www.AKJ.Org

ਉਪਰੋਕਤ ਸ਼ਬਦ (੩) ਵਿੱਚ ਦੋ ਵਾਰੀ ਰਹਾਉ ਆਏ ਹਨ ਪਹਿਲੇ ਰਹਾਉ ਵਿੱਚ ਪ੍ਰਸ਼ਨ ਹੈ ਕਿ "ਬਿਨੁ ਤੇਲ ਦੀਵਾ ਕਿਉਂ ਜਲੈ" ਅਤੇ ਦੂਜੇ ਰਹਾਉ ਵਿੱਚ ਉਤਰ ਹੈ "ਇਹ ਤੇਲੁ ਦੀਵਾ ਇਉ ਜਲੈ" ਜਿਸ ਦਾ ਭਾਵਾਰਥ ਇਹ ਹੈ ਕਿ ਗੁਰੂ ਦੇ ਉਪਦੇਸ਼ ਦੁਆਰਾ ਜੀਵਨ ਢਾਲਣਾ ਤੇਲ ਹੈ, ਪ੍ਰਭੂ ਦਾ ਡਰ ਸਰੀਰ ਰੂਪੀ ਦੀਵੇ ਲਈ ਬੱਤੀ ਹੈ, ਅਕਾਲ ਪੁਰਖ ਨਾਲ ਸਾਂਝ ਪਾਉਣ ਦੀ ਅੱਗ ਬਾਲੀ ਹੈ। ਇਸ ਤਰ੍ਹਾਂ ਨਾਮ-ਤੇਲ ਹੋਵੇ ਤਾਂ ਇਹ ਜੀਵਨ ਰੂਪੀ ਦੀਵਾ ਜਗ ਮਗਾਉਂਦਾ ਹੈ।

ਦੂਜੇ ਸ਼ਬਦਾਂ ਵਿਚ ਸਿਮਰਨ ਦੇ ਤੇਲ ਤੋਂ ਬਿਨਾਂ ਆਤਮਕ ਜੀਵਨ ਦਾ ਦੀਵਾ ਜਗਮਗਾ ਹੀ ਨਹੀਂ ਸਕਦਾ। ਇਸ ਲਈ ਫਿਰ ਅੱਗੇ ਜਾ ਕੇ ਪ੍ਰਚਲਤ ਆਰਤੀ ਵਿਧੀ ਦੀ ਵਿਰੋਧਤਾ ਕਰਦੇ ਹੋਏ ਲਿਖਦੇ ਹਨ ਕਿ 'ਜੋ ਤਿਸੁ ਭਾਵੈ ਸੁ ਆਰਤੀ ਹੋਇ" ਜੋ ਪ੍ਰਭੂ ਨੂੰ ਆਰਤੀ ਭਾਉਂਦੀ ਹੈ ਉਹ ਤਾਂ ਸਾਰਾ ਬ੍ਰਹਮੰਡ ਹੀ ਇਸ ਅਕਾਸ਼ ਰੂਪੀ ਥਾਲ ਵਿਚ ਸੂਰਜ, ਚੰਦ੍ਰ ਦੀਵੇ ਬਣ ਕੇ, ਬਨਾਸਪਤੀ ਫੁੱਲ ਅਤੇ ਸਾਰੀ ਚੰਦਨੁ ਹੀ ਧੂਪ ਰੂਪ ਹੋ ਕੇ ਅਕਾਲ ਪੁਰਖ ਦੀ ਆਰਤੀ ਦਿਨ-ਰਾਤ ਕਰ ਰਹੇ ਹਨ ਅਤੇ ਇਸ ਲਈ ਇਹ ਅਲਪੱਗ ਜੀਵ ਦੇ ਚਾਰ ਦੀਵਿਆਂ ਤੇ ਸਮੱਗਰੀ ਨਾਲ ਕੀ ਆਰਤੀ ਕਰ ਸਕਦਾ ਹੈ?

## ਇਕ ਵੱਡਾ ਟਪਲਾ

ਉਪਰੋਕਤ ਗੁਰ ਸ਼ਬਦ "ਗਗਨ ਮੈਂ...ਕੇਵਲ ਇਕ ਰੂਪਕ ਅਲੰਕਾਰ ਵਿਚ ਕਲਮ ਬੰਦ ਨਹੀਂ ਕੀਤਾ ਗਿਆ ਸਗੋਂ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਤੱਖ ਇਸ ਗਗਨ ਮੰਡਲ ਵਿੱਚ ਹੋ ਰਹੀ ਆਰਤੀ ਨੂੰ ਸਾਂਗੋ ਪਾਂਗ, ਹੂ-ਬ-ਹੂ ਵਰਨਣ ਕੀਤਾ ਹੈ। ਗੁਰੂ ਜੀ ਨੂੰ ਸਾਰੇ ਅਕਾਸ਼ ਮੰਡਲ ਵਿਚ ਦੀਪਾਂ, ਲੋਆਂ, ਖੰਡਾਂ ਬ੍ਰਹਮੰਡਾਂ ਵਿਚ ਉਸ ਅਕਾਲੀ ਦਿੱਬ ਜੋਤਿ ਦਾ ਪ੍ਰਕਾਸ਼ ਚਉਫੇਰੇ ਝਲਕਾਂ ਮਾਰਦਾ ਫੈਲਦਾ ਇੰਨ-ਬਿੰਨ ਨਜ਼ਰ ਆ ਰਿਹਾ ਸੀ ਪਰ ਇਹ ਚਉਗਿਰਦੇ ਫੈਲਿਆ ਠੰਡਾ ਪ੍ਰਕਾਸ਼ ਝਲਕਾਂ ਮਾਰਦਾ ਪ੍ਰਕਾਸ਼, ਚੰਦਨ ਦੀ ਠੰਡ ਨੂੰ ਮਾਤ ਪਾਉਣ ਵਾਲਾ ਨੂਰ, ਅਲੌਕਿਕ ਚਾਨਣਾ, ਸਭ ਪਾਸੇ ਜਗਮਗਾਉਂਦੀ ਜੋਤਿ ਕਿਸੇ ਵਿਰਲੇ ਨਾਮ ਅਭਿਆਸੀ, ਸਿਮਰਨ ਦੀ ਬਰਕਤ ਨਾਲ, ਅਤੇ ਗੁਰ ਕ੍ਰਿਪਾ ਦੁਆਰਾ, ਵਡਭਾਗੇ ਕਿਸੇ ਵਿਰਲੇ ਗੁਰਮੁਖਿ ਨੂੰ ਹੀ ਪ੍ਰਾਪਤ ਹੁੰਦੀ ਹੈ, ਦ੍ਰਿਸ਼ਟੀ ਆਉਂਦੀ ਹੈ। ਵੈਸੇ ਇਹ ਦਿੱਬ ਜੋਤਿ ਅਲਾਹੀ ਪ੍ਰਕਾਸ਼ ਹਰ ਸਮੇਂ ਹਰ ਪਾਸੇ ਪਸਰਿਆ ਹੋਇਆ ਹੈ। ਥੱਲੇ ਇਸ ਕੁਦਰਤੀ ਜੋਤਿ ਦੀ ਕੁਦਰਤੀ ਆਰਤੀ ਦਾ ਪ੍ਰਕਾਸ਼, ਸਾਂਗੋ ਪਾਂਗ ਨਜ਼ਾਰਾ, ਜੋ ਸੋਨੇ ਦੀ ਚਿੜੀ ਪੰਥ ਪ੍ਰਸਿੱਧ ਹਸਤੀ ਨੂੰ ਗੁਰੂ ਕ੍ਰਿਪਾ ਦੁਆਰਾ, ਆਰਤੀ ਸਮੇਂ ਦੇਖਨ ਪੇਖਨ ਨੂੰ ਮਿਲਿਆ ਉਸ ਦਾ ਕੁਝ ਹੂ-ਬ-ਹੂ ਅੰਸ਼ ਪੇਸ਼ ਕਰਦੇ ਹਨ, ਟੂਕ ਮਾਤ੍ਰ ਵਰਨਣ ਕੀਤਾ ਜਾ ਰਿਹਾ ਹੈ।

## ਕੁਦਰਤੀ ਰੰਗਲੀ ਆਰਤੀ ਦਾ ਇਕ ਦ੍ਰਿਸ਼

ਪੰਥ ਪ੍ਰਸਿੱਧ ਗੁਰਮੁਖਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ (ਸੋਨੇ ਦੀ ਚਿੜੀ), ਪੁਸਤਕ ਜੇਲ੍ਹ ਚਿੱਠੀਆਂ ਵਿਚ ਜਿਥੇ ਸੋਲ੍ਹਾਂ ਪਹਰ ਵਿਚ ਇਕੋ ਅਡੋਲ ਆਸਣੀ ਲਿਵਤਾਰ ਵਿਚ ਬੈਠ ਕੇ ਗੁਰੂ ਕ੍ਰਿਪਾ ਦਾ ਸਦਕਾ ਸਾਵਧਾਨਤਾ ਅਤੇ ਇਕਾਗ੍ਰਤਾ ਸਹਿਤ, ਸ੍ਰੀ ਅਖੰਡ ਪਾਠ ਸਾਹਿਬ ਸੁਨਣ ਉਪਰੰਤ ਆਰਤੀ ਦੇ ਸ਼ਬਦਾਂ ਦਾ ਕੀਰਤਨ ਸੁਣਦੇ ਸਮੇਂ ਕੁਦਰਤ ਵਲੋ ਜੋ ਆਰਤੀ ਦਾ ਨਜ਼ਾਰਾ ਦੇਖਿਆ ਉਹ ਇਸ ਤਰ੍ਹਾਂ ਹੈ :-

"ਇਹ ਪ੍ਰਤਾਪ ਤੁਹਾਰਾ" ਰੁਣ ਝੁਣ ਦੀ ਗੁੰਜਾਰ ਗੂੰਜ ਉੱਠੀ, ਦਸਮ ਦੁਆਰ ਦੀ ਅਚਰਜ ਖੇਡ ਕਿਵਾੜ ਖੁੱਲ੍ਹਣ ਲੱਗ ਪਏ "**ਮਾਈ ਰੀ ਪੇਖਿ ਰਹੀ ਬਿਸਮਾਦ, ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ**" ਅਖੰਡ ਪਾਠ ਸੰਪੂਰਨ ਹੋਇਆ। ਆਰਤੀ ਦੇ ਸ਼ਬਦ ਦਾ ਕੀਰਤਨ ਕੀਤਾ ਗਿਆ। ਮੇਰੇ ਅੰਤਰ ਅਧਿਭੁਤ ਰੰਗਲੀ ਆਰਤੀ ਉਤਰਦੀ ਜਾਵੇ। ਆਰਤੀ ਦੇ ਸ਼ਬਦ ਦੇ ਭਾਵ ਦਾ ਵਰਤਾਰਾ ਇੰਨ-ਬਿੰਨ ਅਸਲ ਸੁੱਚੇ ਰੰਗਾਂ ਵਿਚ ਵਰਤ ਰਿਹਾ ਸੀ। ਢੋਲਕੀ, ਛੈਣੇ ਵਜਣੋਂ ਹਟ ਗਏ, ਪਰ ਮੈਨੂੰ ਅਨਿਕ ਪ੍ਰਕਾਰ ਦੇ ਰਾਗ ਰਤਨ ਕੀਰਤਨ ਖੰਡਾਂ ਬ੍ਰਹਮੰਡਾਂ ਵਿਚ ਹੁੰਦੇ ਸੁਣਦੇ ਸਨ, ਕਉਣ ਅੱਖ ਉਘੇੜੇ, ਝਲਮਲ ਝਲਮਲਾਟਾ ਦਾ ਥੱਰਾਟ ਦਿੱਬ ਜੋਤਿ ਮਈ ਪ੍ਰਕਾਸ਼ ਸਾਰੇ ਆਕਾਸ਼ ਮੰਡਲ ਦੇ ਪੁਲਾੜ ਵਿਚ ਝਲਕਾਰੇ ਮਾਰੇ। ਜਦ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੰਘਾਸਣ ਵੱਲ ਤੱਕਾਂ ਤਾਂ ਬੜਾ ਤਿੱਖਾ ਤੇਜ਼, ਝੱਲਿਆ ਨਾ ਜਾਵੇ ਪਰ ਪ੍ਰਭਾਵ ਬੜਾ ਹੀ ਠੰਡਾ ਤੇ ਮਿੱਠਾ। ਸਾਰੇ ਸਤਿਸੰਗ ਮੰਡਲ ਵਿਖੇ ਇਸ ਸਿੰਘਾਸਣ ਵਲੋਂ ਜੋਤਿ ਕਿਰਣਾਂ ਚਾਰ ਚੁਫੇਰੇ ਪੈ ਰਹੀਆਂ ਸਨ ਤੇ ਸੰਗਤ ਢੱਕੋ ਢੱਕੀ ਜੁੜੀ ਬੈਠੀ ਸੀ, ਸਭ ਦੀਆਂ ਅੱਖਾਂ ਮੇਰੇ ਵੱਲ (ਜੇਲ੍ਹ ਚਿੱਠੀਆਂ ਪੰਨਾ ੬੭)

ਇਹ ਹੈ ਉਪਰੋਕਤ ਆਰਤੀ ਦਾ ਅੱਖੀਂ ਡਿੱਠਾ ਨਜ਼ਾਰਾ। ਕੀ ਅਜੇ ਭੀ ਇਸ ਗਗਨ ਮੈ ਥਾਲ ਵਾਲੀ ਕੁਦਰਤੀ ਆਰਤੀ ਦੇ ਦ੍ਰਿਸ਼ ਨੂੰ ਕੇਵਲ ਇੱਕ ਅਲੰਕਾਰ (ਰੂਪਕ) ਸਮਝਣਾ ਇੱਕ ਭਾਰੀ ਟਪਲਾ ਨਹੀਂ ਹੈ?

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਬਿਲਕੁਲ ਸਪੱਸ਼ਟ ਹੈ ਕਿ ਨਾਮ ਸਿਮਰਨ ਹੀ ਇਕ ਸੱਚੀ ਸੁੱਚੀ ਆਰਤੀ ਹੈ ਜਿਸ ਨਾਲ ਸਾਡੀ ਜੀਵ-ਆਤਮਾ ਦੀ ਅਗਿਆਨਤਾ ਦਾ ਦੀਵਾ ਜਗਮਗਾ ਸਕਦਾ ਹੈ। ਅੰਧੇਰਾ ਕਿਹੜਾ ਹੈ? ਅਗਿਆਨਤਾ ਦਾ।



www.AKJ.Org

"ਅਗਿਆਨ ਅੰਧੇਰਾ ਸੂਝਸਿ ਨਾਹੀ"
ਇਹ ਅੰਧੇਰਾ ਕਿਵੇਂ ਦੂਰ ਹੁੰਦਾ ਹੈ-
ਦੀਵਾ ਬਲੇ ਅੰਧੇਰਾ ਜਾਇ॥
ਦੀਵਾ ਕਿਹੜਾ ਹੈ :-
ਦੀਵਾ ਮੇਰਾ ਏਕੁ ਨਾਮੁ॥

## ਆਰਤੀ ਅਤੇ ਫੁੱਲਾਂ ਦੀ ਵਰਖਾ

ਸੰਖਨ ਕੀ ਧੁਨ ਘੰਟਨਿ ਕੀ ਕਰਿ
ਫੂਲਨ ਕੀ ਬਰਖਾ ਬਰਖਾਵੈ॥
ਆਰਤੀ ਕੋਟਿ ਕਰੈ ਸੁਰ ਸੁੰਦਰ
ਪੇਖ ਪੁਰੰਦਰ ਕੇਬਲਿ ਜਾਵੈ॥ ਸਵੈਯਾ॥੫੫॥

ਉਪਰੋਕਤ ਪੰਕਤੀਆਂ ਦੀ ਅਤੇ ਪ੍ਰਚਲਤ ਆਰਤੀ ਦੀ ਰਸਮ ਦੇਖਾ ਦੇਖੀ ਦੀ ਟੇਕ ਲੈ ਕੇ ਸਿੱਖਾਂ ਵਿਚ ਭੀ ਸ਼ਾਦੀ-ਵਿਆਹ ਦੇ ਸਮੇਂ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਜਾਂ ਸ੍ਰੀ ਅਖੰਡ ਪਾਠ ਦੇ ਭੋਗ ਦੇ ਸਮੇਂ ਜਦ ਆਰਤੀ ਦੇ ਸ਼ਬਦਾਂ ਦਾ ਕੀਰਤਨ ਕੀਤਾ ਜਾ ਰਿਹਾ ਹੁੰਦਾ ਹੈ ਤਾਂ ਜਦ ਇਹ ਪੰਕਤੀਆਂ "ਸੰਖਨ ਕੀ ਧੁਨ ਘੰਟਨਿ ਕੀ ਕਰਿ, ਫੂਲਨ ਕੀ ਬਰਖਾ ਬਰਖਾਵੈ" ਆਉਂਦੀਆਂ ਹਨ ਤਾਂ ਫੁੱਲਾਂ ਦੀ ਬਰਖਾ, ਖੜ੍ਹੇ ਹੋ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਤੇ ਸੰਗਤਾਂ ਤੇ ਕੀਤਾ ਜਾਣ ਦਾ ਰਿਵਾਜ ਪੈ ਗਿਆ ਹੈ। ਸਤਿਕਾਰ ਵਜੋਂ ਫੁੱਲ ਭੇਟਾ ਕਰਨਾ ਅੱਛਾ ਹੈ ਪਰ ਇਹਨਾਂ ਪੰਕਤੀਆਂ ਦੇ ਕੀਰਤਨ ਸਮੇਂ ਹੀ ਕਿਉਂ? ਕੇਵਲ ਅਨਮਤੀਆਂ ਦੀ ਰੀਸ ਤੋਂ ਸਿਵਾਏ ਹੋਰ ਕੁਝ ਨਹੀਂ। ਅੱਜ ਕੱਲ੍ਹ ਫੁੱਲਾਂ ਦੀ ਬਰਖਾ ਦੇ ਨਾਲ ਸੰਖ, ਘੰਟੇ, ਟੱਲ ਆਦਿ ਵਜਾਉਣ ਦੀ ਭੀ ਰੀਸ ਕੀਤੀ ਜਾ ਰਹੀ ਹੈ ਕਿਉਂਕਿ ਇਹ ਭੀ ਤਾਂ ਇਹਨਾਂ ਪੰਕਤੀਆਂ ਵਿਚ ਹੀ ਸ਼ਬਦ ਆਏ ਹਨ। ਫਿਰ ਅਨਮਤਾਂ ਵਿਚ ਤਾਂ ਟੱਲ, ਘੰਟੇ, ਸੰਖ ਆਰਤੀ ਉਤਾਰਨ ਸਮੇਂ, ਬਜਾਏ ਹੀ ਜਾਂਦੇ ਹਨ।

ਆਉ ਜ਼ਰਾ ਹੁਣ ਉਪਰੋਕਤ ਸਵੈਯੇ ਦਾ ਪਿਛੋਕੜ ਦੇਖੀਏ। ਉਪਰੋਕਤ ਸਵੈਯੇ ਵਿਚ ਦੁਰਗਾ ਨੇ ਮਹਿਖਾਸੁਰ ਦੈਂਤ ਨੂੰ ਮਾਰ ਕੇ ਇੰਦਰ ਨੂੰ ਤਿਲਕ ਦਿੱਤਾ ਤਾਂ ਦੇਵਤਿਆਂ ਵਲੋਂ ਮਨਾਈਆਂ ਗਈਆਂ ਖੁਸ਼ੀਆਂ ਨੂੰ ਇਕ ਰੂਪਕ ਅਲੰਕਾਰ ਵਿਚ ਬੰਦ ਕੀਤਾ ਹੈ ਜਾਂ ਉਸ ਜਿੱਤ ਸਮੇਂ ਘੰਟੇ, ਟੱਲ, ਫੁੱਲ ਆਦਿ ਦੀ ਵਰਤੋਂ ਕੀਤੀ ਭੀ ਮੰਨੀ ਜਾ ਸਕਦੀ ਹੈ। ਖੁਸ਼ੀ ਮਨਾਉਣ ਦਾ ਦੇਵਤਿਆਂ ਦਾ ਇਕ ਪ੍ਰਗਟਾਵਾ ਹੈ, ਇਕ ਤਰੀਕਾ ਹੈ। ਪਰ ਅਸੀਂ ਆਰਤੀ ਦਾ ਕੀਰਤਲ ਕਰਦੇ ਸਮੇਂ ਕਿਹੜੀ ਲੜਾਈ ਜਾਂ ਜਿੱਤ ਆਸਲ ਕਰ ਰਹੇ ਹਾਂ ਜਾਂ ਕੀਤੀ ਹੈ। ਅਸੀਂ ਤਾਂ ਕੀਰਤਨ ਭਗਤੀ ਕਰ ਰਹੇ ਹਾਂ ਤੇ ਕਰਨ ਦਾ ਗੁਰਮਤਿ ਸਿਧਾਂਤ ਸਿੱਧਾ-ਸਾਦਾ ਹੈ ਕਿ- ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
ਸਾਵਧਾਨ ਏਕਾਗਰ ਚੀਤ॥ (ਪੰਨਾ ੨੯੫)
ਸਾਨੂੰ ਤਾਂ ਇਹ ਉਪਦੇਸ਼ ਦ੍ਰਿੜਾਇਆ, ਸਮਝਾਇਆ, ਬੁਝਾਇਆ ਗਿਆ ਸੀ ਕਿ ਨਚਿਐ ਟਪਿਐ ਭਗਤਿ ਨ ਹੋਇ॥ ਪੰਨਾ ੧੫੯ ਤਾਂ ਤੇ ਅਸੀਂ ਫੁੱਲਾਂ ਦੀ ਭੇਟਾ ਸਤਿਕਾਰ ਵਜੋਂ ਅਤੇ ਸਥਾਨ ਨੂੰ ਮਹਿਕਦਾ, ਖੁਸ਼ਬੂਦਾਰ ਰੱਖਣ ਲਈ, ਹਰ ਵਕਤ, ਕਰ ਸਕਦੇ ਹਾਂ ਨਾ ਕਿ ਗਲਤ ਰਸਮਾਂ ਦੀ ਰੀਸ ਕਰਕੇ, ਫੋਕਟ ਭਰਮਾਂ, ਵਹਿਮਾਂ, ਕਰਮਕਾਂਡਾਂ ਵਿਚ ਗਲਤਾਨ ਹੋਣਾ ਹੈ, ਸਾਨੂੰ ਸੁਚੇਤ ਰਹਿਣ ਦੀ ਲੋੜ ਹੈ।

ਆਰਤੀ ਵਾਲੇ ਸਾਰੇ ਹੀ ਸ਼ਬਦ ਨਿਰੋਲ ਅਕਾਲ ਪੁਰਖ ਦੀ ਉਸਤਤਿ ਅਤੇ ਸਚਾਈ ਦੇ ਪ੍ਰਤੀਕ ਹਨ, ਦੇਹਧਾਰੀ ਅਖਉਤੀ ਗੁਰੂ ਡੰਮ ਤੋਂ ਉਤਾਂਹ ਉਠਾ ਕੇ ਅਡੰਬਰਾਂ, ਪਖੰਡਾਂ, ਭਰਮਾਂ, ਵਹਿਮਾਂ, ਭੁਲੇਖਿਆਂ, ਫੋਕਟ ਰੀਤੀ ਰਿਵਾਜ਼ ਤੋਂ ਛੁਟਕਾਰਾ ਪਾਉਣਾ ਅਤੇ ਕੇਵਲ ਇਕ ਅਕਾਲ ਪੁਰਖ ਦੀ ਉਪਾਸਨਾ ਦੀ ਪ੍ਰਪੱਕਤਾ, ਦ੍ਰਿੜਤਾ ਅਤੇ ਅਟੱਲ ਨਿਸ਼ਚੈ ਦਾ ਉਪਦੇਸ਼ ਦੇਂਦੇ ਹਨ। ਆਰਤੀ ਦੇ ਸ਼ਬਦਾਂ ਰਾਹੀਂ ਕੀਰਤਨ ਕਰਨ ਦਾ ਸੰਕੇਤ ਅਤੇ ਰੀਤੀ ਪ੍ਰੰਪਰਾ ਦਾ ਸਾਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਰਚਿੱਤ ਬਾਣੀ ਚੋਂ ਭੀ ਇੰਝ ਮਿਲਦਾ ਹੈ
ਸੋ ਦਰੁ ਆਰਤੀ ਗਾਵੀਐ।
ਸ਼ਾਇਦ ਇਹ ਉਪਰੋਕਤ ਨਿਰੋਲ ਕਾਰਨ ਹਨ ਕਿ ਪੰਥ ਵਿਚ ਸ੍ਰੀ ਆਸਾ ਦੀ ਵਾਰ ਦੀ ਭਾਂਤੀ ਨਿਤਾਪ੍ਰਤਿ ਸੋ ਦਰੁ ਤੋਂ ਬਾਦ ਆਰਤੀ ਦੇ ਸ਼ਬਦਾਂ ਦਾ ਗਾਇਨ ਕਰਨ ਦਾ ਸਹਿਜ ਸੁਭਾਏ ਹੀ ਹਰ ਗੁਰਦੁਆਰੇ ਵਿਚ ਕੀਰਤਨ ਕਰਨ ਦੀ ਪ੍ਰਪਾਟੀ ਦਾ ਨੇਮ ਬਣ ਗਿਆ। ਪਰ ਇਹ ਨਿਰੋਲ ਵਾਹਿਗੁਰੂ ਨਾਲ ਸ਼ਬਦ ਮੂਰਤਿ ਵਿਚ ਲਿਵਲੀਨ ਹੋਣ ਲਈ ਕੀਰਤਨ ਦੇ ਤੌਰ ਤੇ ਹੀ ਆਰਤੀ ਸਬੰਧਕ ਸ਼ਬਦਾਂ ਦਾ ਗਾਇਨ ਹੋਣਾ ਚਾਹੀਦਾ ਹੈ ਨਾ ਕਿ ਥਾਲ ਵਿਚ ਧੂਪ, ਦੀਪ, ਬੱਤੀ, ਤੇਲ, ਫੁੱਲਾਂ ਦੀ ਬਰਖਾ, ਟੱਲ ਆਦਿ ਦੀ ਵਰਤੋਂ ਨਾਲ।

ਆਰਤ, ਆਰਤਾ ਅਤੇ ਆਰਤੀ ਨਾਲ ਸਬੰਧਤ ਆਏ ਸਾਰੇ ਹੀ ਗੁਰੂ ਸਾਹਿਬਾਂ ਅਤੇ ਭਗਤਾਂ ਦੇ ਸ਼ਬਦ ਇਕ ਹੀ ਵਿਚਾਰਧਾਰਾ ਦੀ ਲੜੀ ਨਿਰਗੁਣ ਦੀ ਉਪਾਸਨਾ ਵਿਚ ਪਰੋਤੇ ਤੇ ਸਾਨੂੰ ਫੋਕਟ ਰੀਤੀ ਰਿਵਾਜਾਂ, ਭਰਮਾਂ, ਭੁਲੇਖਿਆਂ, ਫੋਕਟ ਕਰਮਕਾਂਡਾਂ ਵਿਚੋਂ ਕੱਢ ਕੇ ਕੇਵਲ ਨਿਰਗੁਣ ਦੀ ਉਪਾਸਨਾ ਨਾਲ ਜੋੜਦੇ ਹਨ ਅਤੇ ਸੱਚੀ ਸੁੱਚੀ ਆਰਤੀ "ਦੀਵਾ ਮੇਰਾ ਏਕ ਨਾਮੁ" ਜੋ ਕੇਵਲ ਇਕ ਸਿਮਰਨ ਹੀ ਹੈ, ਦੀ ਦ੍ਰਿੜਤਾ ਕਰਾਉਂਦੇ ਹਨ। ❖❖❖

ਸੂਰਾ, ਲੁਧਿਆਣਾ

***

(ਪੰਨਾ ੬ ਦਾ ਬਾਕੀ)
ਸਉਣ ਸਗੁਨ ਵੀਚਾਰਣੇ, ਨਉਂ ਗ੍ਰਿਹ "ਬਾਰਹ ਰਾਸਿ" ਵੀਚਾਰਾ।
ਕਾਮਣ ਟੂਣੇ ਔਸੀਆਂ, ਕਣਸੋਈ ਪਾਸਾਰ ਪਾਸਾਰਾ।
ਗੱਦਹੁ ਕੁੱਤੇ ਬਿੱਲੀਆਂ, ਇੱਲ ਮਲਾਲੀ ਗਿੱਦੜ ਛਾਰਾ।
ਨਾਰਿ ਪੁਰਖੁ ਪਾਣੀ ਅਗਨਿ, ਛਿੱਕ ਪੱਦ ਹਿਡਕੀ ਵਰਤਾਰਾ।
ਥਿੱਤ ਵਾਰ, ਭੱਦ੍ਰਾ ਭਰਮ, ਦਿਸ਼ਾ ਸੂਲ ਸਹਸਾ ਸੈਸਾਰਾ।
ਵਲ ਛਲ ਕਰਿ ਵਿਸ਼ਵਾਸ ਲੱਖ, ਬਹੁ ਚੁੱਖੀ ਕਿਉਂ ਰਵੈ ਭਤਾਰਾ।
ਗੁਰਮੁਖਿ ਸੁਖ ਫਲ ਪਾਰਿ ਉਤਾਰਾ। (ਵਾਰ ੫/੮)

***


www.AKJ.Org

ਭਾਈ ਮਦਨ ਸਿੰਘ, ਚੀਫ ਕਨਵੀਨਰ, ਅਖੰਡ ਕੀਰਤਨੀ ਜਥਾ, ਯੂ.ਕੇ. ਵਲੋਂ

# ਪ੍ਰੋ. ਮਨਜੀਤ ਸਿੰਘ, ਕਾਰਜਕਾਰੀ ਜਥੇਦਾਰ ਨੂੰ ਲਿਖੇ ਖੁੱਲ੍ਹੇ ਖਤ ਦੇ ਕੁਝ ਅੰਸ਼

1. ਕੀ ਸਿੱਖਾਂ ਦਾ ਗੁਰੂ ਵਿਕਾਊ ਹੈ? ਗੁਰੂ ਗ੍ਰੰਥ ਸਾਹਿਬ ਸਮੁੱਚੇ ਸਿੱਖ ਜਗਤ ਲਈ ਦਸਾਂ ਪਾਤਸ਼ਾਹੀਆਂ ਦੀ ਜੋਤ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਗਿਆਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਤਿਕਾਰ ਕੀਤਾ ਜਾਂਦਾ ਹੈ ਪ੍ਰੰਤੂ ਨਾਲ ਲਗਦੇ ਮਾਈ ਸੇਵਾਂ ਬਾਜ਼ਾਰ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਆਮ ਵਸਤੂਆਂ ਵਾਂਗ ਵਿਕਦੀਆਂ ਹਨ। ਸਵਾਲ ਉਠਦਾ ਹੈ ਕਿ ਇਹ ਉਹੋ ਹੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਹੈ ਜਿਸਦਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਵਿਚ ਹੈ। ਘੋਰ ਨਿਰਾਦਰ ਹੋ ਰਿਹਾ ਹੈ ਤੇ ਕੌਮ ਦੇ ਮੁਹਾਣੇ ਮੂੰਹ ਵਿਚ ਘੁੰਗਣੀਆਂ ਪਾ ਦੇਖ ਰਹੇ ਹਨ। ਆਪ ਜੀ ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਯਾਦਾ ਕਾਇਮ ਰਖਣ ਲਈ ਬਚਨਬੱਧ ਹੋ। ਕੀ ਇਸ ਪਾਸੇ ਧਿਆਨ ਦੇਵੋਗੇ?

2. **ਬੁਕਲ ਦੇ ਸੱਪ**- ਤੁਹਾਨੂੰ ਭਲੀ ਭਾਂਤ ਪਤਾ ਹੈ ਸਿੱਖ ਕੌਮ ਨੂੰ ਖੇਰੂੰ ਖੇਰੂੰ ਕਰਨ ਲਈ ਜਿਥੇ ਆਰੀਆ ਸਮਾਜੀ ਫਿਰਕੂ ਤਾਕਤਾਂ ਘਾੜਤਾਂ ਘੜਦੇ ਜਾ ਰਹੇ ਹਨ ਉਥੇ ਬੁਕਲ ਦੇ ਸੱਪ ਵੀ ਦੰਭੀ ਤੇ ਪਾਖੰਡੀ ਸਾਧਾਂ ਵਿਚ ਨਰੈਣੂ ਵਰਗੇ ਮਹੰਤਾਂ ਦੀਆਂ ਰੂਹਾਂ ਨੇ ਆ ਡੇਰੇ ਲਾਏ ਹਨ। ਮਹੰਤਾਂ ਦੇ ਡੇਰੇ, ਸਰਕਾਰ ਦੇ ਝੋਲੀ ਚੁੱਕਾਂ, ਵਿਭਚਾਰੀਆਂ, ਨਸ਼ੇ ਆਦਿ ਸੇਵਨ ਕਰਨ ਵਾਲਿਆਂ ਦੇ ਅੱਡੇ ਬਣ ਚੁਕੇ ਹਨ। ਇਹ ਕੈਂਸਰ ਕੌੜੀ ਵੇਲ ਵਾਂਗ ਫੈਲਦਾ ਸਾਰੀ ਸਿੱਖ ਕੌਮ ਨੂੰ ਜਕੜੀ ਬੈਠਾ ਹੈ।

3. **ਮੂਰਤੀ ਪੂਜਾ**- ਗੁਰੂ ਦਾ ਸਿੱਖ ਸ਼ਬਦ ਦਾ ਪੁਜਾਰੀ ਹੈ ਨਾ ਕਿ ਗੁਰੂਆਂ ਦੀ ਮਨੋ ਕਲਪਿਤ ਤਸਵੀਰਾਂ ਦਾ ਕਾਰੋਬਾਰੀ ਬੰਦਿਆਂ ਤੋਂ ਅਖੌਤੀ ਸਾਧਾਂ ਨੇ ਰਲ ਕੇ ਆਪਣੇ ਹਲਵੇ ਮਾਂਡਿਆਂ ਨੂੰ ਮੁੱਖ ਰਖਦਿਆਂ ਮੂਰਤੀ ਪੂਜਾ ਨੂੰ ਜਨਮ ਦਿੱਤਾ ਹੈ। ਐਸ.ਜੀ.ਪੀ.ਸੀ. ਅੰਮ੍ਰਿਤਸਰ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਰਾਬਰ ਦੀਆਂ ਭਾਈਵਾਲ ਬਣੀਆਂ ਹਨ ਤੇ ਹੱਲਾਸ਼ੇਰੀ ਦਿੱਤੀ। ਜਿਸਦਾ ਨਤੀਜਾ ਘਰ-ਘਰ ਮੂਰਤੀ ਪੂਜਾ ਸ਼ੁਰੂ ਹੋ ਗਈ ਹੈ। ਸਜਾਵਟੀ ਸ਼ੋਪੀਸ ਵੀ ਗੁਰੂ ਸਾਹਿਬ ਦੀਆਂ ਤਸਵੀਰਾਂ ਨਾਲ ਜੜੇ ਜਾ ਰਹੇ ਹਨ।

4. **ਸਿਰੋਪਾਉ**- ਸਿਰੋਪਾ ਦੀ ਬਖਸਸ਼ ਦੀ ਚਲੀ ਆ ਰਹੀ ਸੀਨਾ ਬਸੀਨਾ ਰਵਾਇਤ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਬਹੁਤ ਹੀ ਨੀਵੀਂ ਪੱਧਰ ਤੇ ਲੈ ਆਂਦਾ ਹੈ। ਬਾਬਰੀ ਮਸਜਦ ਨੂੰ ਢਾਹੁਣ ਵਾਲਿਆਂ ਨੂੰ ਵੀ ਸਿਰੋਪਾ ਤੇ ਬਾਬਰੀ ਮਸਜਦ ਨੂੰ ਮੰਨਣ ਵਾਲਿਆਂ ਨੂੰ ਵੀ ਸਿਰੋਪਾਓ ਦਿੱਤੇ ਗਏ ਅਤੇ ਆਰੀਆ ਸਮਾਜੀ ਮੁਰਾਰ ਜੀ ਡਿਸਾਈ ਵਰਗੇ ਨੂੰ ਵੀ ਉਸ ਦੇ ਘਰ ਜਾ ਕੇ ਸੀਸਗੰਜ ਗੁਰਦੁਆਰਾ ਸਾਹਿਬ ਵਲੋਂ ਸਿਰੋਪਾਉ ਭੇਟਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਕੁਝ ਕੁ ਮਸ਼ਹੂਰ ਉਦਾਹਰਣਾਂ ਜੋ ਗੁਰਮਤਿ ਦੇ ਬਿਲਕੁਲ ਉਲਟ ਹਨ-ਦਸੀਆਂ ਹਨ। ਸਿਰੋਪਾਉ ਭੇਟ ਕਰਨਾ ਇਕ ਰਸਮ ਹੀ ਬਣ ਕੇ ਰਹਿ ਗਈ ਹੈ ਅਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਜਣੇ ਖਣੇ ਨੂੰ ਸਿਰੋਪਾਉ ਦੀ ਬਖਸ਼ਸ਼ ਕੀਤੀ ਜਾ ਰਹੀ ਹੈ। ਕਿੱਡਾ ਵੱਡਾ ਮਖੌਲ ਇਸ ਪਵਿੱਤਰ ਮਰਯਾਦਾ ਨਾਲ ਕੀਤਾ ਜਾ ਰਿਹਾ ਹੈ।

5. **ਕਿਰਪਾਨ ਦਾ ਮਸਲਾ**- ਆਪ ਜੀ ਕਈ ਵੇਰਾਂ ਸਫਰ ਕਰ ਚੁਕੇ ਹੋ ਅਤੇ ਆਪ ਜੀ ਨੂੰ ਯਾਦ ਹੋਵੇਗਾ ਕਿ ਕਿਰਪਾਨ ਦੀ ਅਜ਼ਾਦੀ ਲਈ ਸਿੰਘਾਂ ਨੇ ਬੇਅੰਤ ਕੁਰਬਾਨੀਆਂ ਕੀਤੀਆਂ। ਸ੍ਰੀ ਸਾਹਿਬ ਨੂੰ ਹਵਾਈ ਜਹਾਜ ਦੇ ਅਮਲੇ ਦੇ ਹਵਾਲੇ ਕਰਨ ਸਮੇਂ ਯਾ ਸੂਟਕੇਸ ਵਿਚ ਲੁਕਾਉਣ ਸਮੇਂ ਕੀ ਤੁਹਾਡਾ ਮਨ ਦੁਖਿਆ ਨਹੀਂ ਸੀ? ਜ਼ਰੂਰ ਦੁਖਿਆ ਹੋਵੇਗਾ। ਅੰਮ੍ਰਿਤਧਾਰੀ ਸਿੱਖ ਤੁਹਾਡੇ ਤੇ ਆਸ ਲਾਈ ਬੈਠੇ ਹਨ, ਸਿਰਫ ਕਿਰਪਾਨ ਅਜ਼ਾਦ ਕਰਾਉਣ ਲਈ ਹੰਭਲਾ ਮਾਰਨ ਦੀ ਲੋੜ ਹੈ।

6. **ਸ਼ਹੀਦ ਪਰਵਾਰ**- ਸ਼ਹੀਦ ਪਰਿਵਾਰਾਂ ਦੀ ਸਾਰ ਸੰਭਾਲ ਕਰਨੀ ਵੀ ਤੁਹਾਡਾ ਫਰਜ਼ ਬਣਦਾ ਹੈ। ਪਿਛਲੇ ਦਹਾਕੇ ਵਿੱਚ ਇਤਿਹਾਸਿਕ ਤੇ ਹੋਰ ਗੁਰਦੁਆਰਿਆਂ ਦੇ ਨਾਲ-ਨਾਲ ਸਿੱਖਾਂ ਦਾ ਵੀ ਵੱਡੀ ਪੱਧਰ ਤੇ ਕਤਲਿਆਮ ਹੋਇਆ ਸੀ। ਮੈਂ ਮੰਨਦਾ ਹਾਂ ਜੋਸ਼ ਵਿਚ ਆ ਕੇ ਕੁਝ ਕੁ ਜੁਝਾਰੂ ਵੀਰਾਂ ਨੇ ਕਈ ਗਲਤੀਆਂ ਕੀਤੀਆਂ ਸਨ ਪ੍ਰੰਤੂ ਇਸ ਲਹਿਰ ਵਿਚ ਸਿਦਕੀ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਅਖੋਂ ਓਹਲੇ ਵੀ ਨਹੀਂ ਕੀਤਾ ਜਾ ਸਕਦਾ। ਹਜ਼ਾਰਾਂ ਸਿੱਖ ਗਭਰੂ ਬਿਨਾਂ ਮੁਕਦਮਾ ਚਲਾਇਆਂ ਜੇਲ੍ਹਾਂ ਦੇ ਨਰਕ ਭੋਗ ਰਹੇ ਹਨ। ਉਹਨਾਂ ਦੇ ਪਰਿਵਾਰ ਪੁਲਸ ਤੇ ਉਹਨਾਂ ਦੇ ਹਥ ਠੋਕਿਆਂ ਦੇ ਜ਼ੁਲਮ ਦੇ ਸ਼ਿਕਾਰ ਹੋ ਰਹੇ ਹਨ। ਤੁਹਾਡਾ ਮੁਖ ਫਰਜ਼ ਬਣਦਾ ਹੈ ਇਹਨਾਂ ਦੁਖੀ ਪਰਿਵਾਰਾਂ ਦੀ ਸੇਵਾ ਸੰਭਾਲ ਲਈ ਯਤਨ ਅਰੰਭੋ।

7. **ਨਸ਼ੇ**- ਪ੍ਰਸ਼ਾਦੇ ਤੋਂ ਸਿਵਾ ਸਭ ਨਸ਼ੇ ਗੁਰਮਤਿ ਅਨੁਸਾਰ ਬਿਵਰਜਿਤ ਹਨ। ਪ੍ਰੰਤੂ ਅੱਜ ਕਲ ਦਾ ਸਿੱਖ ਨਸ਼ਿਆਂ ਦਾ ਸੇਵਨ ਕਰਨਾ ਆਪਣੀ ਸ਼ਾਨ ਸਮਝ ਰਿਹਾ ਹੈ। ਦੂਸਰੇ ਸ਼ਬਦਾਂ ਵਿਚ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਰਿਹਾ ਹੈ। ਆਪ ਹੀ ਸੋਚੋ-ਕੀ ਪੋਸਤੀਆਂ ਦੀ ਕੌਮ ਗੁਰੂ ਪਾਤਸ਼ਾਹ ਦਾ ਰੂਪ ਹੋ ਸਕਦੀ ਹੈ? ਅਤੇ "ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੈ ਹੋ ਕਰੋਂ ਨਿਵਾਸ॥" ਦੀ ਸਚਾਈ ਕਿਵੇਂ ਪਛਾਣੀ ਜਾਵੇਗੀ?

8. **ਹਰਿਦੁਆਰ ਬਾਨਾਮ ਕੀਰਤਪੁਰ ਸਾਹਿਬ**- ਬ੍ਰਾਹਮਣੀ ਮੱਤ ਅਨੁਸਾਰ ਅਗਨੀ ਭੇਟ ਕੀਤੇ ਮੁਰਦੇ ਦੀਆਂ ਅਸਥੀਆਂ ਗੰਗਾ ਦਰਿਆ ਵਿਚ ਜਲ ਪ੍ਰਵਾਹ ਕੀਤੀਆਂ ਜਾਂਦੀਆਂ ਹਨ। ਬਿਪਰਨ ਰੀਤ ਦੀ ਨਕਲ ਕਰਦਿਆਂ ਸਿੱਖ ਵੀ ਹਰਿਦੁਆਰ ਦੀ ਬਜਾਇ ਕੀਰਤਪੁਰ ਸਾਹਿਬ ਸਿੱਖ ਮੁਰਦੇ ਦੀਆਂ ਹੱਡੀਆਂ ਜਲ ਪ੍ਰਵਾਹ ਕਰਨ ਲਗ ਪਏ ਹਨ। ਫਰਕ ਸਿਰਫ ਏਨਾਂ ਹੀ ਹੈ ਕਿ ਹਰਿਦੁਆਰ ਵਿਚ ਹਿੰਦੂ ਪਾਂਡੇ ਪ੍ਰਪੰਚ ਕਰ ਰਹੇ ਹਨ ਤੇ ਕੀਰਤਪੁਰ ਸਾਹਿਬ ਕੇਸਾਧਾਰੀ ਸਿੱਖ ਪਾਂਡੇ ਐਸ. ਜੀ. ਪੀ. ਸੀ.

(ਬਾਕੀ ਪੰਨਾ ੧੬ ਤੇ)



www.AKJ.Org

# ਦਮਦਮੀ ਜਪੁ ਨੀਸਾਣੁ
# ਸ੍ਰੀ ਗੁਰੂ ਗ੍ਰੰਥ ਸਾਹਿਬ

(ਡਾ. ਵਿਕਰਮ ਸਿੰਘ, ਗੁਰਮਤਿ ਕਾਲਜ, ਪਟਿਆਲਾ।)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਹੱਥ-ਲਿਖਤ ਸਰੂਪ ਫਿਰੋਜਪੁਰ ਸ਼ਹਿਰ ਦੇ ਗੁਰਦੁਆਰਾ ਬਗਦਾਦੀ ਗੇਟ ਵਿਚ ਬਹੁਤ ਸਤਿਕਾਰ ਸਹਿਤ ਰਖਿਆ ਹੋਇਆ ਮਿਲਦਾ ਹੈ। ਇਥੋਂ ਦੇ ਪ੍ਰਬੰਧਕ ਦਸਦੇ ਹਨ ਕਿ ਇਹ ਸਰੂਪ ਪਾਕਿਸਤਾਨ ਤੋਂ ਲਿਆਂਦਾ ਗਿਆ। ਉਥੋਂ ਦੇ ਪ੍ਰਬੰਧਕਾਂ ਵਲੋਂ ਇਹ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ ਕਿ ਇਹ ਇਕ ਇਤਿਹਾਸਿਕ ਹੱਥ-ਲਿਖਤ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਭੇਟ ਕੀਤਾ ਸੀ। ਅੱਜ ਕੱਲ ਇਸ ਸਰੂਪ ਨੂੰ ਕਈ ਹੋਰ ਥਾਵਾਂ ਉਤੇ ਗੁਰਦੁਆਰਿਆਂ ਵਿਚ ਲਿਜਾਇਆ ਜਾ ਰਿਹਾ ਹੈ। ਸਿੱਖ ਸੰਗਤਾਂ ਵਿਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਸਰੂਪ ਦਾ ਸੰਬੰਧ ਸ੍ਰੀ ਗੋਬਿੰਦ ਸਿੰਘ ਅਤੇ ਪੀਰ ਬੁੱਧੂ ਸ਼ਾਹ ਨਾਲ ਹੈ। ਧਾਰਮਿਕ ਭਾਵਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਤਿਕਾਰ ਦੇ ਪ੍ਰਭਾਵ ਕਰਕੇ ਸਿੱਖ ਸੰਗਤਾਂ ਇਸ ਸਰੂਪ ਦੇ ਦਰਸ਼ਨ ਕਰਨ ਲਈ ਇਕਠੀਆਂ ਹੋ ਜਾਂਦੀਆਂ ਹਨ। ਬਿਨਾਂ ਕਿਸੇ ਪਛਾਣ ਜਾਂ ਨਿਰਣਾ ਕੀਤਾ ਇਸ ਬੀੜ ਸੰਬੰਧੀ ਅਜੇਹਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਅਯੋਗ ਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਨੂੰ ਇਸ ਸਰੂਪ ਦੀ ਅਸਲੀਅਤ ਬਾਰੇ ਨਾ ਦਸ ਕੇ ਹਨੇਰੇ ਵਿਚ ਰਖਿਆ ਜਾ ਰਿਹਾ ਹੈ। ਇਸ ਸਬੰਧੀ ਜਦੋਂ ਖੋਜ ਕੀਤੀ ਗਈ ਤਾਂ ਇਹ ਤੱਥ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਹਥ ਲਿਖਤ ਸਰੂਪ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਪੀਰ ਬੁੱਧੂ ਸ਼ਾਹ ਨਾਲ ਕੋਈ ਇਤਿਹਾਸਕ ਸੰਬੰਧ ਨਹੀਂ ਹੈ।

ਮੈਨੂੰ ਇਸ ਸਰੂਪ ਨੂੰ ੨੮-੧੦-੯੪ ਨੂੰ ਫਿਰੋਜਪੁਰ ਵਿਖੇ ਵੇਖਣ ਤੇ ਪੜ੍ਹਣ ਦਾ ਮੌਕਾ ਪ੍ਰਾਪਤ ਹੋਇਆ। ਦੋ-ਤਿੰਨ ਘੰਟੇ ਲਈ ਇਸਨੂੰ ਵੇਖਿਆ ਤੇ ਕੁਝ ਜਰੂਰੀ ਗੱਲਾਂ ਲਿਖ ਲਈਆਂ। ਇਸ ਥੋੜ੍ਹੇ ਜਿਹੇ ਸਮੇਂ ਵਿਚ ਜੋ ਕੁਝ ਇਸ ਬਾਰੇ ਵੇਰਵਾ ਪ੍ਰਾਪਤ ਹੋ ਸਕਿਆ ਉਹ ਪਾਠਕਾਂ ਨਾਲ ਸਾਂਝਾ ਕਰਨ ਲਈ ਲਿਖਿਆ ਜਾ ਰਿਹਾ ਹੈ।

**1. ਪ੍ਰਾਪਤੀ ਦਾ ਸਥਾਨ:-** ਪ੍ਰਬੰਧਕਾਂ ਵਲੋਂ ਲਿਖਤੀ ਦਿਤੀ ਗਈ ਸੂਚਨਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਨੂੰ ਲਾਹੌਰ ਦੇ ਨਿਵਾਸੀ ਸਾਂਈ ਬਸ਼ੀਰ ਅਹਿਮਦ ਤੋਂ ਪ੍ਰਾਪਤ ਕੀਤਾ ਗਿਆ। ਸਰਦਾਰ ਹਰਪਾਲ ਸਿੰਘ ਭੁਲਰ ਆਪਣੇ ਲੇਖ ਵਿਚ ਦਸਦੇ ਹਨ ਕਿ ਸਾਂਈ ਬਸ਼ੀਰ ਅਹਿਮਦ ਨੇ ਆਪਣੇ ਬਾਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਹ ਜਾਣਕਾਰੀ ਦਿਤੀ-

"ਅਸੀਂ (ਸਾਂਈ ਬਸ਼ੀਰ ਅਹਿਮਦ ਦਾ ਖਾਨਦਾਨ) ਉਹਨਾਂ ਦੇ (ਪੀਰ ਬੁੱਧੂ ਸ਼ਾਹ ਦੇ) ਮੁਰੀਦ ਦੀ ਬੰਸ ਵਿਚੋਂ ਹਾਂ। ਸਾਡੇ ਪਾਸ ਦਸਵੇਂ ਪੀਰ ਗੋਬਿੰਦ ਸਿੰਘ ਜੀ ਦੀ ਉਹ ਪਵਿੱਤਰ ਹੱਥ-ਲਿਖਤ ਵੱਡੀ ਪੋਥੀ ਪਈ ਹੈ ਜੋ ਦਸਵੇਂ ਪੀਰ ਗੋਬਿੰਦ ਸਿੰਘ ਜੀ ਨੇ ਸਾਡੇ ਪੀਰ ਬੁੱਧੂ ਸ਼ਾਹ ਜੀ ਨੂੰ ਭੇਟ ਕੀਤੀ ਸੀ।"

(ਨੋਟ- ਅਸੀਂ ਅੱਗੇ ਵੇਖਾਂਗੇ ਕਿ ਇਹ ਉਪਰ ਦਿਤੀ ਸੂਚਨਾ ਠੀਕ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਲਿਖਿਆ ਹੋਇਆ ਨਹੀਂ ਹੈ।)

**2. ਆਕਾਰ ਤੇ ਆਕ੍ਰਿਤੀ-** ਇਸ ਸਰੂਪ ਦਾ ਆਕਾਰ 24x 20 ਇੰਚ ਹੈ। ਇਸਦਾ ਕਾਗਜ਼ ਮੁਲਾਇਮ ਹੈ ਪਰ ਮੋਟਾ ਤੇ ਭਾਰੀ ਹੈ। ਜ਼ਿਲਦ ਮਜ਼ਬੂਤ ਤੇ ਮੋਟੇ ਗੱਤੇ ਦੀ ਹੈ ਜਿਸ ਦੇ ਨੀਚੇ ਚਮੜਾ ਲਗਿਆ ਹੋਇਆ ਹੈ। ਜਿਲਦ ਬੰਨਣ ਵੇਲੇ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਥੱਲੇ ਦੋਹੀਂ ਪਾਸੀਂ ਲੋਹੇ ਦੀਆਂ ਦਰਮਿਆਨੇ ਸਾਈਜ਼ ਦੀਆਂ ਸੀਖਾਂ ਲਗਾਕੇ ਸਿਲਾਈ ਕੀਤੀ ਹੋਈ ਹੈ ਅਤੇ ਲਗਦਾ ਹੈ ਕਿ ਲੋਹੇ ਦੀਆਂ ਮਜ਼ਬੂਤ ਪਤਰੀਆਂ ਵੀ ਹੇਠਾਂ ਲਗੀਆਂ ਹੋਈਆਂ ਹਨ। ਇਸ ਕਰਕੇ ਇਸ ਦਾ ਭਾਰ ਬਹੁਤ ਜ਼ਿਆਦਾ ਹੈ ਜੋ ਕਿ ੫੦-੬੦ ਕਿਲੋ ਲੱਗਦਾ ਹੈ। ਇਹ ਚੰਗੀ ਹਾਲਤ ਵਿਚ ਬਹੁਤ ਮਜਬੂਤ ਹੈ।

ਆਰੰਭ ਵਿਚ ਕੁਝ ਪੱਤਰੇ ਖਾਲੀ ਛੱਡਕੇ ਅਗੇ ੨੬ ਪਤਰਿਆਂ ਉਪਰ ਤੱਤਕਰਾ ਦਿਤਾ ਹੋਇਆ ਹੈ ਅਗੇ ਫਿਰ ਕੁਝ ਪੱਤਰੇ ਖਾਲੀ ਹਨ। ਜਪੁਜੀ ਤੋਂ ਆਰੰਭ ਕਰਕੇ ਰਾਗਮਾਲਾ ਤਕ ਕੁਲ ੭੬੮ ਪੱਤਰੇ ਹਨ। ਇਸ ਵਿਚ ਕੇਵਲ ਪੱਤਰਾ ਅੰਕ ਹੀ ਦਿੱਤਾ ਹੋਇਆ ਹੈ ਪੰਨੇ ਨਹੀ ਦਿਤੇ ਹੋਏ। ਪ੍ਰਕਾਸ਼ ਕੀਤੇ ਸਰੂਪ ਦੇ ਸੱਜੇ ਪੱਤਰੇ ਦੇ ਸੱਜੇ ਪਾਸੇ ਉਪਰ ਕੋਨੇ ਵਿਚ ਪੱਤਰਾ ਅੰਕ ਲਿਖਿਆ ਹੋਇਆ ਹੈ। ਪੱਤਰੇ ਦੇ ਪਿਛਲੇ ਪਾਸੇ ਕੋਈ ਵੀ ਅੰਕ ਨਹੀਂ ਲਿਖਿਆ ਹੋਇਆ। ਅੰਕ ਲੱਗੇ ਵਾਲਾ ਪੰਨਾ ਅਤੇ ਉਸ ਤੋਂ ਪਿਛਲੇ ਪਾਸੇ ਵਾਲਾ ਪੰਨਾ, ਦੋਵੇਂ ਰਲਾਕੇ ਇਕ ਪਤਰਾ ਬਣਦਾ ਹੈ। ਭਾਵ ਇਹ ਕਿ ਇਕ ਹੀ ਪੱਤਰੇ ਦੇ ਸਿਧੇ ਤੇ ਪੁਠੇ ਪਾਸੇ ਨੂੰ ਲੈ ਕੇ ਪੂਰਾ ਪੱਤਰਾ ਬਣਦਾ ਹੈ। ਹਰ ਇਕ ਪੰਨੇ ਉਤੇ ਚਾਰੇ ਪਾਸੀਂ ਤਿੰਨ ਰੰਗਾਂ ਦੀਆਂ ਤਿੰਨ-ਤਿੰਨ ਲਾਈਨਾਂ ਲਗਾਕੇ ਹਾਸ਼ੀਆਂ ਬਣਾਇਆ ਹੋਇਆ ਹੈ। ਪਹਿਲੇ ਪੰਨੇ (ਜਿਥੇ ਜਪੁਜੀ ਦੀ ਬਾਣੀ ਸ਼ੁਰੂ ਹੁੰਦੀ ਹੈ) ਅਤੇ ਆਖਰੀ ਪੰਨੇ ਉਤੇ ਅਠਭੁਜੀ ਹਾਸ਼ੀਆ ਬਣਾਕੇ ਬਾਣੀ ਲਿਖੀ ਹੋਈ ਹੈ। ਪੱਤਰੇ ਦੇ ਦੋਹੇਂ ਪਾਸੀਂ ਹਰ ਇਕ ਪੰਨੇ ਉਤੇ ਵੀਹ-ਵੀਹ ਲਾਈਨਾਂ ਵਿਚ ਬਾਣੀ ਲਿਖੀ ਹੋਈ ਹੈ।

**3. ਬਾਣੀ ਬਿਉਰਾ-** ਇਸ ਸਰੂਪ ਦੀ ਸਾਰੀ ਬਾਣੀ ਇਸ ਸਮੇਂ ਪ੍ਰਕਾਸ਼ ਕੀਤੇ ਜਾਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਤਰਤੀਬ ਬਧ ਹੈ। ਅੰਤ ਵਿਚ 'ਸਲੋਕ ਵਾਰਾਂ ਤੇ ਵਧੀਕ', 'ਸਲੋਕ ਮ: ੯', 'ਮੁੰਦਾਵਣੀ', 'ਤੇਰਾ ਕੀਤਾ ਜਾਤੋ ਨਾਹੀ'.... ਅਤੇ 'ਰਾਗ ਮਾਲਾ' ਹੈ। ਭਗਤ ਸੂਰਦਾਸ ਦਾ ਸ਼ਬਦ 'ਛਾਡਿ ਮਨ ਹਰਿ ਬਿਮੁਖਨ ਕੋ ਸੰਗ' ਇਕ ਤੁਕ ਹੀ ਹੈ। ਰਾਮਕਲੀ ਛੰਤ ਮ: ੫ ਦੇ ਅਖੀਰ ਕੇਵਲ ਦੋ ਤੁਕਾਂ' ਰੁਣ ਝੁੰਝਨੜਾ ਗਾਉ...' ਹਨ। ਮੀਰਾਂ ਬਾਈ ਦਾ ਰਾਗ ਮਾਰੂ ਵਿਚ ਸ਼ਬਦ ਨਹੀਂ ਹੈ। ਮ. ੯ ਦੇ



www.AKJ.Org

ਸਲੋਕਾਂ ਵਿਚ ਨੇ. ੫੬ ਸਲੋਕ 'ਬਲ ਹੋਆ ਬੰਧਨ ਛੁਟੇ...' ਦੇ ਉਪਰ ਮਹੱਲਾ ੧੦ ਨਹੀਂ ਲਿਖਿਆ ਹੋਇਆ। 'ਜਪੁ' ਬਾਣੀ ਦਾ ਤੱਤਕਰੇ ਵਿਚ ਸਿਰਲੇਖ 'ਜਪੁ ਨੀਸਾਣੁ' ਦਿਤਾ ਹੋਇਆ ਹੈ। ਸੋਹਿਲਾ ਬਾਣੀ ਦਾ ਤੱਤਕਰੇ ਵਿਚ ਸਿਰਲੇਖ 'ਸੋਹਿਲਾ ਕੀਰਤਿ ਸ਼ਬਦ ੫ ਹੈ ਅਤੇ ਅੰਦਰ ਇਸਦਾ ਸਿਰਲੇਖ 'ਸੋਹਿਲਾ ਰਾਗੁ ਗਉੜੀ ਦੀਪਕੀ ਮ. ੧' ਹੈ। ਸਵਈਏ ਮਹਲਾ ਦੂਜੇ ਕੇ ਵਿਚ ਪਾਠ 'ਸੋ ਕਹੁ ਟਲ..' ਹੈ। ਇਸਦੇ ਤੱਤਕਰੇ ਭਾਗ ਵਿਚ ਜਿਥੇ ਜਿਥੇ ਵੀ ਰਾਗ ਦੇ ਸ਼ਬਦ ਮੁਕਦੇ ਹਨ ਉਥੇ 'ਜੁਮਲਾ' ਵੀ ਲਿਖਿਆ ਹੋਇਆ ਮਿਲਦਾ ਹੈ ਅਤੇ ਉਸਦੇ ਸਾਹਮਣੇ ਉਸਦਾ ਪੱਤਰਾ ਅੰਕ ਵੀ ਦਿਤਾ ਗਿਆ ਹੈ। ਇਸ ਸਰੂਪ ਵਿਚ ਕੋਈ ਵੀ ਵਾਧੂ ਲਿਖਤ ਨਹੀਂ ਹੈ। ਇਸ ਵਿਚ ਸੰਮਤ, ਲਿਖਾਰੀ ਦਾ ਨਾਮ, ਸਿਆਹੀ ਬਨਾਉਣ ਦੀ ਵਿਧੀ, ਜੋਤੀ-ਜੋਤਿ ਸਮਾਵਣ ਦੀਆਂ ਤਿਥਾਂ ਆਦਿ ਬਾਰੇ ਕਿਤੇ ਵੀ ਕੋਈ ਸੰਕੇਤ ਨਹੀਂ ਦਿਤਾ ਹੋਇਆ।

**4. ਪੀਰ ਬੁੱਧੂ ਸ਼ਾਹ-** ਸਯਦ ਬਦਰੁਦੀਨ, ਜੋ ਪੀਰ ਬੱਧੂ ਸ਼ਾਹ ਦੇ ਨਾਮ ਨਾਲ ਪ੍ਰਸਿੱਧ ਹਨ, ਦਾ ਸੰਬੰਧ ਜਿਲਾ ਅੰਬਾਲੇ ਦੇ ਪਿੰਡ ਸਾਢੌਰਾ ਦੇ ਸਯਦ ਪਰਿਵਾਰ ਨਾਲ ਸੀ। ਇਸਦੇ ਵੰਸ਼ ਵਾਲੇ ੧੯੪੭ ਵਿਚ ਪਾਕਿਸਤਾਨ ਚਲੇ ਗਏ ਅਤੇ ਉਥੇ ਹੀ ਹੁਣ ਵਸਦੇ ਹਨ। ਲਾਹੌਰ ਦੇ ਸਾਂਈ ਬਸ਼ੀਰ ਅਹਿਮਦ ਜਿਸ ਤੋਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੱਥ-ਲਿਖਤ ਸਰੂਪ ਪ੍ਰਾਪਤ ਕੀਤਾ ਗਿਆ ਹੈ ਉਸਦਾ ਸਿੱਧਾ ਸੰਬੰਧ ਪੀਰ ਬੁੱਧੂ ਸ਼ਾਹ ਦੀ ਵੰਸ਼ ਨਾਲ ਬਿਲਕੁਲ ਨਹੀਂ ਹੈ। ਸਾਈਂ ਬਸ਼ੀਰ ਅਹਿਮਦ ਆਪਣੇ ਆਪਦਾ ਸੰਬੰਧ ਪੀਰ ਬੁੱਧੂ ਸ਼ਾਹ ਦੇ ਮੁਰੀਦਾਂ (ਚੇਲਿਆਂ) ਦੀ ਵੰਸ਼ ਨਾਲ ਜੋੜਦੇ ਹਨ। ਸਾਂਈ ਬਸ਼ੀਰ ਅਹਿਮਦ ਅਨੁਸਾਰ (ਜਿਵੇਂ ਸ. ਹਰਪਾਲ ਸਿੰਘ 'ਭੁੱਲਰ' ਪ੍ਰਚਾਰਦੇ ਹਨ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਖਸ਼ਸ਼ ਕੀਤਾ ਸੀ ਫਿਰ ਇਹ ਅਗੋ ਚੱਲਦਾ ਹੋਇਆ ਉਸ ਦੀ ਵੰਸ਼ ਵਿਚ ਦੀ ਹੁੰਦਾ ਹੋਇਆ ਉਸ ਪਾਸ ਪਹੁੰਚ ਗਿਆ ਸੀ। ਇਥੇ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਸਾਂਈ ਬਸ਼ੀਰ ਅਹਿਮਦ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਹਥ-ਲਿਖਤ ਸਰੂਪ ਬਾਰੇ ਦਿਤੀ ਗਈ ਇਹ ਸੂਚਨਾ ਕਿਸੇ ਪੱਖੋਂ ਵੀ ਸਹੀ ਨਹੀਂ ਲਗਦੀ।

ਸੰਨ ੧੬੮੬ ਵਿਚ ਭੰਗਾਣੀ ਦੇ ਯੁੱਧ ਜਿਤਣ ਪਿਛੋਂ ਜੋ ਵਸਤੂਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਪਾਉਂਟਾ ਸਾਹਿਬ ਵਿਚ ਬਖਸ਼ਸ਼ ਕੀਤੀਆਂ ਸਨ, ਉਸਦਾ ਵੇਰਵਾ ਸਿੱਖ ਇਤਿਹਾਸ ਵਿਚ ਪੂਰੀ ਤਰ੍ਹਾਂ ਲਿਖਿਆ ਮਿਲਦਾ ਹੈ। ਇਹ ਵਸਤੂਆਂ ਪੀਰ ਬੁੱਧੂ ਸ਼ਾਹ ਦੀ ਸੰਤਾਨ ਤੋਂ ਬਾਅਦ ਵਿਚ ਨਾਭੇ ਦੇ ਮਹਾਰਾਜਾ ਭਰਪੂਰ ਸਿੰਘ (੧੮੪੦-੬੩ ਈ.) ਨੇ ਪ੍ਰਾਪਤ ਕਰ ਲਈਆਂ ਸਨ। ਭਾਈ ਕਾਨ੍ਹ ਸਿੰਘ ਜੀ ਨਾਭਾ ਇਸ ਬਾਰੇ 'ਮਹਾਨ ਕੋਸ਼' ਵਿਚ ਇਸ ਤਰ੍ਹਾਂ ਲਿਖਦੇ ਹਨ।

"ਕਲਗੀਧਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਆਪਣੀ ਦਸਤਾਰ ਕੰਘੇ ਸਹਿਤ ਜਿਸ ਵਿਚ ਵਾਹੇ ਹੋਏ ਕੇਸ ਲਗ ਰਹੇ ਸਨ, ਅਰ ਛੋਟੀ ਕ੍ਰਿਪਾਨ ਬੁੱਧੂ ਸ਼ਾਹ ਨੂੰ ਹੁਕਮਨਾਮੇ ਸਮੇਤ ਬਖਸ਼ੀ। ਨਾਭਾਪਤਿ ਮਹਾਰਾਜਾ ਭਰਪੂਰ ਸਿੰਘ ਨੇ ਬੁੱਧੂ ਸ਼ਾਹ ਦੀ ਸੰਤਾਨ ਨੂੰ ਬਹੁਤ ਭੇਟਾ ਅਤੇ ਜਾਗੀਰ ਦੇ ਕੇ ਇਹ ਵਸਤਾਂ ਲੈ ਲਈਆਂ, ਜੋ ਹੁਣ ਨਾਭਾ ਰਿਆਸਤ ਦੇ ਗੁਰਦਵਾਰੇ 'ਸਿਰੇ-ਪਾਉ' ਵਿਚ ਮਾਣ ਨਾਲ ਰੱਖੀਆਂ ਹੋਈਆਂ ਹਨ।"

(ਮਹਾਨਕੋਸ਼, ਪਟਿਆਲਾ: ਭਾਸ਼ਾ ਵਿਭਾਗ, ੧੯੬੦, ਪੰਨਾ ੬੬੧)

ਇਸ ਤੋਂ ਇਕ ਗੱਲ ਤਾਂ ਸਪਸ਼ਟ ਹੈ ਕਿ ਜਿਹੜੀਆਂ ਵਸਤੂਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਬਖਸ਼ਸ਼ ਕੀਤੀਆਂ ਉਹਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਈ ਵੇਰਵਾ ਨਹੀਂ ਦਿਤਾ ਗਿਆ। ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੀਰ ਬੁੱਧੂ ਸ਼ਾਹ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਖਸ਼ਸ਼ ਕਰਦੇ ਤਾਂ ਇਸਦਾ ਪ੍ਰਸੰਗ ਸਿੱਖ ਇਤਿਹਾਸ ਵਿਚ ਕਿਤੇ-ਨਾ-ਕਿਤੇ ਜਰੂਰ ਆ ਜਾਂਦਾ, ਪਰ ਅਜਿਹੇ ਪ੍ਰਸੰਗ ਦਾ ਵੇਰਵਾ ਨਹੀਂ ਮਿਲਦਾ। ਸੋ ਇਹ ਗਲ ਸਾਂਈ ਬਸ਼ੀਰ ਅਹਿਮਦ ਨੇ ਆਪਣੇ ਕੋਲੋਂ ਘੜਕੇ ਚਲਾ ਦਿਤੀ ਹੈ। ਇਸ ਉਤੇ ਵਿਸ਼ਵਾਸ਼ ਕਰਕੇ ਸਰਦਾਰ ਹਰਪਾਲ ਸਿੰਘ ਭੁਲਰ (ਫਿਰੋਜਪੁਰ) ਤੇ ਸ. ਸੁਰਜੀਤ ਸਿੰਘ ਪਨੇਸਰ (ਇੰਗਲੈਂਡ) ਨੇ ਸਾਂਈ ਬਸ਼ੀਰ ਅਹਿਮਦ ਨੂੰ ਕੁਝ ਭੇਟਾ ਦੇਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ ਲੈ ਲਿਆ। ਇਸ ਬਾਰੇ ਉਹੋ ਜਿਹੀ ਕੋਈ ਵੀ ਇਤਿਹਾਸਕ ਗੱਲ ਨਹੀਂ ਹੈ ਜਿਹੋ ਜਿਹੀ ਹੁਣ ਥਾਂ ਥਾਂ ਤੇ ਪ੍ਰਚਾਰ ਕੀਤੀ ਜਾ ਰਹੀ ਹੈ।

ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ ਨੇਂ ਜੂਨ ੧੯੬੬ ਵਿਚ "ਸਾਢੌਰੇ ਦੇ ਪੀਰ ਬੁੱਧੂ ਸ਼ਾਹ" ਇਕ ਖੋਜ ਸਰਵੇਖਣ ਕਰਵਾਇਆ ਸੀ। ਇਹ ਕੰਮ ਸਰਦਾਰ ਗੁਰਚਰਨ ਸਿੰਘ (ਜੋ ਉਸ ਵੇਲੇ ਪੰਜਾਬੀ ਯੂਨੀਵਰਸਿਟੀ ਵਿਚ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਸਨ) ਅਤੇ ਸ੍ਰੀ ਵੀ.ਐਸ ਸੂਰੀ (ਡਾਇਰੈਕਟਰ ਪੰਜਾਬ ਆਰਕਾਈਵਜ਼) ਨੂੰ ਸੌਂਪਿਆ ਗਿਆ। ਇਸ ਤਰ੍ਹਾਂ ਖੋਜ ਕਰਵਾਕੇ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ ਨੇ 'ਪੀਰ ਬੁੱਧੂ ਸ਼ਾਹ' ਦੇ ਨਾਮ ਨਾਲ ਇਕ ਛੋਟੀ ਜਿਹੀ ਪੁਸਤਕ ਛਾਪੀ ਹੈ। ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਰੇ ਕੋਈ ਵੇਰਵਾ ਨਹੀਂ ਦਿਤਾ ਗਿਆ। ਸਰਦਾਰ ਗੁਰਚਰਨ ਸਿੰਘ (ਇਸ ਸਮੇਂ ਮਾਡਲ ਟਾਊਨ, ਪਟਿਆਲਾ) ਨਾਲ ਨਿਜੀ ਤੌਰ ਤੇ ਵੀ ਗੱਲ ਬਾਤ ਹੋਈ। ਉਹਨਾਂ ਦੱਸਿਆ ਕਿ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕੋਈ ਲਿਖਤੀ ਪ੍ਰਮਾਣ ਨਹੀਂ ਮਿਲਿਆ ਅਤੇ ਸਰਵੇਖਣ ਸਮੇਂ ਪੁਛ-ਗਿਛ ਕਰਨ ਵੇਲੇ ਵੀ ਇਸ ਬਾਰੇ ਕਿਸੇ ਤੋਂ ਵੀ ਸੰਕੇਤ ਨਹੀਂ ਮਿਲਿਆ।

**5. ਲਿਖਾਈ ਤੇ ਅੱਖਰਾਂ ਦੀ ਬਣਤਰ-** ਇਸ ਸਰੂਪ ਦੀ ਲਿਖਾਈ ਇੱਕ ਹੱਥ ਦੀ ਹੈ। ਲਿਖਤ ਇਕਸਾਰ ਹੈ। ਕਲਮ ਭਾਵੇਂ ਕਈ ਵਾਰ ਬਦਲੀ ਗਈ ਪਰ ਲਿਖਤ ਇਕੋ ਜਿਹੀ ਚਲ ਰਹੀ ਹੈ। ਲਿਖਾਈ ਸਾਫ਼ ਤੇ ਸੁੰਦਰ ਹੈ। ਗੁਰਮੁਖੀ ਅੱਖਰਾਂ ਤੇ ਮਾਤਰਾਂ


www.AKJ.Org

ਦੀ ਬਣਤਰ ਜੋ ਇਥੇ ਦਿਤੀ ਗਈ ਹੈ ਉਹ ਕਾਫੀ ਵਿਕਸਤ ਤੇ ਨਵੀਨ ਹੈ। ਅਜਿਹੀ ਲਿਖਤ ਦੀ ਸ਼ੁਰੂਆਤ ਦਮਦਮੇ ਸਾਹਿਬ ਲਿਖਣਸਾਰ (ਸਾਬੋ ਦੀ ਤਲਵੰਡੀ) ਵਿਖੇ ਹੋਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਬਾਅਦ ਸੰਮਤ ੧੭੯੫ ਅਤੇ ੧੮੧੦ ਦੇ ਵਿਚਕਾਰ ਦਮਦਮੇ ਨਿਵਾਸੀ ਗਿਆਨੀਆਂ ਨੇ ਗੁਰਮੁਖੀ ਦੇ ਲਿਖਣ ਢੰਗ ਦੀ ਕਾਇਆ ਪਲਟ ਦਿੱਤੀ। ਇਥੋਂ ਦੇ ਗੁਰਮੁਖੀ ਦੇ ਉੱਤਮ ਲਿਖਾਰੀਆਂ ਦੀ ਲਿਖਤ ਪਹਿਲੀਆਂ ਸਾਰੀਆਂ ਲਿਖਤਾਂ ਨਾਲੋਂ ਸੁੰਦਰ ਮੰਨੀ ਗਈ। ਇਸਦਾ ਨਾਮ ਦਮਦਮੇ ਦੀ ਗੁਰਮੁਖੀ ਪ੍ਰਸਿੱਧ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸਦਾ ਨਮੂਨਾ ਮਹਾਨ ਕੋਸ਼ ਵਿਚ ਪੰਨਾ ੩੧੩ ਉਪਰ (ਗੁਰਮੁਖੀ ਸਿਰਲੇਖ ਨਾਲ) ਦਿਤਾ ਹੋਇਆ ਹੈ। ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਪੂਰੀ ਦੀ ਪੂਰੀ ਦਮਦਮਾ ਗੁਰਮੁਖੀ ਲਿਖਤ ਅਨੁਸਾਰ ਲਿਖੀ ਹੋਈ ਹੈ ਅਤੇ ਇਹ ਉਸਤੋਂ ਵੀ ਜਿਆਦਾ ਕਲਾਤਮਕ ਤੇ ਸੁੰਦਰ ਬਣਾਈ ਹੋਈ ਹੈ। ਭਾਵ ਇਹ ਕਿ ਇਸ ਸਰੂਪ ਦੀ ਲਿਖਤ ਦਮਦਮੀ ਗੁਰਮੁਖੀ ਤੋਂ ਵੀ ਜ਼ਿਆਦਾ ਸੁਧਰੀ ਤੇ ਵਿਕਸਤ ਹੋਈ ਨਵੀਨ ਹੈ। ਸੋ ਇਹ ਲਿਖਤ ਦਮਦਮੀ ਲਿਖਤ ਤੋਂ ਬਹੁਤ ਸਮਾਂ ਬਾਅਦ ਦੀ ਪ੍ਰਚਲਤ ਹੋਈ ਹੈ। ਇਹ ਗੱਲ ਇਸ ਸਰੂਪ ਦੀ ਲਿਖਤ ਨੂੰ ਦਮਦਮੇ ਦੀ ਗੁਰਮੁਖੀ ਲਿਖਤ ਨਾਲ ਤੁਲਨਾ ਕਰਕੇ ਆਪੇ ਹੀ ਸਿੱਧ ਹੋ ਜਾਂਦੀ ਹੈ।

ਗੁਰੂ ਕਾਲ ਦੀ ਗੁਰਮੁਖੀ ਲਿਖਤ ਖਾਸ ਤਰ੍ਹਾਂ ਦੀ ਸੀ ਤੇ ਇਸ ਦੀ ਪਛਾਣ ਕਰਨ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ। ਉਸ ਸਮੇਂ ਦੇ ਅੱਖਰ ਆਮ ਕਰਕੇ ਗੁਲਾਈ ਵਾਲੇ, ਵਲਦਾਰ ਤੇ ਕੁਝ ਟੇਡੇ ਲਿਖੇ ਜਾਂਦੇ ਸਨ। ਗੁਰੂ ਕਾਲ ਵਿਚ ਗੁਰਮੁਖੀ ਦੇ ਕੁਝ ਅੱਖਰਾਂ ਅ, ਹ, ਚ, ਛ, ਣ, ਲ ਆਦਿ ਅਤੇ ਕੁਝ ਮਾਤਰਾਂ ਦੀ ਬਣਤਰ ਵਿਸ਼ੇਸ਼ ਤਰਾਂ ਦੀ ਹੁੰਦੀ ਸੀ। ਇਸ ਤੱਥ ਨੂੰ ਇਸ ਖੇਤਰ ਵਿਚ ਨਿਪੁੰਨ ਸਾਰੇ ਵਿਦਵਾਨ ਭਲੀ ਭਾਂਤ ਜਾਣਦੇ ਹਨ। ਪਰ ਇਸ ਪਾਕਿਸਤਾਨ ਤੋਂ ਆਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਲਿਖਾਈ ਉਸ ਪਹਿਲੀ ਗੁਰੂ ਕਾਲ ਦੀ ਲਿਖਾਈ ਵਾਲੀ ਨਹੀਂ ਹੈ। ਦਮਦਮੀ ਗੁਰਮੁਖੀ ਵਿਚ ਅੱਖਰ ਬਹੁਤ ਕਰਕੇ ਕੋਨੇਦਾਰ ਬਣਾ ਦਿਤੇ ਗਏ। ਉਦਾਹਰਣ ਲਈ ਗੁਰਮੁਖੀ ਹਥ-ਲਿਖਤ ਅੱਖਰ ਖੱਖਾ, ਧੱਧਾ, ਘੱਘਾ, ਗਾਗਾ, ਆਦਿ ਦੀਆਂ ਪਹਿਲਾਂ ਲਿਖੀਆਂ ਹੋਈਆਂ ਸ਼ਕਲਾਂ ਵੇਖੋ। ਇਹਨਾਂ ਦਾ ਥੱਲੇ ਵਾਲਾ ਹਿੱਸਾ ਗੁਲਾਈ ਵਿਚ ਹੁੰਦਾ ਸੀ। ਇਹ ਤੇ ਹੋਰ ਸਾਰੇ ਅੱਖਰ ਕੁਝ ਟੇਡੇ ਲਿਖੇ ਜਾਂਦੇ ਸਨ। ਪਰ ਦਮਦਮੀ ਗੁਰਮੁਖੀ ਦੀ ਲਿਖਤ ਵਿਚ ਸਾਰੇ ਅੱਖਰ ਸਿੱਧੀਆਂ ਰੇਖਾਂ ਖਿਚਕੇ ਕੋਨੇਦਾਰ ਵਰਗਾਕਾਰ ਰੂਪ ਵਿਚ ਲਿਖੇ ਗਏ। ਅੱਖਰਾਂ ਦਾ ਇਹ ਰੂਪ ਆਮ ਪ੍ਰਚਲਤ ਹੋ ਗਿਆ। ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਲਿਖਤ ਇਸੇ ਰੂਪ ਵਿਚ ਢਲੀ ਹੋਈ ਹੈ ਅਤੇ ਇਸ ਤੋਂ ਵੀ ਵੱਧ ਵਿਕਸਤ ਹੋਈ ਹੈ। ਇਹ ਲਿਖਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਆਖਰੀ ਸਮੇਂ ਅਤੇ ਉਸ ਤੋਂ ਕੁਝ ਸਮਾਂ ਬਾਅਦ ਤੱਕ ਆਮ ਪ੍ਰਚਲਤ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਹੱਥ-ਲਿਖਤ ਸਰੂਪ ਇਸੇ ਕਾਲ ਵਿਚ ਹੀ ਲਿਖਿਆ ਗਿਆ ਹੈ, ਇਸ ਸਮੇਂ ਤੋਂ ਪਹਿਲਾਂ ਦਾ ਇਹ ਕਿਸੇ ਹਾਲਤ ਵਿਚ ਵੀ ਨਹੀਂ ਹੋ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਦੀ ਲਿਖਤ ਵਿਚ ਕੁਝ ਅੱਖਰਾਂ ਦੀ ਬਣਤਰ ਵਿਸ਼ੇਸ਼ ਹੈ। 'ਸਸਾ' ਅੱਖਰ ਦੇ ਥੱਲੇ ਖੱਬੇ ਪਾਸੇ ਗੋਲ ਮੋੜਾਈ ਕਰਕੇ ਘੁੰਡੀ ਨਹੀਂ ਬਣਾਈ ਹੋਈ ਇਸ ਕਰਕੇ 'ਸਸੇ' ਦੇ ਥੱਲੇ ਵਿਚਕਾਰ ਜੋ ਸਿੱਧੀ ਰੇਖਾ ਖਿਚੀ ਜਾਂਦੀ ਹੈ ਉਸ ਵਿਚ ਉਪਰ ਨੂੰ ਇਕ ਛੋਟਾ ਵਲ ਪੈ ਜਾਂਦਾ ਹੈ। ਸਸੇ ਦੀ ਬਣਤਰ ਸ਼ੁਰੂ ਤੋਂ ਹੀ ਗੋਲਾਈ ਵਾਲੀ ਘੁੰਡੀ ਅਤੇ ਵਿਚਾਰਲੀ ਸਿਧੀ ਰੇਖਾ ਵਾਲੀ ਹੁੰਦੀ ਸੀ ਅਤੇ ਹੁਣ ਵੀ ਅਸੀਂ ਇਸੇ ਤਰ੍ਹਾਂ ਹੀ ਲਿਖਦੇ ਹਾਂ। ਪਰ ਇਥੇ ਇਸ ਸਰੂਪ ਵਿਚ ਅਜਿਹਾ ਨਹੀਂ ਹੈ। ਇਸੇ ਤਰ੍ਹਾਂ 'ਮਮਾ' ਅੱਖਰ ਦੀ ਵੀ ਥੱਲੇ ਪਾਸੇ ਘੁੰਡੀ ਨਹੀਂ ਹੈ।

ਵਵੇ ਦੀ ਬਣਤਰ ਵੀ ਸ਼ੁਰੂ ਵਿਚ ਅਤੇ ਹੁਣ ਇਕੋ ਜਿਹੀ ਹੈ। ਇਸਦੇ ਹੇਠਲੇ ਹਿੱਸੇ ਦੇ ਸੱਜੇ ਪਾਸੇ ਜੋ ਦੋ ਮੂੰਹ ਬਣਦੇ ਹਨ ਉਹ ਥੋੜੇ ਜਿਹੇ ਫਰਕ ਨਾਲ ਇਕੋ ਜਿਹੇ ਬਰਾਬਰ ਹੁੰਦੇ ਹਨ। ਪਰ ਇਸ ਸਰੂਪ ਵਿਚ ਵਵੇ ਦੇ ਸਭ ਤੋਂ ਥੱਲੇ ਵਾਲੇ ਮੂੰਹ ਨੂੰ ਇਕ ਛੋਟੀ ਜਿਹੀ ਘੁੰਡੀ ਰੂਪ ਹੀ ਬਣਾਇਆ ਹੋਇਆ ਹੈ। ਭਾਵ ਇਹ ਕਿ ਵਵੇ ਦਾ ਥੱਲੇ ਵਾਲਾ ਮੂੰਹ ਬਹੁਤ ਹੀ ਛੋਟਾ ਕੇਵਲ ਘੁੰਡੀ ਮਾਤਰ ਹੀ ਹੈ।

ਇਸ ਲਿਖਤ ਵਿਚ ਕੁਝ ਅੱਖਰਾਂ ਉਪਰ ਦੁਲਾਂਵਾ ( ੈ ) ਲਗਾਉਣ ਦਾ ਢੰਗ ਹੁਣ ਦੇ ਢੰਗ ਨਾਲੋਂ ਵੱਖਰਾ ਹੈ। ਉਹ ਅੱਖਰ ਇਹ ਹਨ ਇਹਨਾਂ ਦੇ ਉਪਰ ਰੇਖਾ ਖਿੱਚੀ ਹੋਈ ਨਹੀਂ ਹੁੰਦੀ ਅਤੇ ਮੂੰਹ ਉਪਰੋਂ ਖੁਲ੍ਹੇ ਹੁੰਦੇ ਹਨ ਜਿਵੇਂ ਕਿ ਅ, ਖ, ਘ, ਪ, ਮ। ਇਹਨਾਂ ਅੱਖਰਾਂ ਉਪਰ ਦੁਲਾਵਾਂ ਲਗਾਉਣ ਵਾਸਤੇ ਇਕ ਲਾਂਵ ਅੱਖਰ ਦੇ ਖੁਲ੍ਹੇ ਮੂੰਹ ਉਤੇ ਸ਼ੁਰੂ ਵਿਚ ਅਤੇ ਦੂਸਰੀ ਲਾਂਵ ਅੰਤ ਵਿਚ ਲਗਾ ਦਿਤੀ ਜਾਂਦੀ ਹੈ। ਇਸ ਸਾਰੀ ਲਿਖਤ ਵਿਚ ਇਹੋ ਰੀਤ ਅਪਣਾਈ ਗਈ ਹੈ।

ਲਿਖਤ ਵਿਚ ਹੋੜਾ ( ੋ ) ਮਾਤਰਾ ਲਗਾਉਣ ਵੇਲੇ ਵੀ ਲਿਖਾਰੀ ਹੋੜਾ ਮਾਤਰਾ ਦਾ ਸੱਜੇ ਪਾਸੇ ਵਾਲਾ ਪਿਛਲਾ ਹਿੱਸਾ ਸਾਧਾਰਣ ਹਾਲਾਤ ਤੋਂ ਕੁਝ ਜ਼ਿਆਦਾ ਉਪਰ ਵੱਲ ਉਚਾ ਚੁੱਕ ਕੇ ਵਲ ਪਾ ਕੇ ਅੱਖਰ ਨਾਲ ਜੋੜਦਾ ਹੈ।

ਮੇਰੇ ਪਾਸ ਇਕ ਹੱਥ-ਲਿਖਤ ਖਰੜਾ ਸੰਮਤ ੧੯੧੧ (ਸੰਨ ੧੮੫੪) ਦਾ ਹੈ। ਇਹ ਕਵਿ ਕੀਰਤ ਸਿੰਘ ਵਲੋਂ ਭਗਤਮਾਲ ਉਪਰ ਕੀਤੇ ਟੀਕੇ ਦੀ ਕਾਪੀ ਹੈ। ਇਸ ਲਿਖਤ ਵਿਚ ਸਸੇ, ਮਮੇ, ਵਵੇ, ਦੁਲਾਵਾਂ ਅਤੇ ਹੋੜਾ ਲਗਾਉਣ ਦੀਆਂ ਸ਼ਕਲਾਂ ਤੇ ਲਿਖਣ ਢੰਗ ਸਭ ਉਪਰ ਦਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨਾਲ ਮਿਲਦੇ ਹਨ। ਸੋ ਇਸ ਤੋਂ ਸਹਿਜੇ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਕਾਪੀ ਉਨੀਂਵੀ ਸਦੀ ਦੇ ਲਗਭਗ ਅੱਧ ਵਿਚ ਲਿਖੀ ਗਈਸੀ।

6. ਪਹਿਲੋਂ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨਕਲ- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਨੂੰ ਵੇਖਦਿਆਂ ਅਚਾਨਕ ਚਾਰ ਥਾਵਾਂ ਉਤੇ ਕੁਝ ਵਿਸ਼ੇਸ਼ ਨੁਕਤੇ ਧਿਆਨ ਵਿਚ ਆਏ-

1. ਪਤਰਾ ਨੰ. ੨/੨ (ਦੂਸਰੇ ਪਤੇ ਦੇ ਪਿਛਲੇ ਪਾਸੇ) ਉਤੇ


www.AKJ.Org

ਜਪੁ ਬਾਣੀ ਦੀ ਤੁਕ "**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ**" ਅਖੀਰ ਵਿਚ ਲਿਖੀ ਹੋਈ ਹੈ। ਸ਼ਬਦ "ਜਾਣਾ" ਦਾ "ਜਾ" ਹਿਸਾ ਪਤਰਾ ਨੰ. ੨/੨ ਉਤੇ ਅਖੀਰ ਵਿਚ ਹੈ ਅਤੇ ਇਸ ਤੋਂ ਅੱਗੇ ਸਤਰ ਦਾ ਕੁਝ ਹਿਸਾ ਖਾਲੀ ਪਿਆ ਹੈ। ਇਸ ਤੋਂ ਅਗਲੇ ਪਤਰੇ ਜਿਸ ਉਤੇ ਨੰ. 3 ਅੰਕਿਤ ਹੈ ਉਸਦੇ ਸ਼ੁਰੂ ਵਿਚ "ਜਾਣਾ" ਸ਼ਬਦ ਦਾ "ਣਾ" ਹਿੱਸਾ ਲਿਖਿਆ ਹੋਇਆ ਹੈ।

2. ਪਤਰਾ ਨੰ. ੪੯੬/੨ (ਪਤਰਾ ਨੰ. ੪੯੬ ਦੇ ਪਿਛਲੇ ਹਿੱਸੇ ਵਾਲਾ ਪਾਸਾ) ਉਪਰ ਲਿਖੀ ਹੋਈ ਬਾਣੀ ਦਾ ਆਖਰੀ ਪਾਠ "**ਜਲਨਿ ਬੁਝੀ ਦਰਸੁ ਪਾਇਆ**" ਇਸ ਆਖਰੀ ਸਤਰ ਦੇ ਅੱਧ ਵਿਚ ਹੀ ਮੁਕ ਜਾਂਦਾ ਹੈ। ਬਾਕੀ ਅੱਧੀ ਸਤਰ ਦੀ ਥਾਂ ਬਿਨਾਂ ਕੁਝ ਲਿਖੇ ਖਾਲੀ ਪਈ ਹੈ। ਇਸ ਤੋਂ ਅੱਗੇ ਦੋ ਸਤਰਾਂ ਦੀ ਥਾਂ ਹੋਰ ਖਾਲੀ ਪਈ ਹੈ। ਇਸ ਤੋਂ ਅਗਲੇ ਪਤਰੇ ਨੰ. ੪੯੭/੧ (ਪਤਰਾ ਜਿਸ ਉਤੇ ੪੯੭ ਅੰਕ ਲਿਖਿਆ ਹੈ) ਦੀ ਪਹਿਲੀ ਸਤਰ ਦਾ ਪਾਠ "**ਬਿਨਸੇ ਮਾਇਆ ਧ੍ਰੋਹ ਜੀਉ**" ਨਾਲ ਸ਼ੁਰੂ ਹੁੰਦਾ ਹੈ।

3. ਪਤਰਾ ਨੰ. ੭੫੭/੨ ਦੀ ਆਖਰੀ ਸਤਰ ਦੇ ਅੰਤਮ ਅੱਖਰ "ਭਾਂਡਾ ਧੋ" ਲਿਖੇ ਹੋਏ ਉਸੇ ਸਤਰ ਦੇ ਅੱਧ ਵਿਚ ਹੀ ਮੁੱਕ ਜਾਂਦੇ ਹਨ। ਭਾਵ ਇਹ ਕਿ ਇਸ ਆਖਰੀ ਸਤਰ ਵਿਚ ਥਾਂ ਅਜੇ ਹੋਰ ਖਾਲੀ ਬਚੀ ਹੋਈ ਪਈ ਸੀ ਜਿਥੇ ਹੋਰ ਲਿਖਿਆ ਜਾ ਸਕਦਾ ਸੀ ਪਰ ਲਿਖਿਆ ਨਹੀਂ ਗਿਆ। ਅਗਲੇ ੭੫੩ ਅੰਕਿਤ ਪਤਰੇ ਦੀ ਪਹਿਲੀ ਸਤਰ ਦਾ ਪਹਿਲਾ ਅਖਰ "ਵੈ" ਨਾਲ ਸ਼ੁਰੂ ਹੁੰਦਾ ਹੈ ਭਾਵ ਇਹ ਕਿ ਸ਼ਬਦ "ਧੋਵੈ" ਦਾ "ਧੋ" ਪਤਰਾ ਨੰ੭੫੭/੨ ਦੇ ਅੰਤ ਉਤੇ ਲਿਖਿਆ ਹੈ ਅਤੇ "ਵੈ" ਪਤਰਾ ਨੰ ੭੫੮ ਦੇ ਸ਼ੁਰੂ ਵਿਚ ਲਿਖਿਆ ਹੈ, ਇਹ ਪਿਛਲੇ ਪਤਰੇ ਉਤੇ ਵੀ ਲਿਖਿਆ ਜਾ ਸਕਦਾ ਸੀ ਪਰ ਲਿਖਾਰੀ ਨੇ ਉਥੇ ਨਹੀਂ ਲਿਖਿਆ।

4. ਇਸ ਸਰੂਪ ਵਿਚ ਅਚਾਨਕ ਹੀ ਇਕ ਨੁਕਤਾ ਨਜ਼ਰੀ ਪਿਆ। ਗੁਰਬਾਣੀ ਦੀ ਇਕ ਸਤਰ ਪਤਰੇ ਦੇ ਵਿਚਕਾਰ ਲਿਖੀ ਹੋਈ ਪੂਰੀ ਹੋ ਚੁਕੀ ਸੀ ਉਸ ਤੋਂ ਅੱਗੇ ਥਾਂ ਨਹੀਂ ਸੀ। ਉਥੇ ਇਕ ਅਖਰ "ਹ" ਦਾ ਅਕਾਰ ਛੋਟਾ ਕਰਕੇ, ਅੰਤ ਵਿਚ ਬਹੁਤ ਥੋੜੀ ਜਿਹੀ ਥਾਂ ਵਿਚ ਹੀ ਘੁਸੇੜ ਕੇ ਲਿਖ ਦਿਤਾ। ਇਸ "ਹ" ਦਾ ਉਥੋਂ ਦੇ ਅੰਤਲੇ ਸ਼ਬਦ ਨਾਲ ਕੋਈ ਸ਼ਾਬਦਿਕ ਜੋੜ ਵੀ ਨਹੀਂ ਸੀ ਜੁੜਦਾ। ਇਸ ਦਾ ਸੰਬੰਧ ਉਸ ਤੋਂ ਅਗਲੀ ਸਤਰ ਦੇ ਪਹਿਲੇ ਸ਼ਬਦ ਨਾਲ ਸੀ, ਪਰ ਉਥੇ ਨਹੀਂ ਲਿਖਿਆ ਗਿਆ। ਇਥੇ ਹੀ ਇਸੇ ਸਤਰ ਦੇ ਅੰਤ ਵਿਚ ਲਿਖਣ ਲਈ ਥਾਂ ਨਾ ਹੋਣ ਤੇ ਵੀ ਲਿਖ ਦਿਤਾ।

ਇਸ ਸਰੂਪ ਦੀ ਲਿਖਾਈ ਵਿਚ ਅਜੇਹੀਆਂ ਹੋਰ ਵੀ ਉਦਾਹਰਣਾਂ ਹੋਣਗੀਆਂ ਪਰ ਸਮਾਂ ਘਟ ਹੋਣ ਕਰਕੇ ਬਹੁਤੀਆਂ ਨੋਟ ਨਹੀਂ ਕਰ ਸਕਿਆ। ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਸਰੂਪ ਦਾ ਲਿਖਾਰੀ ਲਿਖਣ ਵੇਲੇ ਇਸ ਤਰ੍ਹਾਂ ਕਿਉਂ ਕਰਦਾ ਹੈ? ਇਸ ਦਾ ਇਕੋ ਇਕ ਕਾਰਣ ਇਹ ਹੈ ਕਿ ਇਸਦਾ ਲਿਖਾਰੀ ਕਿਸੇ ਹੋਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੋਂ, ਜੋ ਕਿ ਲਿਖਣ ਵੇਲੇ ਉਸਦੇ ਸਾਹਮਣੇ ਹੈ, ਪੂਰੀ ਤਰਾਂ ਨਕਲ ਕਰ ਰਿਹਾ ਹੈ। ਉਹ ਲਿਖੇ ਹੋਏ ਪੰਨੇ ਨਾਲ ਪੰਨਾ ਮਿਲਾਉਣਾ ਚਾਹੁੰਦਾ ਹੈ। ਇਥੋਂ ਤੱਕ ਕਿ ਹਰ ਇਕ ਸਤਰ ਦੇ ਅੱਖਰਾਂ ਨੂੰ ਉਵੇਂ ਦਾ ਉਵੇਂ ਲਿਖਣਾ ਚਾਹੁੰਦਾ ਹੈ। ਸੋ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਵਤੰਤਰ ਰੂਪ ਵਿਚ ਲਿਖਿਆ ਹੋਇਆ ਨਹੀਂ ਹੈ। ਪਹਿਲੋਂ ਕਿਸੇ ਤਿਆਰ ਕੀਤੇ ਗੁਰੂ ਗ੍ਰੰਥ ਸਾਹਿਬ ਦੀ ਉਤਾਰਾ ਕਾਪੀ ਹੈ।

**7. ਹਰਤਾਲ ਤੇ ਪੈਨਸਿਲ ਦੀ ਵਰਤੋਂ**- ਜਿਵੇਂ ਕਿ ਪਹਿਲਾਂ ਵੀ ਦਸਿਆ ਹੈ, ਇਸ ਸਰੂਪ ਦੀ ਲਿਖਾਈ ਇਕਸਾਰ ਹੈ। ਲਿਖਣ ਵਾਲਾ ਇਕੋ ਹੀ ਹੈ। ਕਲਮ ਭਾਵੇਂ ਕਈ ਵਾਰ ਬਦਲੀ ਗਈ ਹੈ ਪਰ ਅੱਖਰਾਂ ਤੇ ਮਾਤਰਾ ਦੀ ਬਣਤਰ ਇਕੋ ਜਿਹੀ ਚਲਦੀ ਜਾਂਦੀ ਹੈ। ਸਾਰੀ ਲਿਖਾਈ ਬਹੁਤ ਸਾਫ ਤੇ ਸੁੰਦਰ ਹੈ। ਹਰਤਾਲ (ਲਿਖੇ ਅੱਖਰਾਂ ਨੂੰ ਮਿਟਾਉਣ ਲਈ ਪੀਲੇ ਰੰਗ ਦਾ ਬਣਿਆ ਹੋਇਆ ਘੋਲ) ਕਿਤੇ ਕਿਤੇ ਵਰਤੀ ਹੋਈ ਹੈ ਪਰ ਇਸ ਦੀ ਵਰਤੋਂ ਬਹੁਤੀ ਨਹੀਂ ਹੈ। ਇਕ ਥਾਂ ਉਤੇ ਸਧਾਰਣ ਨੀਲੀ ਪੈਨਸਿਲ ਨਾਲ ਸੋਧ ਕੀਤੀ ਹੋਈ ਵੀ ਨਜ਼ਰ ਪਈ। ਸ਼ਬਦ "ਰਾਧਿਆ" ਪਹਿਲਾਂ ਲਿਖਿਆ ਹੋਇਆ ਸੀ ਫਿਰ ਇਸ ਦੇ ਅੱਗੇ ਅਖਰ "ਅ" ਨੀਲੀ ਪੈਨਸਿਲ ਨਾਲ ਲਿਖ ਕੇ, ਸੋਧ ਕਰਕੇ, "ਅਰਾਧਿਆ" ਬਣਾ ਦਿਤਾ ਗਿਆ। ਪਾਠ ਕਰਨ ਲਈ ਇਹ ਸਰੂਪ ਬਹੁਤ ਵਰਤੋਂ ਵਿਚ ਨਹੀਂ ਆਇਆ। ਇਸ ਦੇ ਖਾਲੀ ਪਤਰਿਆਂ ਉਤੇ ਕੇਵਲ ਇਕ ਵਾਰ "ੴ" ਲਿਖਿਆ ਮਿਲਦਾ ਹੈ। ਇਸ ਤੋਂ ਇਹ ਲਗਦਾ ਹੈ ਕਿ ਇਸ ਸਰੂਪ ਤੋਂ ਪਾਠ ਇਕ ਵਾਰ ਹੀ ਹੋਇਆ ਹੋਵੇਗਾ। ਇਸ ਕਰਕੇ ਇਹ ਬਹੁਤ ਹੀ ਸਾਫ ਸੁਥਰਾ ਹੈ ਅਤੇ ਸੰਭਾਲ ਕੇ ਰੱਖਿਆ ਗਿਆ ਲਗਦਾ ਹੈ।

**8. ਦਮਦਮੀ ਸ੍ਰੀ (ਗੁਰੂ) ਗ੍ਰੰਥ ਸਾਹਿਬ**- ਕਰਤਾਰਪੁਰ ਵਾਲੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਧਾਰ ਬਣਾ ਕੇ ਉਸ ਵਿਚ ਨੌਂਵੇ ਸਤਿਗੁਰੂ ਦੀ ਬਾਣੀ ਸ਼ਾਮਲ ਕਰਕੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਸਰੂਪ ਤਿਆਰ ਕੀਤੇ ਗਏ ਜੋ ਦਮਦਮੀ ਸਰੂਪ ਦੇ ਨਾਮ ਨਾਲ ਜਾਣੇ ਜਾਂਦੇ ਹਨ। ਨੌਂਵੇ ਸਤਿਗੁਰੂ ਦੀ ਬਾਣੀ ਚੜ੍ਹਾ ਕੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਉਤੇ ਬਿਰਾਜਣ ਦੇ ਸਮੇਂ ਤੋਂ ਹੀ ਅਨੰਦਪੁਰ ਵਿਚ ਸਥਿਤ ਆਦਿ ਸਿੰਘਾਸਣ ਦਮਦਮਾ ਤੋਂ ਲਿਖਣੇ ਸ਼ੁਰੂ ਹੋ ਗਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਂ ਲਿਖੇ ਗਏ ਕਈ ਸਰੂਪਾਂ ਉਤੇ ਉਹਨਾਂ ਦੇ ਦਸਤਖਤ ਰੂਪੀ ਨੀਸਾਣ (0+ਗੋਲ ਬਿੰਦੀ ਤੇ ਜਮਾ) ਚਿੰਨ੍ਹ ਵੀ ਲਗੇ ਹੋਏ ਮਿਲਦੇ ਹਨ।

ਹੌਲੀ ਹੌਲੀ ਇਸੇ ਤਰ੍ਹਾਂ ਸ੍ਰੀ ਆਦਿ ਗ੍ਰੰਥ ਦੀਆਂ ਹੋਰ ਪ੍ਰਚਲਤ ਬੀੜਾਂ ਜਿਹਨਾਂ ਵਿਚ ਕਈ ਤਰ੍ਹਾਂ ਦੀਆਂ ਵਾਧੂ ਰਚਨਾਵਾਂ ਵੀ ਹੁੰਦੀਆਂ ਸਨ ਅਤੇ ਜਿਹਨਾਂ ਦੀ ਬਾਣੀ ਤਰਤੀਬ ਵੀ ਵਖਰੀ ਹੁੰਦੀ ਸੀ ਉਹਨਾਂ ਵਿਚ ਵੀ ਲਿਖਾਰੀਆਂ ਵਲੋਂ ਨੌਂਵੇ ਸਤਿਗੁਰੂ ਦੀ ਬਾਣੀ ਚੜ੍ਹਾਈ ਜਾਣ ਲਗ ਪਈ। ਇਸ ਤਰ੍ਹਾਂ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਕਈ ਤਰਾਂ ਦੇ ਸਰੂਪ ਬਾਣੀ ਪਾਠਾਂ ਅਤੇ


www.AKJ.Org

ਬਾਣੀ ਤਰਤੀਬ ਦੇ ਭੇਦਾਂ ਵਾਲੇ ਪ੍ਰਚਲਤ ਹੋ ਗਏ।

**9. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦਮਦਮੀ ਜਪੁ ਨੀਸਾਣੁ ਸ਼ਾਖਾ-** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਆਖਰੀ ਦੋ ਦਹਾਕਿਆਂ (ਉਨੀਵੀਂ ਸਦੀ ਦੇ ਤੀਜੇ ਅਤੇ ਚੌਥੇ ਦਹਾਕਿਆਂ) ਵਿਚ ਗੁਰਸਿੱਖ ਵਿਦਵਾਨਾਂ ਦਾ ਧਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਇਸ ਦੀ ਤਰਤੀਬ ਵੱਲ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਸੰਨ ੧੮੧੮ਵਿਚ ਕਰਤਾਰਪੁਰ ਦੇ ਸੋਢੀ ਸਾਧੂ ਸਿੰਘ ਤੋਂ ਸ੍ਰੀ ਆਦਿ ਗ੍ਰੰਥ ਸਾਹਿਬ (ਕਰਤਾਰਪੁਰੀ ਬੀੜ) ਮੰਗਵਾ ਲਿਆ। ਲਾਹੌਰ ਵਿਖੇ ਸ਼ਾਹੀ ਮਹਿਲ ਦੇ ਮੋਤੀ ਮੰਦਰ ਵਿਚ ਇਸ ਦਾ ਰੋਜ਼ਾਨਾ ਪ੍ਰਕਾਸ਼ ਹੋਣਾ ਸ਼ੁਰੂ ਹੋ ਗਿਆ। ਭਾਈ ਬੰਨੋ ਵਾਲਾ ਸ੍ਰੀ ਆਦਿ ਗ੍ਰੰਥ ਸੰਨ ੧੮੨੦ ਵਿਚ ਮਹਾਰਾਜੇ ਨੇ ਲਾਹੌਰ ਮੰਗਵਾ ਲਿਆ ਸੀ। ਉਸ ਸਮੇਂ ਗੁਰਬਾਣੀ ਤਰਤੀਬ ਤੇ ਪਾਠਾਂ ਸੰਬੰਧੀ ਜੋ ਮਤਭੇਦ ਚਲ ਰਹੇ ਸਨ, ਉਹਨਾਂ ਉਪਰ ਗੁਰਸਿੱਖ ਵਿਦਵਾਨਾਂ ਵਲੋਂ ਵਿਚਾਰ ਕੀਤੀ ਗਈ। ਸ੍ਰੀ ਆਦਿ ਗ੍ਰੰਥ ਦੇ ਇਹਨਾਂ ਸਰੂਪਾਂ ਨਾਲ ਤੁਲਣਾ ਤੇ ਮਿਲਾਣ ਕਰਕੇ ਜੋ ਨਿਸਚਿਤ ਹੋਇਆ ਉਸ ਆਧਾਰ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਮਦਮੀ ਸਰੂਪ ਦੀ ਕਾਪੀ ਸੋਧੇ ਰੂਪ ਵਿਚ ਤਿਆਰ ਕਰ ਲਈ ਗਈ। ਇਸ ਦਾ ਮੁੱਖ ਆਧਾਰ ਕਰਤਾਰਪੁਰ ਵਾਲਾ ਸ੍ਰੀ ਆਦਿ ਗ੍ਰੰਥ ਸਾਹਿਬ ਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਸ ਸਮੇਂ ਤਿਆਰ ਕੀਤੇ ਸਰੂਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਹ ਸਨ-

ਜਪੁ ਬਾਣੀ ਤਾ ਤਤਕਰੇ ਵਿਚ "ਜਪੁਨੀਸਾਣੁ" ਸਿਰਲੇਖ ਕਰ ਦਿਤਾ ਗਿਆ। ਰਾਗ ਜੈਜਾਵੰਤੀ ਦਾ ਸਥਾਨ ਪ੍ਰਭਾਤੀ ਰਾਗ ਤੋਂ ਬਾਅਦ ਅਖੀਰ ਵਿਚ ਨਿਸਚਿਤ ਕਰ ਦਿਤਾ (ਪਹਿਲਾਂ ਕਈ ਲਿਖਾਰੀ ਇਸਨੂੰ ਜੈਤਸਰੀ ਰਾਗ ਨਾਲ ਮਿਲਾ ਕੇ ਲਿਖ ਦਿੰਦੇ ਸਨ)। ਰਾਗ ਜਾਂ ਬਾਣੀ ਦੇ ਅੰਤ ਵਿਚ ਸ਼ਬਦਾਂ ਦੇ ਜੁਮਲੇ (ਕੁਲ ਜੋੜ) ਲਿਖ ਦਿਤੇ ਗਏ। ਗੁਰੂ ਗ੍ਰੰਥ ਸਾਹਿਬ ਦੇ ਸਾਰੇ ਅੱਖਰਾਂ ਦਾ ਕੁਲ ਜੋੜ ਵੀ ਕਈ ਵਾਰ ਅੰਤ ਵਿਚ ਲਿਖ ਦਿਤਾ ਜਾਂਦਾ ਸੀ। ਲਿਖਣ ਵਾਲੇ ਲਿਖਾਰੀ ਦਾ ਨਾਮ, ਸਥਾਨ, ਸੰਮਤ, ਸਿਆਹੀ ਬਨਾਉਣ ਦੀ ਵਿਧੀ, ਜੋਤੀ ਜੋਤਿ ਸਮਾਵਣ ਦੇ ਚਰਿਤ੍ਰ ਗੁਰੂ ਸਾਹਿਬਾਂ ਦੇ ਨਾਮ ਨਾਲ ਜੋੜੀਆਂ ਗਈਆਂ ਅਪ੍ਰਮਾਣਿਕ ਰਚਨਾਵਾਂ, ਕਈ ਤਰਾਂ ਦੀਆਂ ਵਾਧੂ ਲਿਖਤਾਂ ਤੇ ਨੋਟ ਆਦਿ ਸਭ ਹਟਾ ਦਿਤੇ ਗਏ।'

ਮਹਾਰਾਜਾ ਰਣਜੀਤ ਸਿੰਘ ਨੇ ਇਸ ਤਿਆਰ ਕਰਵਾਏ ਗਏ ਸਰੂਪ ਦੀਆਂ ਅਨੇਕਾਂ ਕਾਪੀਆਂ ਬਹੁਤ ਸੁੰਦਰ ਲਿਖਾਈ ਕਰਵਾ ਕੇ ਸਿਖ ਸੰਗਤਾਂ ਵਿਚ ਭੇਜੀਆਂ। ਇਸ ਸਰੂਪ ਦੀ ਇਕ ਕਾਪੀ ਉਸ ਵੇਲੇ ਊਨਾ (ਹਿਮਾਚਲ ਪ੍ਰਦੇਸ) ਦੇ ਬੇਦੀ ਸਾਹਿਬ ਸਿੰਘ ਨੂੰ ਵੀ ਭੇਟ ਕੀਤੀ ਗਈ ਜੋ ਅਜੇ ਤਕ ਉਥੇ ਸੰਭਾਲ ਕੇ ਰਖੀ ਹੋਈ ਮਿਲਦੀ ਹੈ।

ਇਥੇ ਇਸ ਸਰੂਪ ਨੂੰ 'ਦਮਦਮੀ ਜਪੁ ਨੀਸਾਣੁ ਸ਼ਾਖਾ' ਦਾ ਨਾਮ ਇਸ ਕਰਕੇ ਦਿਤਾ ਜਾ ਰਿਹਾ ਹੈ ਕਿਉਂ ਕਿ ਜਪੁ ਬਾਣੀ ਦਾ ਤਤਕਰੇ ਵਿਚ "ਜਪੁ ਨੀਸਾਣੁ" ਸਿਰਲੇਖ ਪਹਿਲੀ ਵਾਰ ਇਥੇ ਹੀ ਆਇਆ ਹੈ। ਇਸ ਤੋਂ ਪਹਿਲਾਂ ਲਿਖੀਆਂ ਬੀੜਾਂ ਵਿਚ ਇਹ ਨਾਮ ਨਹੀਂ ਸੀ ਹੁੰਦਾ। ਪਹਿਲੀਆਂ ਲਿਖੀਆਂ ਬੀੜਾਂ ਵਿਚ ਜਪੁ ਬਾਣੀ ਦੇ ਤਿੰਨ ਤਰ੍ਹਾਂ ਦੇ ਨਾਮ ਹੀ ਤਤਕਰੇ ਵਿਚ ਲਿਖੇ ਮਿਲਦੇ ਹਨ-

1. ਜਪੁ ਗੁਰੂ ਰਾਮ ਦਾਸ ਜੀਉ ਕਿਆ ਦਸਤਖਾ ਕਾ ਨਕਲੁ (ਕਰਤਾਰਪੁਰੀ ਬੀੜ)

2. ਜਪੁ ਗੁਰੂ ਰਾਮ ਦਾਸ ਦਾਸ ਜੀਉ ਕੇ ਨਕਲ ਦਾ ਨਕਲ (ਭਾਈ ਬੰਨੋ ਵਾਲੀ ਬੀੜ)

3. ਜਪੁ (ਇਹ ਨਾਮ ਤਤਕਰੇ ਵਿਚ ਆਮ ਲਿਖਿਆ ਮਿਲਦਾ ਹੈ।)

ਗੁਰੂ ਕਾਲ ਵਿਚ ਜੋ ਵੀ ਆਦਿ ਗ੍ਰੰਥ ਸਾਹਿਬ ਦੇ ਸਰੂਪ ਤਿਆਰ ਕੀਤੇ ਗਏ ਉਹਨਾਂ ਵਿਚ ਉਸ ਸਮੇਂ ਦੇ ਗੁਰੂ ਸਾਹਿਬ ਦੇ ਨੀਸਾਣੁ ਲਿਖਵਾ ਲਏ ਜਾਂਦੇ ਸਨ। ਅਜੇਹੇ ਨੀਸਾਣਾਂ ਵਾਲੇ ਆਦਿ ਗ੍ਰੰਥ ਦੇ ਸਰੂਪ ਅਜੇ ਵੀ ਬਹੁਤ ਮਿਲਦੇ ਹਨ। ਇਹ ਨੀਸਾਣੁ ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ (ਮ. ੫, ੬, ੭ ਤੇ ੯) ਆਪਣੇ ਹੱਥੀਂ ਮੂਲਮੰਤਰ ਲਿਖ ਕੇ ਪ੍ਰਗਟ ਕਰਦੇ ਸਨ। ਪਰ ਗੁਰੂ ਗੋਬਿੰਦ ਸਿੰਘ ਜੀ ਆਪਣਾ ਨੀਸਾਣੁ (0+) ਬਿੰਦੀ ਨਾਲ ਜਮ੍ਹਾਂ ਚਿੰਨ੍ਹ ਦੇ ਰੂਪ ਵਿਚ ਲਿਖਦੇ ਸਨ। ਸ੍ਰੀ ਗੁਰੂ ਰਾਮ ਦਾਸ ਜੀ ਨੇ ਜਪੁ ਬਾਣੀ ਨੂੰ ਆਪਣੇ ਹੱਥ ਦੀ ਲਿਖਾਈ (ਦਸਤਖਤ) ਵਿਚ ਲਿਖਿਆ ਹੋਇਆ ਸੀ ਜੋ ਸ੍ਰੀ ਆਦਿ ਗ੍ਰੰਥ ਦੇ ਲਿਖਣ ਵੇਲੇ ਸਤਿਗੁਰੂ ਅਰਜਨ ਦੇਵ ਜੀ ਪਾਸ ਮੌਜੂਦ ਸੀ ਜਿਸਦਾ ਸੰਕੇਤ ਕਰਤਾਰਪੁਰ ਸ੍ਰੀ ਆਦਿ ਗ੍ਰੰਥ ਵਿਚ ਲਿਖਿਆ ਹੋਇਆ ਅਜੇ ਵੀ ਮਿਲਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ, ਕਰਤਾਰਪੁਰ ਰਹਿੰਦਿਆਂ, ਜਪੁ ਬਾਣੀ ਦਾ ਉਚ ਆਤਮਕ ਦਰਸ਼ਨ ਤੇ ਇਸ ਰਾਹੀਂ ਰੂਹਾਨੀ ਬਖਸ਼ਸ਼ਾਂ ਪ੍ਰਾਪਤ ਹੋਣ ਦੀ ਵਡਿਆਈ ਦਾ ਪ੍ਰਕਾਸ਼ ਗੁਰਸਿੱਖਾਂ ਦੇ ਮਨਾਂ ਵਿਚ ਪ੍ਰਗਟ ਹੋ ਗਿਆ ਸੀ। ਉਦੋਂ ਤੋਂ ਹੀ ਜਪੁ ਦਾ ਜਪਣਾ ਗੁਰਸਿੱਖ ਲਈ ਗੁਰੂ ਨਾਲ ਮਿਲਾਪ ਹੋਣ ਦਾ ਨੀਸਾਣੁ ਬਣ ਗਿਆ। ਜਪੁ ਪ੍ਰਤੀ ਇਹ ਸ਼ਰਧਾ ਤੇ ਸਤਿਕਾਰ ਗੁਰਸਿੱਖਾਂ ਅੰਦਰ ਸਥਾਈ ਰੂਪ ਵਿਚ ਟਿਕ ਗਿਆ ਅਤੇ ਆਉਣ ਵਾਲੇ ਸਮੇਂ ਵਿਚ ਹੋਰ ਪ੍ਰਫੁਲਤ ਹੁੰਦਾ ਗਿਆ। ਗੁਰਮਤਿ ਤੇ ਗੁਰਸਿਖੀ ਵਿਚ ਜਪੁ ਨੂੰ ਗੁਰੂ ਦਾ ਨੀਸਾਣੁ ਮੰਨ ਕੇ ਇਸਨੂੰ ਸਰਵ ਪ੍ਰਥਮ ਤੇ ਸਰਵ ਉਚ ਪਦਵੀ ਸਥਾਨ ਦਿਤਾ ਜਾਂਦਾ ਰਿਹਾ। ਜਪੁ ਨੂੰ ਨੀਸਾਣੁ ਮੰਨਣ ਦੀ ਸੰਪਰਕ ਵਿਚਾਰਧਾਰਾ ਸੰਬੰਧੀ ਸੰਨ ੧੭੦੧ ਵਿਚ 'ਪੋਥੀ ਹਰਿਜੀ' ਵਿਚ ਲਿਖਿਆ ਮਿਲਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਨਾਲ ਇਹ ਵਚਨ ਕੀਤੇ-

"ਪੁਰਖਾ ਬਿਨਾ ਜਪੁ ਜਪੇ ਤੇ, ਮੈਂ ਪਾਸਿ ਆਵਣਾ ਨਾ ਮਿਲਸੀਓ। ਦਰਗਾਹ ਪਰਮੇਸਰੁ ਕੀ ਮਹਿ, ਜਿਸੁ ਪਾਸਿ ਮੇਰਾ ਜਪੁ ਨੀਸਾਣੁ ਹੋਵੇਗਾ, ਸੁ. ਮੈਂ ਪਾਸਿ ਆਵੇਗਾ, ਉਸਿ ਪੜਿਐ ਕਰਿ ਕਰਿ। ਜੁ ਜੀਉ ਪੜੈਗਾ, ਸੁ ਮੁਕਤਾ ਹੋਇਗਾ।"


www.AKJ.Org

(ਪੋਥੀ ਹਰਿਜੀ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੰਚੀ ਦੂਜੀ) ਪੰਨਾ ੨੪੮ ਅੰਮ੍ਰਿਤਸਰ- ਖਾਲਸਾ ਕਾਲਜ, ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ)

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕੀਤਾ ਗਿਆ ਤਾਂ ਉਸ ਸਮੇਂ ਜਪੁ ਨੂੰ ਹੀ ਗੁਰੂ ਸਾਹਿਬਾਂ ਦਾ ਨੀਸਾਣੁ ਮੰਨ ਕੇ ਇਸ ਬਾਣੀ ਦਾ ਨਾਮ ਤਤਕਰੇ ਵਿਚ "ਜਪੁ ਨੀਸਾਣੁ" ਲਿਖ ਦਿਤਾ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦਾ ਪ੍ਰਮੁੱਖ ਅਤੇ ਸਭ ਤੋਂ ਅੱਗੇ ਉੱਚਾ ਨੀਸਾਣੁ ਇਸ ਜਪੁ ਦਾ ਝੁਲਾ ਦਿਤਾ। ਸੋ ਸਿੱਖ ਰਾਜ ਦੇ ਸਮੇਂ ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਪ੍ਰਮਾਣਿਕਤਾ ਦਿਤੀ ਗਈ ਸੀ ਉਹ ਇਹ ਦਮਦਮੀ ਜਪੁ ਨੀਸਾਣੁ ਸਰੂਪ ਸੀ। ਇਸੇ ਦੀਆਂ ਬਹੁਤ ਸੁੰਦਰ ਲਿਖਾਈ ਕਰਵਾਕੇ ਕਾਪੀਆਂ ਤਿਆਰ ਕੀਤੀਆਂ ਗਈਆਂ। ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁੰਦਰ ਲਿਖਾਈ ਕਰਨ ਵਾਲਿਆਂ ਨੂੰ ਇਨਾਮ ਦੇ ਕੇ ਉਤਸ਼ਾਹਤ ਵੀ ਕੀਤਾ ਜਾਂਦਾ ਸੀ। ਇਸ ਤਰ੍ਹਾਂ ਸੁਲੇਖਕਾਂ ਦਾ ਮਾਣ ਸਤਿਕਾਰ ਸਿਖ ਰਾਜ ਵਿਚ ਹੁੰਦਾ ਰਿਹਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁੰਦਰ ਸਰੂਪ ਹੋਂਦ ਵਿਚ ਆਏ।

ਫਿਰੋਜਪੁਰ ਸ਼ਹਿਰ ਵਿਖੇ ਪਾਕਿਸਤਾਨ ਤੋਂ ਜੋ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਦਾ ਗਿਆ ਹੈ ਉਸਦਾ ਸਬੰਧ ਇਸ ਦਮਦਮੀ ਜਪੁ ਨੀਸਾਣੁ ਸ਼ਾਖਾ ਨਾਲ ਹੈ। ਅਸੀਂ ਉਪਰ ਦੇਖ ਚੁਕੇ ਹਾਂ ਇਹ ਸਰੂਪ ਕਿਸੇ ਹੋਰ ਪਹਿਲੇ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੂਬਹੂ ਨਕਲ ਕਰਕੇ ਬਣਾਇਆ ਗਿਆ ਹੈ। ਇਹ ਨਕਲ ਉਦੋਂ ਹੀ ਕਿਸੇ ਨੇ ਕੀਤੀ ਹੋਈ ਹੋਵੇਗੀ ਜਦੋਂ ਦਮਦਮੀ-ਜਪੁ ਨੀਸਾਣੁ ਸਰੂਪ ਸਿੱਖ ਸੰਗਤਾਂ ਵਿਚ ਸਵੀਕਾਰ ਕੀਤੇ ਜਾ ਰਹੇ ਹੋਣਗੇ ਅਤੇ ਇਹਨਾਂ ਦੀ ਮੰਗ ਹੋ ਰਹੀ ਹੋਵੇਗੀ। ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤਮ ਸਾਲਾਂ ਦਾ ਹੀ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਦੀ ਲੋਹੇ ਦੀਆਂ ਪੱਤੀਆਂ ਅਤੇ ਸੀਖਾਂ ਲਗਾ ਕੇ ਸਿਲਾਈ ਕਰਕੇ ਜਿਲਦ ਬੰਨੀ ਹੋਈ ਹੈ। ਜਿਲਦ ਬੰਨਣ ਦੀ ਇਹ ਕ੍ਰਿਆ ਇਸਨੂੰ ਹੋਰ ਵੀ ਕਈ ਸਾਲ ਬਾਅਦ ਦੇ ਸਮੇਂ ਵਿਚ ਲੈ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਦੇ ਹੋਂਦ ਵਿਚ ਆਉਣ ਦਾ ਸਮਾਂ ਸੰਨ ੧੮੪੦ ਤੋਂ ੧੮੪੫ ਈਸਵੀ ਵਿਚਕਾਰ ਮੰਨ ਲੈਣਾ ਬਹੁਤ ਸਹੀ ਲਗਦਾ ਹੈ। ਇਸੇ ਸਮੇਂ ਵਿਚ ਲੁਧਿਆਣੇ ਵਿਖੇ ਸੰਨ ੧੮੪੪-੪੫ ਵਿਚ ਗੁਰਮੁਖੀ ਟਾਈਪ ਤਿਆਰ ਹੋ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਦੀ ਹਥ-ਲਿਖਤ ਅਤੇ ਤਿਆਰ ਕੀਤੇ ਗੁਰਮੁਖੀ ਟਾਈਪ ਦੀ ਲਿਖਾਈ ਆਪਸ ਵਿਚ ਮਿਲਦੀ ਹੈ। ਇਸ ਪੱਖ ਨੂੰ ਧਿਆਨ ਵਿਚ ਰੱਖਿਆਂ ਵੀ ਇਸ ਸਰੂਪ ਦੀ ਲਿਖਤ ਦਾ ਸਮਾਂ ਲਗਭਗ ਸੰਨ ੧੮੪੫ ਈਸਵੀ ਬਣਦਾ ਹੈ।

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਸਰੂਪ ਭੰਗਾਣੀ ਦੇ ਯੁਧ ਮਗਰੋਂ ਗੁਰੂ ਗੋਬਿੰਦ ਸਿੰਘ ਤੇ ਪੀਰ ਬੁਧੂ ਸ਼ਾਹ ਦੀ ਆਨੰਦਪੁਰ ਸਾਹਿਬ ਮਿਲਣੀ ਤੋਂ ਲਗਭਗ ਡੇਢ ਸੌ ਸਾਲ ਬਾਅਦ ਦੇ ਸਮੇਂ ਦਾ ਹੈ। ਇਸ ਨੂੰ ਸੰਭਾਲ ਕੇ ਰੱਖਣਾ ਅਤੇ ਇਸਦਾ ਉਚਿਤ ਸਤਿਕਾਰ ਤੇ ਸੇਵਾ ਕਰਨੀ ਬਹੁਤ ਜਰੂਰੀ ਹੈ। ਪਰ ਇਸਨੂੰ ਸੰਗਤਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪੀਰ ਬੁਧੂ ਸ਼ਾਹ (ਉਸਦੀ ਬੰਸ ਜਾਂ ਮੁਰੀਦਾਂ ਆਦਿ) ਨੂੰ ਦਿਤਾ ਹੋਇਆ ਕਹਿ ਕੇ ਪਰਚਾਰਨਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ।

---

(ਪੰਨਾ ੧੦ ਦੀ ਬਾਕੀ)

ਦੀ ਛਤਰਛਾਇਆ ਹੇਠ ਵਹੀਆਂ ਖਾਤੇ ਖੋਲ੍ਹੀ ਬੈਠੇ ਹਨ। ਆਪ ਜੀ ਸ੍ਰੀ ਕੇਸ ਗੜ੍ਹ ਸਾਹਿਬ ਅਨੰਦਪੁਰ ਦੇ ਵੀ ਜਥੇਦਾਰ ਹੋ। ਇਹ ਸਭ ਕੁਝ ਤੁਹਾਡੇ ਨੱਕ ਥੱਲੇ ਹੋ ਰਿਹਾ ਹੈ। ਕਿਰਪਾ ਕਰਕੇ ਇਹ ਤਮਾਸ਼ਾ ਬੰਦ ਕਰਵਾਉਣ ਵਿਚ ਸਹਾਈ ਹੋਵੋ। ਯੂ.ਕੇ ਵਿਚ ਮੁਰਦਿਆਂ ਨੂੰ ਗੁਰਦੁਆਰਾ ਮੇਨ ਹਾਲ ਵਿਚ ਬਕਸੇ ਲਿਆਕੇ ਮੱਥੇ ਟਿਕਾਏ ਜਾ ਰਹੇ ਹਨ। ਯੂ. ਕੇ. ਫੇਰੀ ਸਮੇਂ ਇਹ ਗੱਲ ਤੁਹਾਡੇ ਨੋਟਿਸ ਵਿਚ ਆਈ ਹੋਵੇਗੀ। ਇਹ ਮਨਮੱਤ ਰੀਸੋ ਰੀਸੀ ਵਧ ਰਹੀ ਹੈ। ਸਿੱਖ ਸਿਧਾਂਤ ਨੂੰ ਮੁਖ ਰੱਖ ਕੇ ਇਹ ਮਨਮਤ ਹਟਾਉਣ ਲਈ ਕੁਝ ਕਰਨਾ ਚਾਹੀਦਾ ਹੈ।

੭. ਦਸਤਾਰ- "ਸਾਬਤਿ ਸੂਰਤਿ ਦਸਤਾਰ ਸਿਰਾ।" ਦਸਤਾਰ ਸਿੱਖ ਪਹਿਰਾਵੇ ਦਾ ਅਨਿਖੜਵਾਂ ਅੰਗ ਹੈ। ਜੰਗਾਂ ਜੁਧਾਂ ਵਿੱਚ ਵੀ ਸਿੱਖ ਫੌਜੀਆਂ ਨੇ ਲੋਹ ਟੋਪ ਦੀ ਬਜਾਇ ਦਸਤਾਰ ਨੂੰ ਮੁੱਖ ਰੱਖਿਆ। ਭਾਵੇਂ ਮੌਤ ਦਾ ਡਰ ਸਿਰ ਤੇ ਸੀ। ਦਾਸ ਨੂੰ ਯਾਦ ਹੈ ਯੂ. ਕੇ. ਵਿਚ ਦਸਤਾਰ ਦੀ ਅਜ਼ਾਦੀ ਲਈ ਬੜੀ ਘਾਲਣਾ ਘਾਲਣੀ ਪਈ। ਇਹ ਅਜ਼ਾਦੀ ਸਿੱਖ ਫੌਜੀਆਂ ਦੀ ਘਾਲਣਾ ਅਤੇ ਦ੍ਰਿੜਤਾ ਕਰਕੇ ਹੀ ਮਿਲੀ ਸੀ। ਭਾਰਤ ਵਿਚ ਵੀ ਗੁਰੂ ਦਾ ਸਿੱਖ ਸਿਰਤੇ ਦਸਤਾਰ ਨਾਲ ਮੋਟਰ ਸਾਇਕਲ ਚਲਾ ਸਕਦਾ ਹੈ। ਪਰ ਹੁਣ ਸਿੱਖਾਂ ਦੇ ਘਰ ਪੰਜਾਬ ਵਿੱਚ ਹੀ ਟੋਪੀ ਪਾਉਣ ਦਾ ਰਿਵਾਜ਼ ਸਿੱਖ ਮੁੰਡਿਆਂ ਵਿਚ ਪ੍ਰਚਲਤ ਹੋ ਰਿਹਾ ਹੈ। ਜਿਸਦਾ ਸੇਕ ਇਥੇ ਯੂ. ਕੇ. ਤੇ ਹੋਰ ਪ੍ਰਦੇਸੀ ਮੁਲਕਾਂ ਵਿਚ ਵੀ ਮਹਿਸੂਸ ਹੋਣ ਲਗ ਪਿਆ ਹੈ। ਸਿੱਖ ਦੀ ਪਹਿਚਾਣ ਹੀ ਨਾ ਰਹੀ ਤਾਂ ਬਾਕੀ ਕੀ ਰਹਿ ਜਾਵੇਗਾ?

10. ਜੈਸਾ ਅੰਨ ਤੈਸਾ ਮਨ- ਸਾਡਾ ਪ੍ਰਚਾਰਕ ਸਿਸਟਮ ਬਿਲਕੁਲ ਨਿਘਰ ਚੁਕਾ ਹੈ ਤੇ ਧੰਦਾ ਬਣ ਕੇ ਰਹਿ ਗਿਆ ਹੈ। ਪੂਜਾ ਦਾ ਧਾਨ ਖਾ ਖਾ ਕੌਮ ਦੀ ਬੁਧ ਭ੍ਰਿਸ਼ਟੀ ਹੈ। ਅੱਜ ਦਾ ਸਿੱਖ ਪ੍ਰਚਾਰਿਕ, ਪੈਸੇ ਪਿੱਛੇ ਲਾਲਾਂ ਸੁਟਦਾ ਫਿਰਦਾ ਹੈ। ਬੱਚਿਆਂ ਨੂੰ ਵੀ ਬਿਖ ਖੁਆ ਰਿਹਾ ਹੈ। ਇਸ ਲਈ ਪ੍ਰਚਾਰਿਕ ਸਿਸਟਮ ਦਾ ਓਵਰਹਾਲ ਕੀਤਾ ਜਾਣਾ ਜ਼ਰੂਰੀ ਹੈ।

## ਬਨਾਉਟੀ ਮੇਕ - ਅੱਪ

ਵਾਲ ਕਾਲੇ ਕਰਨ ਵਾਲੇ ਤੇਲ ਤੇ ਪਾਊਡਰ(ਕਲਫ), ਬਨਾਉਟੀ ਮੇਕ-ਅੱਪ (ਸ਼ਿੰਗਾਰ) ਲਈ ਵਰਤੇ ਜਾਂਦੇ ਪਾਊਡਰ,ਕਰੀਮਾਂ,ਲਿੱਪ ਸਟਿੱਕ (ਸੁਰਖੀ), ਨਹੁੰ ਪਾਲਿਸ਼ ਆਦਿ ਚਮੜੀ ਰੋਗ ਪੈਦਾ ਕਰਦੇ ਹਨ। ਆਪਣੀ ਜਾਨ ਦੇ ਆਪ ਹੀ ਵੈਰੀ ਨਾ ਬਣੋ। ਸ੍ਰੀਰ ਨੂੰ ਅਰੋਗ ਰੱਖਣ ਲਈ ਕੁਦਰਤੀ ਸੁਹੱਪਣ ਨੂੰ ਹੀ ਬਰਕਰਾਰ ਰੱਖੋ।



www.AKJ.Org

# ਕਬਿੱਤ ਸਵੱਯੇ, ਭਾਈ ਗੁਰਦਾਸ ਜੀ(੩੫)

ਗੁਰ ਸਿਖ ਏਕ ਮੇਕ ਰੋਮ ਕੀ ਅਕਥ ਕਥਾ,
ਗੁਰਸਿਖ ਸਾਧ ਸੰਗ ਮਹਿਮਾ ਕੋ ਪਾਵਈ॥
ਏਕ ਓਅੰਕਾਰ ਕੇ ਬਿਥਾਰ ਕੋ ਨ ਪਾਰਾਵਾਰੁ,
ਸ਼ਬਦ ਸੁਰਤਿ ਸਾਧ ਸੰਗਤਿ ਸਮਾਵਈ॥
ਪੂਰਨ ਬ੍ਰਹਮ ਗੁਰ ਸਾਧ ਸੰਗ ਪੈ ਨਿਵਾਸ,
ਦਾਸਨ ਦਾਸਾਨ ਮਤਿ ਆਪਾ ਨ ਜਤਾਵਈ॥
ਸਤਿਗੁਰ ਗੁਰ ਗੁਰਸਿਖ ਸਾਧ ਸੰਗਤਿ ਹੈ,
ਓਤਿ ਪੋਤਿ ਜੋਤਿ ਵਾ ਕੀ ਵਾਹੀ ਬਨਿ ਆਵਈ॥੧੯੫॥

ਪਦ ਅਰਥ:- ਏਕ ਮੇਕ - ਇਕ ਮਿਕ ਹੋਏ। ਕੋ ਪਾਵਈ - (ਅੰਤ) ਕੌਣ ਪਾ ਸਕਦਾ ਹੈ? ਏਕ ਓਅੰਕਾਰ - ਵਾਹਿਗੁਰੂ। ਬਿਥਾਰ-ਬਿਸਥਾਰ,ਪਸਾਰਾ, ਰਚਨਾ। ਪਾਰਾਵਾਰ-ਆਰ ਪਾਰ ,ਅੰਤ। ਦਾਸਨ ਦਾਸਾਨ- ਦਾਸਾਂ ਦਾ ਦਾਸ, ਗੋਲਿਆਂ ਦਾ ਗੋਲਾ। ਆਪਾ- ਆਪਣਾ ਆਪ , ਮੈਂ ਮੇਰੀ । ਜਤਾਵਈ- ਜਣਾਉਂਦੇ। ਗੁਰ- ਵੱਡਾ, ਮਹਾਨ। ਓਤਿ ਪੋਤਿ - ਤਾਣੇ ਪੇਟੇ ਵਾਂਗ। ਵਾ ਕੀ- ਉਸ ਦੀ । ਵਾਹੀ ਬਨਿ ਆਵਈ- ਉਸ ਨੂੰ ਬਣ ਆਉਂਦੀ ਹੈ, ਕੋਈ ਹੋਰ ਉਸ ਜਿਹਾ ਨਹੀਂ।

ਅਰਥ:-ਸਤਿਗੁਰੂ ਨਾਲ ਇਕ ਮਿਕ ਹੋਏ ਗੁਰਸਿੱਖ ਦੇ ਇਕ ਰੋਮ ਦੀ ਮਹਿਮਾ ਕਹੀ ਨਹੀ ਜਾ ਸਕਦੀ, ਤੇ ਐਸੇ ਗੁਰਸਿੱਖਾਂ ਦੇ ਸਮੂਹ - ਸਾਧ ਸੰਗਤ ਦੀ ਮਹਿਮਾ ਦਾ ਅੰਤ ਕੌਣ ਪਾ ਸਕਦਾ ਹੈ?

ਜਿਸ ਇਕ- ਓਅੰਕਾਰ ਵਾਹਿਗੁਰੂ ਦੇ ਪ੍ਰਸਾਰ ਦਾ ਕੋਈ ਅੰਤ ਨਹੀਂ, ਉਹ ਵਾਹਿਗੁਰੂ ਸ਼ਬਦ-ਸੁਰਤ ਵਿਚ ਲਿਵਲੀਨ ਹੋਏ ਗੁਰਸਿੱਖਾਂ ਦੀ ਸਾਧ ਸੰਗਤ ਵਿਚ ਸਮਾਅ ਰਿਹਾ ਹੈ । ਪੂਰਨ ਬ੍ਰਹਮ ਰੂਪ ਸਤਿਗੁਰੂ ਦਾ ਨਿਵਾਸ ਸਾਧ ਸੰਗਤ ਵਿਚ ਹੁੰਦਾ ਹੈ,(ਪਰ ਐਸੇ ਸਤਿਗੁਰ ਨਾਲ ਮਿਲੇ ਹੋਏ ਗੁਰਸਿੱਖ ਗਰੀਬੀ ਵਾਲੀ ਮੱਤ ਕਰਕੇ ) ਸਤਿਗੁਰੂ ਦੇ ਗੋਲਿਆਂ ਦੇ ਗੋਲੇ ਬਣੇ ਰਹਿੰਦੇ ਹਨ, ਉਹ ਆਪਣਾ ਆਪ ਨਹੀਂ ਜਣਾਉਂਦੇ (ਭਾਵ, ਉਨ੍ਹਾਂ ਅੰਦਰੋਂ ਮੈਂ ਮੇਰੀ ਮਿਟ ਜਾਂਦੀ ਹੈ।)

ਸਤਿਗੁਰੂ ਗੁਰੂ (ਮਹਾਨ) ਹੈ ਅਤੇ ਗੁਰੂ ਦੇ ਸਿਖ ਸਾਧ ਸੰਗਤ ਹਨ; ਉਸ ਮਹਾਨ ਸਤਿਗੁਰੂ ਦੀ ਜੋਤੀ ਤਾਣੇ ਪੇਟੇ ਵਾਂਗ (ਸਾਧ ਸੰਗਤ ਵਿਚ ) ਸਮਾਈ ਹੁੰਦੀ ਹੈ। ਐਸੇ ਮਹਾਨ ਸਤਿਗੁਰੂ ਦੀ ਮਹਿਮਾ ਉਸੇ ਨੂੰ ਬਣ ਆਉਂਦੀ ਹੈ। ਉਸ ਦੀ ਕੋਈ ਬਰਾਬਰੀ ਨਹੀਂ।੧੯੫।

ਪਵਨਹਿ ਪਵਨ ਮਿਲਤ ਨਹੀ ਪੇਖੀਅਤ,
ਸਲਿਲੈ ਸਲਿਲ ਮਿਲਤ ਨਾਹਿ ਪਹਿਚਾਨੀਐ॥
ਜੋਤੀ ਮਿਲ ਜੋਤਿ ਹੋਤ ਭਿੰਨ ਭਿੰਨ ਕੈਸੇ ਕਰਿ,
ਭਸਮਹਿ ਭਸਮ ਸਮਾਨੀ, ਕੈਸੇ ਜਾਨੀਐ॥
ਕੈਸੇ ਪੰਚ ਤਤ ਮੇਲ ਖੇਲ ਹੋਤ ਪਿੰਡ ਪ੍ਰਾਨ,
ਬਿਛੁਰਤਿ ਪਿੰਡ ਪ੍ਰਾਨ ਕੈਸੇ ਉਨ ਮਾਨੀਐ॥
ਅਬਿਗਤਿ ਗਤਿ ਅਤਿ ਬਿਸਮ ਅਸਚਰਜ-ਮੈ,
ਗਿਆਨ ਧਿਆਨ ਅਗਮਿਤਿ ਕੈਸੇ ਉਰ ਆਨੀਐ॥੧੯੬॥

ਪਦ ਅਰਥ:- ਪਵਨਹਿ- ਵਾਯੂ (ਹਵਾ) ਵਿਚ । ਪੇਖੀਅਤ- ਵੇਖੀ ਜਾ ਸਕਦੀ। ਸਲਿਲੈ ਸਲਿਲ-ਪਾਣੀ ਵਿਚ ਪਾਣੀ। ਜੋਤੀ-ਪ੍ਰਕਾਸ਼,ਚਾਨਣ। ਭਿੰਨ ਭਿੰਨ - ਵੱਖ ਵੱਖ। ਭਸਮਹਿ ਭਸਮ-ਰਾਖ(ਸੁਆਹ) ਵਿਚ ਰਾਖ। ਪੰਚ ਤਤ-ਜਲ,ਅਗਨੀ, ਵਾਯੂ,ਧਰਤੀ,ਅਕਾਸ਼। ਖੇਲੁ - ਤਮਾਸ਼ਾ । ਪਿੰਡ - ਸਰੀਰ। ਉਨਮਾਨੀਐ-ਅੰਦਾਜ਼ਾ ਲਾਉਣਾ। ਅਬਿਗਤਿ-ਜੋ ਜਾਣਿਆ ਨਾ ਜਾ ਸਕੇ। ਗਤਿ-ਗਤਿ,ਦਸ਼ਾ। ਅਤਿ ਬਿਸਮ-ਬਹੁਤ ਹੀ ਹੈਰਾਨੀ ਵਾਲੀ। ਅਸਚਰਜ ਮੈ - ਅਸੰਚਰਜਤਾ ਵਾਲੀ । ਅਗਮਿਤਿ - ਅਗਮ ਇਤ, ਜਿਸ ਨੂੰ ਨਹੀਂ ਜਾਣਿਆ ਜਾ ਸਕਦਾ। ਉਰਆਨੀਐ-ਹਿਰਦੇ ਵਿਚ ਲਿਆਈਏ।

ਅਰਥ:- ਹਵਾ ਵਿਚ ਹਵਾ ਮਿਲੀ (ਵੱਖ ਵੱਖ) ਨਹੀਂ ਵੇਖੀ ਜਾ ਸਕਦੀ ਅਤੇ ਪਾਣੀ ਵਿਚ ਪਾਣੀ ਦਾ ਮਿਲਣਾ ਪਛਾਣਿਆ ਨਹੀਂ ਜਾ ਸਕਦਾ। ਚਾਨਣ ਵਿਚ ਚਾਨਣ ਮਿਲ ਜਾਵੇ ਤਾਂ ਉਹ ਵੱਖ ਵੱਖ ਕਰਕੇ ਕਿਵੇਂ ਵੇਖਿਆ ਜਾ ਸਕਦਾ ਹੈ? ਰਾਖ ਵਿਚ ਰਾਖ ਮਿਲ ਜਾਵੇ ਤਾਂ ਵੱਖ ਵੱਖ ਕਿਵੇਂ ਜਾਣੀ ਜਾ ਸਕਦੀ ਹੈ? (ਕੌਣ ਜਾਣ ਸਕਦਾ ਹੈ ਕਿ ) ਪੰਜ ਤੱਤਾਂ ਦੇ ਮੇਲ ਨਾਲ ਸਰੀਰ ਤੇ ਪ੍ਰਾਣਾ ਦੀ ਰਚਨਾ ਦਾ ਖੇਲ ਕਿਵੇਂ ਰਚਿਆ ਜਾਂਦਾ ਹੈ ? ਅਤੇ ਸਰੀਰਾਂ ਤੇ ਪ੍ਰਾਣਾਂ ਦੇ ਵਿਛੜਣ ਦਾ ਅਨੁਮਾਨ ਕਿਵੇਂ ਲਾਇਆ ਜਾ ਸਕਦਾ ਹੈ ? (ਇਸ ਤਰ੍ਹਾਂ ਗੁਰਸਿਖ ਸੰਗਤਿ ਮਿਲਾਪ ਸਤਿਗੁਰੂ ਨਾਲ ਇਕ -ਮਿਕ ਗੁਰਸਿਖਾਂ ਦੀ ) ਗਤੀ ਨਹੀਂ ਜਾਣੀ ਜਾ ਸਕਦੀ, ਬਹੁਤ ਹੀ ਹੈਰਾਨੀ ਵਾਲੀ ਅਤੇ ਅਸਚਰਜਨਕ ਹੈ, ਸ਼ਾਸਤ੍ਰੀ ਗਿਆਨ ਅਤੇ ਧਿਆਨ-ਸਮਾਧੀਆਂ ਦੁਆਰਾ ਨਹੀਂ ਜਾਣੀ ਜਾ ਸਕਦੀ। ਉਸ ਦਾ ਅਨੁਮਾਨ ਵੀ ਕਿਵੇਂ ਹਿਰਦੇ ਵਿਚ ਲਿਆਂਦਾ ਜਾ ਸਕਦਾ ਹੈ ? ( ਭਾਵ ਨਹੀਂ ਲਿਆਂਦਾ ਜਾ ਸਕਦਾ)।੧੯੬।

ਜਿਨ ਹਰਿ ਹਰਿ ਨਾਮੁਨ ਚੇਤਿਓ ਸੇ ਭਾਗਹੀਣ ਮਰਿ ਜਾਇ॥
ਓਇ ਫਿਰਿ ਫਿਰਿ ਜੋਨਿ ਭਵਾਈਅਹ, ਮਰਿ ਜੰਮਹਿ ਆਵੈ ਜਾਇ॥
ਓਇ ਜਮ ਦਰਿ ਬਧੇ ਮਾਰੀਅਹਿ, ਹਰਿ ਦਰਗਹ ਮਿਲੈ ਸਜਾਇ॥੩॥ (ਮਾਰੂ ਮ: ੪,ਪੰਨਾ ੯੯੬)



www.AKJ.Org

# ਨਵੇਕਲਾ ਹੋਲਾ

(ਪ੍ਰਿ: ਸੱਜਣ ਸਿੰਘ ਜੀ)

ਤਿਉਹਾਰ ਧਰਮ ਦੇ ਚਿੰਨ੍ਹ ਹੁੰਦੇ ਹਨ , ਜਿਨ੍ਹਾਂ ਤੋ ਧਰਮ ਦੇ ਸਮਾਜਕ ਤੇ ਅਧਿਆਤਮਕ ਸਰੂਪ ਦਾ ਗਿਆਨ ਹੁੰਦਾ ਹੈ। ਇਹ ਨਵੀਂ ਪਨੀਰੀ ਦੇ ਵਿਚਾਰਾਂ ਦੀ ਘਾੜਤ ਲਈ ਵੀ ਸਹਾਇਕ ਹਨ । ਇਨ੍ਹਾਂ ਬਗੈਰ ਧਰਮ ਦਾ ਪ੍ਰਫੁੱਲਤ ਹੋਣਾ ਕਠਨ ਹੈ ਅਤੇ ਧਰਮ ਦੇ ਪੈਰੋਕਾਰਾਂ ਦੀ ਜੀਵਨ -ਜੁਗਤਿ ਵਿਚਾਰਧਾਰਾ , ਰਹਿਣ ਸਹਿਣ, ਮਿਲਵਰਤਣ, ਮਾਨਸਿਕ ਰੁਚੀ ਆਦਿ ਦਾ ਪ੍ਰਗਟਾਵਾ ਸਹਜੇ ਹੀ ਦੇਖਣ ਵਿਚ ਆਉਂਦਾ ਹੈ। ਵਿਦੇਸ਼ੀਆਂ ਨੇ ਭਾਰਤ ਦੇ ਵੱਖ ਵੱਖ ਧਰਮਾਂ ਦੇ ਤਿਉਹਾਰਾਂ ਤੋ ਭਾਰਤੀਆਂ ਦੀਆਂ ਸਰੀਰਕ ਸਰਗਰਮੀਆਂ, ਵਾਦੀਆਂ,ਗੁਣਾਂ, ਔਗਣਾ, ਆਦਿ ਦਾ ਜਾਇਜ਼ਾ ਲਿਆ ਹੈ। ਹਮਲਾਵਰਾਂ ਨੇ ਵਿਸ਼ੇਸ਼ ਤੌਰ ਤੇ ਭਾਰਤੀ ਸਭਯਤਾ ਦੀਆਂ ਊਣਤਾਈਆਂ ਦਾ ਲਾਭ ਉਠਾਇਆ ਹੈ ਤੇ ਉਨਾਂ ਨੂੰ ਲੁੱਟਣ, ਖੋਹਣ, ਅਧੀਨ ਕਰਨ ਤੇ ਰਾਜ ਕਰਨ ਵਿਚ ਖਾਸ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਿਆ ।

ਇਸ ਤਰਾਂ ਦਾ ਇਕ ਤਿਉਹਾਰ ਹੋਲੀ ਸੀ ਤੇ ਹੁਣ ਵੀ ਉਸੇ ਰੂਪ ਵਿਚ ਹੈ, ਜਿਹੜਾ ਬਹੁਤ ਲੰਮੇ ਸਮੇਂ ਤੋਂ ਮਰਦਾਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਅਮੀਰਾਂ ਤੇ ਗਰੀਬਾਂ ਦੁਆਰਾ ਹੱਸਣ, ਖੇਡਣ, ਰੰਗ ਤੇ ਮਲੀਨ ਪਾਣੀ ਨਾਲ ਹੋਲੀ ਖੇਡਣ ਨਾਲ ਮਨਾਇਆ ਜਾਂਦਾ ਰਿਹਾ ਹੈ । ਇਕ ਸੁਤੰਤਰ ਕੌਮ, ਆਜਾਦ ਪੰਛੀ ਵਾਂਗਰ ਹੋਲੀ ਨੂੰ ਆਪਣੀ ਖੁਸ਼ੀ ਪ੍ਰਗਟਾਉਣ ਦਾ ਸਾਧਨ ਬਣਾਉਂਦੀ ਤਾਂ ਅਰਥ ਭਰਪੂਰ ਅਖਵਾਉਣ ਦੀ ਹੱਕਦਾਰ ਸੀ ਪਰ ਲਗਾਤਾਰ ਗੁਲਾਮੀ ਵਿੱਚ ਜਕੜੀ, ਬਿਗਾਨੀ ਚਾਕਰੀ ਵਿੱਚ ਬੇਬਸ ਹੋ ਕੇ ਉਮਰ ਬਿਤਾਉਂਦੀ, ਅਣਖ, ਗੈਰਤ ਤੋਂ ਬਿਰਵੀ ਜਾਤੀ ਮਾਨਸਿਕ ਖੁਸ਼ੀ ਤੇ ਆਤਮਕ ਖੇੜਾ ਕਿਵੇਂ ਮਾਣ ਸਕਦੀ ਸੀ? ਇਹ ਰੰਗਾ ਰੰਗੀ ਦੀ ਕਾਰ ਨਿਰਾ ਕਰਮ ਕਾਂਡ ਤੇ ਦਿਖਾਵਾ ਸੀ ਜਿਸ ਵਿਚ ਕੁਦਰਤੀ ਉਮਾਹ, ਚਾਅ ਤੇ ਹੁਲਾਰੇ ਦੀ ਹੋਂਦ ਨਹੀ ਸੀ ।

ਗੁਰੂ ਨਾਨਕ ਜੋਤਿ ਨੇ ਐਸੇ ਕੱਚੇ ਕੁਸੰਭੜੇ ਰੰਗ ਦੀ ਨਿਖੇਧੀ ਕੀਤੀ, ਜਿਹੜਾ ਸੰਸਾਰਕ ਕਪੜੇ ਰੰਗਣ ਤੋ ਅਗੇ ਨਹੀਂ ਸੀ ਜਾ ਸਕਦਾ। ਨਾਮ ਮਜੀਠੜੇ ਰੰਗ ਨਾਲ ਕਾਇਆ ਰੰਗਣ ਦਾ ਪਾਵਨ ਉਪਦੇਸ਼ ਹਜ਼ੂਰ ਦਾ ਸੀ ।

**ਕਾਇਆ ਰੰਙਣਿ ਜੇ ਥੀਐ ਪਿਆਰੇ, ਪਈਐ ਨਾਉ ਮਜੀਠ ॥**
**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥**

ਤਿਲੰਗ ਮਹਲਾ ੧ ਪੰਨਾ ੭੨੧-੨੨)

ਸਾਧਾਰਨ ਪੁਰਸ਼ ਦੇ ਮਨ ਤੇ ਮਾਇਆ ਦੀ ਮੈਲ ਹੋਣ ਕਰਕੇ ਉਸ ਨੂੰ ਮਾਇਆ ਦੀ ਵਡਿਆਈ ਬਿਨਾਂ ਹੋਰ ਕੁਛ ਵੀ ਦਿਖਾਈ ਨਹੀ ਦਿੰਦਾ। ਮਾਇਆ ਦੇ ਨਸ਼ੇ ਵਿੱਚ ਅੰਨ੍ਹਾ ਪੁਰਸ਼ ਭਲਾ ਰੰਗ ਦੀ ਕਿਵੇਂ ਪਛਾਣ ਕਰ ਸਕਦਾ ਹੈ ? ਇਹ ਤਾਂ ਸਤਿਗੁਰੂ ਦੀ ਨਦਰਿ ਰਹਿਮਤ ਹੈ ਕਿ–

**ਮਨੁ ਰੰਗਹੁ ਵਡਭਾਗੀਹੋ, ਗੁਰੁ ਤੁਠਾ ਕਰੇ ਪਸਾਉ ॥**
**ਗੁਰੁ ਨਾਮ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ**
**ਬਲਿ ਜਾਉ ॥ ਬਿਨੁ ਸਤਿਗੁਰ ਹਰਿ ਨਾਮੁ ਨ ਲਭਈ,**
**ਲਖ ਕੋਟੀ ਕਰਮ ਕਮਾਉ ॥ ੨ ॥**

(ਸਿਰੀ ਰਾਗੁ ਮਹਲਾ੪-ਪੰਨਾ ੪੦)

ਗੁਰਦੇਵ ਜੀ ਨੇ ਆਪਣੇ ਮੁਬਾਰਕ ਬਚਨਾ ਦੁਆਰਾ ਸਾਨੂੰ ਮੂਰਖ ਮੁਗਧਾਂ ਨੂੰ ਸਮਝਾਇਆ ਕਿ ਪ੍ਰਚੱਲਤ ਹੋਲੀ, ਨਾਮ-ਸੁਗੰਧ ਹੀਨ ਹੈ ਤੇ ਵਾਸਤਵ ਵਿਚ ਗੀਤੀ ਨਹੀਂ ਬਿਪਰੀਤ ਹੈ। ਗੁਰਮੁਖ ਜਨ ਕੱਚੇ ਰੰਗ ਨਾਲ ਹੋਲੀ ਨਹੀਂ ਖੇਡਦੇ। ਉਨਾਂ ਨੂੰ ਐਸੀ ਹੋਲੀ ਭਾਉਂਦੀ ਹੈ ਜਿਸ ਦਾ ਸਰੂਪ ਨਿਵੇਕਲਾ ਤੇ ਸਰਬੋਤਮ ਹੋਵੇ ਜਿਹੜੀ ਪਵਿੱਤਰਤਾ ਤੇ ਸਹਜ ਦੀ ਮੁਜੱਸਮਾ ਹੋਵੇ, ਮੁਬਾਰਕ ਹੈ

**ਬਸੰਤ ਮਹਲਾ ੫ ॥.........ਆਜੁ ਹਮਾਰੈ ਬਨੇ ਫਾਗ ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ ॥**
**ਹੋਲੀ ਕੀਨੀ ਸੰਤ ਸੇਵ ॥**
**ਰੰਗੁ ਲਾਗਾ ਅਤਿ ਲਾਲ ਦੇਵ ॥੨ ॥**
**ਮਨੁ ਤਨੁ ਮਉਲਿਓ ਅਤਿ ਅਨੂਪ ॥**
**ਸੂਕੈ ਨਾਹੀ ਛਾਵ ਧੂਪ ॥**
**ਸਗਲੀ ਰੂਤੀ ਹਰਿਆ ਹੋਇ ॥**
**ਸਦ ਬਸੰਤ ਗੁਰ ਮਿਲੇ ਦੇਵ ॥੩ ॥......:.** (ਪੰਨਾ ੧੧੮੦)

ਐਸੀ ਹੋਲੀ ਨਾਲ ਸਤਿਸੰਗੀਆਂ ਦਾ ਤਨ ਮਨ ਖਿੜਦਾ ਹੈ, ਵਿਗਸਦਾ ਹੈ, ਦੁਖਾਂ ਸੁਖਾਂ ਵਿੱਚ ਸੁੱਕਦਾ ਨਹੀ। ਬਾਰਾਂ ਮਾਸ ਹਰਿਆ ਰਹਿੰਦਾ ਹੈ, ਮਾਇਆ ਦੀ ਅਗਨੀ ਨਾਲ ਜਲਦਾ ਨਹੀਂ।

ਪ੍ਰਹਿਲਾਦ ਤੇ ਹਰਣਾਖਸ ਦੀ ਜੰਗ, ਸੱਚ ਤੇ ਝੂਠ ਦੀ ਸੀ, ਆਸਤਕਤਾ ਤੇ ਨਾਸਤਕਤਾ ਦੀ ਸੀ। ਹਕੀਕਤ ਵਿਚ ਇਹ ਜੰਗ ਨਹੀਂ, ਇਕ ਤਰਫਾ ਜੁਲਮ ਤੇ ਤੱਸ਼ਦਦ ਸੀ, ਜਿਹੜਾ ਪ੍ਰਹਿਲਾਦ ਨੇ ਖਿੜੇ ਮੱਥੇ ਪਰਵਾਨ ਕੀਤਾ। ਸਾਰੀ ਹਉਮੈ ਦੀ ਖੇਡ ਸੀ, ਜਿਸ ਵਿਚ ਸਾਰੀ ਖਲਕਤ ਨੂੰ ਚੁਪ ਚਾਪ ਹੁਕਮ ਬਜਾਉਣ ਦੀ ਆਦਤ ਪੈ ਗਈ ਸੀ। ਹਰਣਾਖਸ ਨੂੰ ਆਪਣੀ ਹਾਰ ਮੰਨਕੇ ਪ੍ਰਭੂ ਦੀ ਸ਼ਰਨੀ ਡਿਗਣ ਦੇ ਬਹੁਤ ਮੌਕੇ ਮਿਲੇ ਪਰ ਪੱਥਰ ਦਿਲ ਬਿਲਕੁਲ ਨਹੀ ਦ੍ਰਵਿਆ ਤੇ ਰੱਬੀ ਸ਼ਕਤੀ ਨੂੰ ਚੁਨੌਤੀ ਦਿੰਦਾ ਰਿਹਾ । ਪ੍ਰਹਿਲਾਦ ਦੀ ਰੱਖਿਆ ਤੇ ਹੋਲਿਕਾ ਦੀ ਮ੍ਰਿਤੂ ਦੀ ਘਟਨਾ ਸਚਾਈ ਦੀ ਝੂਠ ਤੇ,ਸਬਰ ਦੀ ਜਬਰ ਤੇ,ਨਿਮਰਤਾ ਦੀ ਹੰਕਾਰ ਤੇ, ਮਹਾਨ ਜਿੱਤ ਸੀ। ਇਸ ਦਾ ਸਾਰ ਹਰਿ ਨਾਮ ਦੀ ਵਡਿਆਈ ਤੇ ਅਕਾਲ ਪੁਰਖ ਦੀ ਸਰਬ ਕਾਲੀ ਸਮੱਰਥਾ ਦਾ ਪਰਤੱਖ ਪਰਮਾਣ ਸੀ। ਪਰ ਹੋਲੀ ਨੇ ਆਪਣਾ ਰੂਪ ਐਸਾ ਬਣਾ ਲਿਆ ਸੀ ਜਿਸ ਵਿੱਚ ਦੋਨਾਂ ਹੀ ਗੁਣਾਂ ਦੀ ਬਹੁਤ ਘਾਟ



www.AKJ.Org

ਸੀ। ਦੈਵੀ ਗੁਣਾਂ ਉੱਤੇ ਰਾਕਸ਼ੀ ਗੁਣ ਹਾਵੀ ਹੋ ਚੁਕੇ ਸਨ। ਰੌਲੇ ਗੌਲੇ, ਓਪਰੇ ਹਾਸੇ ਨੇ ਮਾਨਸਕ ਖੁਸ਼ੀ ਦੀ ਥਾਂ ਮੱਲੀ ਹੋਈ ਸੀ। ਮਨ ਖੁਸ਼ਕ ਤੇ ਕੁਮਲਾਇਆ ਹੋਇਆ ਪਰ ਤਨ ਨੂੰ ਭਾਂਤ ਭਾਂਤ ਦੇ ਰੰਗਾਂ ਨਾਲ ਧੋ ਕੇ ਤਿਫਲ-ਤਸੱਲੀ ਦਿੱਤੀ ਜਾਂਦੀ ਸੀ।

ਸਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਆਖਰੀ ਤੇ ਸਥਾਈ ਰੂਪ ਵਿਚ ਬਦਲਿਆ। ਇਥੇ ਆਖਰੀ ਦਾ ਭਾਵ ਹੈ ਕਿ ਇਹ ਸੁਧਾਰ ਥੋੜੇ ਸਮੇਂ ਲਏ ਨਹੀਂ, ਬਲਕਿ ਸਦੀਵ ਕਾਲ ਲਈ ਹੈ। ਗੁਰਦੇਵ ਜੀ ਇੱਕ ਨਹੀ, ਗੁਣਾਂ ਦੇ ਸਮੂਹ ਸਨ, ਜਿਹੜੇ ਨਾਮ ਦੀ ਸ਼ਕਤੀ ਤੇ ਚੜਦੀ ਕਲਾ ਨਾਲ ਜੁੜੇ ਹੋਏ ਸਨ। ਸਵੈਮਾਨ ਤੇ ਅਣਖੈਂ ਨੂੰ ਪ੍ਰਾਥਮਿਕਤਾ ਦਿੱਤੀ ਜਿਨ੍ਹਾਂ ਨੂੰ ਸਾਕਾਰ ਬਣਾਉਣ ਲਈ ਜੁਰਅਤ, ਦਲੇਰੀ ਤੇ ਬੀਰਤਾ ਦੇ ਜਜ਼ਬੇ ਉਤਪੰਨ ਕਰਨੇ ਸਨ। ਇਸ ਉਦੇਸ਼ ਦੀ ਪੂਰਤੀ ਲਈ ਹਜ਼ੂਰ ਨੇ ਹੋਲੀ ਦੇ ਤਿਉਹਾਰ ਨੂੰ ਅਪਣਾਇਆ ਹੈ, ਇਸ ਦਾ ਖੰਡਨ ਨਹੀਂ ਕੀਤਾ। ਇਸ ਨੂੰ ਤ੍ਰਿਸਕਾਰਿਆ ਨਹੀਂ, ਪਾਵਨ ਪਰੰਪਰਾ ਦਾ ਅੰਗ ਬਣਾਇਆ ਹੈ। ਇਸ ਦਾ ਰੂਪ ਬਿਗਾੜਿਆ ਨਹੀ, ਸੁਧਾਰਿਆ ਹੈ।

ਉਸ ਕਾਲ ਵਿਚ ਔਰਤ ਜਾਤੀ ਨੂੰ ਕਮਜ਼ੋਰੀ ਦਾ ਰੂਪ ਸਮਝਿਆ ਜਾਂਦਾ ਸੀ। ਦਾਤਾਰ ਪਿਤਾ ਨਹੀਂ ਚਾਹੁੰਦੇ ਸਨ ਕਿ ਗੱਡੀ ਦਾ ਇੱਕ ਪਹੀਆ ਢਿੱਲਾ ਤੇ ਕਮਜ਼ੋਰ ਹੋਵੇ। ਇਸ ਕਰਕੇ ਕਮਜ਼ੋਰ ਪਹੀਏ ਨੂੰ ਤਾਕਤ ਬਖਸ਼ੀ ਤੇ ਬਰਾਬਰੀ ਦਾ ਦਰਜਾ ਦਿੱਤਾ। ਆਪ ਜੀ ਦੀ ਮਨੋਵਿਗਿਆਨਕ ਸ਼ਕਤੀ ਕਮਾਲ ਦੀ ਸੀ। ਇਸਤ੍ਰੀ ਲਿੰਗ ਸ਼ਬਦਾਂ ਨੂੰ ਪੁਲਿੰਗ ਸ਼ਬਦਾਂ ਵਿਚ ਬਦਲਣਾ ਇਕ ਨਿਰਾਲੀ ਜੁਗਤੀ ਸੀ ਹੋਲਾ-ਹੋਲੀ ਤੋਂ ਬਣਿਆ ਪਰਤੀਤ ਹੁੰਦਾ ਹੈ, ਇਸ ਦਾ ਆਪਣਾ ਆਜ਼ਾਦ ਸਰੂਪ ਨਹੀਂ। ਨਾਵਾਂ ਵਿਚ ਤਬਦੀਲੀ ਲਿਆਂਦੀ। ਰੱਤੀ ਰਾਮ, ਬਰਫੀ, ਗੁਲਾਬੋ, ਚੰਬੇਲੀ ਆਦਿ ਸ਼ਬਦਾਂ ਨੂੰ ਏਸੇ ਰੂਪ ਵਿਚ ਨਹੀਂ ਰਹਿਣ ਦਿੱਤਾ। ਦਾਲ ਤੋਂ ਦਾਲਾ, ਰੋਟੀ ਤੋਂ ਫੁਲਕਾ ਜਾਂ ਪਰਸ਼ਾਦਾ, ਖਿਚੜੀ ਤੋਂ ਖਿਚੜ ਪਲਾਉ, ਹਲਦੀ ਤੋਂ ਕੇਸਰ ਸ਼ਬਦਾਂ ਦਾ ਪਰਯੋਗ ਨਿਹੰਗ ਸਿੰਘਾਂ ਨੇ ਖਾਸ ਤੌਰ ਤੇ ਕੀਤਾ ਹੈ। ਹੁਣ ਸਾਡਾ ਤਿਉਹਾਰ ਹੋਲੀ ਨਹੀਂ ਹੋਲਾ ਮਹੱਲਾ ਹੈ ਜਿਸ ਵਿਚ ਨਵਾਂ ਜੀਵਨ ਹੈ, ਨਵੀਂ ਉਮੰਗ ਹੈ। ਮੁਰਦਾ ਰੂਹਾਂ ਵਿਚ ਜਾਨ ਭਰਨ ਲਈ ਸੰਜੀਵਨੀ ਬੂਟੀ ਹੈ। ਇਸ ਦਾ ਮੁੱਢ ਅਨੰਦਪੁਰ ਸਾਹਿਬ ਵਿਚ ਬੱਝਾ ਜਿਥੇ ਲੜਾਈ ਦੇ ਹੁਨਰ ਦੀ ਸਿਖਲਾਈ ਹੁੰਦੀ ਸੀ। ਦੋ ਧੜਿਆਂ ਦੀ ਮਸਨੂਈ ਲੜਾਈ ਵਿਚ ਭਾਗ ਲੈਣ ਵਾਲੇ ਗੁਰ ਸਿਖਾਂ ਵਿਚ ਆਤਮ ਵਿਸ਼ਵਾਸ਼, ਜਿੱਤ ਤੇ ਭਰੋਸੇ ਦੇ ਗੁਣਾਂ ਦਾ ਸਹਜੇ ਹੀ ਵਿਕਾਸ ਹੁੰਦਾ ਸੀ। ਹਮਲਾ ਕਰਨਾ, ਹੱਲਾ ਬੋਲਣਾ, ਲੁਟ ਖਸੁੱਟ ਕਰਨੀ, ਜਿਤ ਕੇ ਖੁਸ਼ੀ ਮਨਾਉਣੀ, ਭਾਂਤ ਭਾਂਤ ਦੇ ਹਥਿਆਰਾਂ ਦਾ ਵਰਤਣਾ ਤੇ ਚਲਾਉਣਾ, ਹੋਲੇ ਮਹੱਲੇ ਦੇ ਵਿਸ਼ੇਸ਼ ਤੱਤ ਸਨ। ਕਵੀ ਨਿਹਾਲ ਸਿੰਘ ਨੇ ਹੋਲੇ ਮਹੱਲੇ ਬਾਰੇ ਵਿਚਾਰ ਦਿਤੇ ਹਨ

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੋਨਾ ਟੋਲਾ ਹੈ।
ਸੁਭਟ ਸੁਚਾਲਾ ਅਰ ਲਖਬਾਂਹਾ ਕਲਗਾ ਸਿੰਘ ਸੁਚੋਲਾ ਹੈ।
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।

ਕਵਿਤਾ ਦੇ ਇਹ ਛੰਦ ਹੋਲਾ ਮਹਲਾ ਮਨਾਉਣ ਵਾਲੇ ਗੁਰਸਿਖਾਂ ਦੀ ਰਹਿਣੀ ਬਹਿਣੀ ਦੀ ਬਹੁਤ ਹੱਦ ਤਕ ਸਹੀ ਤਸਵੀਰ ਉਜਾਗਰ ਕਰਦੇ ਹਨ। ਹੋਲਾ ਬੋਲਾ ਹੈ, ਹੋਲੀ ਦੀਆਂ ਕਮੀਆਂ ਤੋਂ ਸੱਖਣਾ, ਅਣਖ ਦਾ ਪੁਤਲਾ ਹੈ। ਉੱਦਮ ਦਲੇਰੀ, ਚੜ੍ਹਦੀ ਕਲਾ ਤੇ ਬੀਰ ਰਸ ਦਾ ਸਰੋਤ ਆਪਣੇ ਆਪ ਵਿਚ ਵਾਹਦ ਮਿਸਾਲ ਹੈ।

ਇਹ ਉਹ ਟਕਸਾਲ ਹੈ, ਜਿੱਥੇ ਸਾਧਾਰਨ ਮਨੁੱਖ ਦੀ ਘਾੜਤ ਘੜੀ ਜਾਂਦੀ ਹੈ। ਅਨੰਦਪੁਰ ਸਾਹਿਬ ਸ਼ਸ਼ਤਰਾਂ ਦੇ ਅਭਿਆਸ ਦਾ ਕੇਂਦਰ ਹੈ। ਸਾਬਤ ਸੂਰਤ, ਸੁੰਦਰ ਸਰੂਪ, ਸੰਤ ਸਿਪਾਹੀ, ਦਸਤਾਰ ਸਿਰਾ, ਬਹੁਪੱਖੀ ਗੁਣਾਂ ਦੇ ਮਾਲਕ, ਆਦਰਸ਼ਕ ਮਨੁੱਖ ਦਾ ਜਨਮ ਅਸਥਾਨ ਹੈ। ਹੋਲਾ ਮਹਲਾ ਬੀਰਤਾ ਦਾ ਚਿੰਨ੍ਹ ਹੈ ਤੇ ਮਹਾਨ ਇਨਕਲਾਬੀ ਪ੍ਰੀਤਮ ਦੇ ਨਵੀਨ ਸੁਪਨੇ ਦਾ ਚਿੱਤਰ ਹੈ। ਸੰਤ ਸਿਪਾਹੀ, ਨਾਮ, ਇਖਲਾਕ ਤੇ ਸ਼ਕਤੀ ਦਾ ਸੁਮੇਲ ਹੈਂ, ਇਸ ਨੂੰ ਪਰਉਪਕਾਰ ਕਰਨ ਵਿਚ ਅਗੰਮੀ ਰਸ ਤੇ ਚਾਅ ਪ੍ਰਾਪਤ ਹੁੰਦਾ ਹੈ।

ਕਲਗੀਧਰ ਦਸ਼ਮੇਸ਼ ਪਿਤਾ ਨੇ ਦੋ ਤਰਾਂ ਦੀ ਹੋਲੀ ਖੇਡੀ।

1 ਖਾਲਕ ਨਾਲ ਸੰਬੰਧਤ।
2 ਖਲੈਕਤ ਨਾਲ ਸੰਬੰਧਤ।

ਇਕ ਨਮੂਨੇ ਦੀ ਹੋਲੀ, ਦੂਜੇ ਨਮੂਨੇ ਦਾ ਹੋਲਾ। ਦਾਤਾਰ ਪਿਤਾ ਨੇ ਉਹ ਪਿਚਕਾਰੀ ਵਰਤੀ ਜਿਸ ਨਾਲ ਆਪਣੇ ਹੱਥਾ ਦੁਆਰਾ ਗੁਲਾਲ ਉਡਾਕੇ ਸਾਰੀ ਕਾਇਨਾਤ, ਧਰਤੀ ਤੇ ਆਕਾਸ਼ ਦੋਨੋਂ ਜਹਾਨ ਨਾਮ ਰੰਗ ਨਾਲ ਰੰਗ ਦਿੱਤੇ। ਆਪਣੀ ਮਿਹਰ ਦੀ ਪਿਚਕਾਰੀ ਨਾਲ ਸਾਰੇ ਜੀਵ ਨਾਮ ਰੱਤੜੇ ਬਣਾ ਦਿੱਤੇ।

ਗੁਲਾਲ ਅਫਸ਼ਾਨੀ ੨ਅਜ਼ ਦਸਤੇ ਮੁਬਾਰਕ ॥
ਜ਼ਮੀਨੋ ਅਸਮਾਂ ਰਾ ਸੁਰਖਰੂ ਕਰਦ॥
ਦੁ ਆਲਮ ਗਸ਼ਤ ਰੰਗੀਂ ਅਜ਼ ਤੁਫੈਲਸ॥
ਚੁ ਸ਼ਾਹਮ ਜਾਮਹ ਰੰਗੀ ਦਰ ਗੁਲੂ ਕਰਦ॥
(ਦੀਵਾਨ ਗੋਯਾ ਭਾਈ ਨੰਦ ਲਾਲ ਜੀ)

ਦੂਜਾ ਨਮੂਨੇ ਦਾ ਹੋਲਾ, ਪਰਉਪਕਾਰ, ਭਲਾਈ, ਕੁਰਬਾਨੀ ਆਪਾ ਵਾਰਨ, ਸ਼ਹਾਦਤ ਨਾਲ ਸਬੰਧਤ ਹੈ। ਸਾਰਾ ਸੰਸਾਰ ਕੱਚੇ ਲਾਲ ਰੰਗ ਨਾਲ ਖੇਡ ਕੇ ਪ੍ਰਸੰਨ ਹੁੰਦਾ ਰਿਹਾ ਪਰ ਧੰਨ ਹਨ ਦਾਤਾਰ ਪਿਤਾ ਜੀ ਕਿ ਆਪ ਉਮਰ ਭਰ ਖੂਨ ਨਾਲ ਹੋਲੀ ਖੇਡਦੇ ਰਹੇ। ਖਾਲਸਾ ਦੁਨਿਆਵੀ ਕ੍ਰਿਤ ਨਹੀਂ ਰੱਬੀ ਕ੍ਰਿਤ


www.AKJ.Org

ਸੀ ਕਿਉਂਕਿ ਇਸ ਦੀ ਰਚਨਾ ਅਕਾਲ ਪੁਰਖ ਦੀ ਆਗਿਆ ਤੇ ਬਖ਼ਸ਼ਿਸ਼ ਦੁਆਰਾ ਹੋਈ ਸੀ। ਇਸ ਦੀ ਇਮਾਰਤ ਲਈ ਰੇਤਾ, ਸੀਮਿੰਟ, ਇੱਟਾਂ ਜਾਂ ਨਿਰਦੋਸ਼ਾਂ ਦੇ ਖ਼ੂਨ ਦੀ ਬਲੀ ਨਹੀਂ ਸੀ ਚਾਹੀਦੀ। ਗੁਰਦੇਵ ਜੀ ਨੇ ਖਾਲਸੇ ਨੂੰ ਆਪਣਾ ਬਣਾਉਣ ਜਾਂ ਉਸ ਵਿੱਚ ਅਭੇਦ ਹੋਣ ਲਈ ਇਸ ਦੀ ਨੀਂਹ ਵਿੱਚ ਆਪਣੇ ਪ੍ਰੀਵਾਰ ਦਾ ਖ਼ੂਨ ਡੋਲ੍ਹਿਆ। ਪਿਤਾ ਮਾਤਾ ਤੇ ਸਾਹਿਬਜ਼ਾਦੇ ਖਾਲਸੇ ਲਈ ਵਾਰੇ ਤੇ ਅੰਤ ਨੂੰ ਆਪਣਾ ਆਪ ਵੀ ਕੁਰਬਾਨ ਕਰ ਦਿੱਤਾ।

ਆਪ ਜੀ ਨੇ ਆਪਣਾ ਨਿਵਾਸ ਖਾਲਸੇ ਵਿੱਚ ਕੀਤਾ ਸੀ। ਹੁਣ ਖਾਲਸੇ ਨੇ ਵੀ ਘੱਟ ਕੁਰਬਾਨੀ ਨਹੀਂ ਕੀਤੀ। ਖ਼ੂਨ ਨਾਲ ਉਹ ਹੋਲੀ ਖੇਡੀ ਕਿ ਸਾਰੀ ਦੁਨੀਆਂ ਦੰਗ ਰਹਿ ਗਈ। ਮੁਗਲ ਹਕੂਮਤ ਮਾਰਦੀ ਰਹੀ ਪਰ ਸਿੱਖੀ ਨਹੀਂ ਮੁੱਕੀ।

ਜਦ ਮਹਾਂ ਸਿੰਘ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਉਸਨੇ ਤੇ ਉਹਦੇ 40 ਸਾਥੀਆਂ ਨੇ ਆਪਣੇ ਖ਼ੂਨ ਨਾਲ ਭਰ ਕੇ ਪਚਕਾਰੀਆਂ ਚਲਾਈਆਂ ਤੇ ਆਪਣੇ ਆਪ ਨੂੰ ਸੁਰਖ਼ਰੂ ਕੀਤਾ। ਬਾਬਾ ਦੀਪ ਸਿੰਘ ਨੇ ਆਪਣਾ ਬਚਨ ਨਿਭਾਉਂਦਿਆਂ ਆਪਣਾ ਕੱਟਿਆ ਸੀਸ,ਖ਼ੂਨ ਨਾਲ ਰੰਗਿਆ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਸੁੱਟ ਕੇ ਮੁਗਲ ਰਾਜ ਦੀਆਂ ਜੜ੍ਹਾਂ ਵਿੱਚ ਤੇਲ ਪਾ ਦਿੱਤਾ। ਖਾਲਸੇ ਨੇ ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ ਵਿਚ ਆਪਣੀ ਰੱਤ ਪਾਣੀ ਵਾਂਗ ਵਗਾਈ। ਬੀਬੀਆਂ ਨੇ ਮਹਿੰਦੀ ਦੀ ਥਾਂ ਆਪਣੇ ਮਾਸੂਮ ਬੱਚਿਆਂ ਦੀ ਰੱਤ ਨਾਲ ਹੱਥ ਰੰਗੇ। ਸਿੱਖ ਇਤਿਹਾਸ ਬੇਅੰਤ ਕੁਰਬਾਨੀਆ ਨਾਲ ਰੰਗਿਆ ਹੋਇਆ ਹੈ ਜਿਨ੍ਹਾਂ ਵਿਚੋਂ ਬਹੁਤੀਆਂ ਕੁਰਬਾਨੀਆਂ ਦਾ ਪਤਾ ਹੀ ਨਹੀਂ, ਉਹ ਇਤਿਹਾਸ ਦਾ ਅੰਗ ਨਹੀਂ ਬਣ ਸਕੀਆਂ।

ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਸਦਕੇ, ਅਕਾਲ ਪੁਰਖ ਦੀ ਖਾਲਸ ਕ੍ਰਿਤ ਹੁਣ ਤੱਕ ਅਣਖ ਤੇ ਇਨਸਾਫ਼ ਦੀ ਖਾਤਰ ਖ਼ੂਨ ਨਾਲ ਹੋਲੀ ਖੇਡ ਕੇ ਸਿਰਾਂ ਦੀ ਬਾਜ਼ੀ ਲਾਉਂਦਾ ਆਇਆ ਹੈ ਤੇ ਭਵਿੱਖ ਵਿੱਚ ਵੀ ਲਾਉਂਦਾ ਰਹੇਗਾ।

## ਮਿਰਚ ਮਸਾਲੇ ਭਰਪੂਰ ਦਾਲਾਂ ਸਬਜੀਆਂ

ਲੰਗਰ ਵਿੱਚ ਬਣਾਈਆਂ ਜਾਂਦੀਆਂ ਮਿਰਚ ਮਸਾਲੇ ਭਰਪੂਰ ਦਾਲਾਂ ਸਬਜੀਆਂ ਨਾਮ ਅਭਿਆਸੀ ਗੁਰਮੁਖਾਂ ਵਾਸਤੇ ਬਹੁਤ ਹਾਨੀਕਾਰਕ ਹਨ। ਜੀਭ ਦੇ ਸੁਆਦ ਨੂੰ ਮੁੱਖ ਰੱਖ ਕੇ ਬਣਾਏ ਜਾਂਦੇ ਸਲੂਣੇ ਸਰੀਰ ਵਿੱਚ ਸੂਖਮ ਨਾੜੀਆਂ ਤੇ ਮਾਰੂ ਅਸਰ ਪਾਉਂਦੇ ਹਨ, ਸਰੀਰ ਵਿੱਚ ਜਲਣ ਪੈਦਾ ਕਰ ਕੇ ਸੁਪਨ ਦੋਸ਼ ਦੀ ਬਿਮਾਰੀ ਦਾ ਕਾਰਨ ਬਣ ਜਾਂਦੇ ਹਨ। ਗੁਰੂ ਕਾ ਲੰਗਰ ਨਾਮ ਸਿਮਰਨ ਵਿੱਚ ਸਹਾਈ ਹੋਣਾ ਚਾਹੀਦਾ ਹੈ ਨਾ ਕਿ ਵਿਘਨਕਾਰੀ।

## ਅਸਾਂ ਧੌਣ ਝੁਕਾਉਣਾ ਨਾ ਸਿਖਿਆ ਏ

(ਗੋਵਿੰਦ ਕੌਰ, ਚੰਡੀਗੜ੍ਹ)

ਅਸੀਂ ਜੰਮੇ ਹਾਂ ਖੰਡੇ ਦੀ ਧਾਰ ਵਿਚੋਂ,
ਸਦਾ ਜੂਝਣਾ ਹੱਕ ਲਈ ਕੰਮ ਸਾਡਾ।
ਸਾਡੇ ਚਿਹਰੇ ਤੇ ਦਿਸੇ ਮੁਸਕਰਾਹਟ ਟੱਪਦੀ,
ਪੰਥ ਲੇਖੇ ਜੇ ਲੱਗ ਜੇ ਚੰਮ ਸਾਡਾ।
ਦੁਖਾਂ ਭਰੀ ਗੁਲਾਮੀ ਦੀ ਰਾਤ ਅੰਦਰ,
ਸਿੰਘ ਸੂਰੇ ਨਾ ਕਦੇ ਨਿਰਾਸ ਹੋਏ।
ਜਦੋਂ ਰਣ ਵਿਚ ਸਿੰਘਾਂ ਨੇ ਪੈਰ ਧਰਿਆ,
ਵੈਰੀ ਆਪਣੇ ਹੋਸ਼ ਹਵਾਸ ਖੋਏ।
ਦੁਖਾਂ ਵਿਚ ਰਹਿ ਕਰੜਾ ਘੋਲ ਕਰਨਾ,
ਇਹੀ ਸਾਡੇ ਪੇਸ਼ਾਨੇ ਤੇ ਲਿਖਿਆ ਏ।
ਦਸਮ ਪਿਤਾ ਦੇ ਅਸੀਂ ਹਾਂ ਸ਼ੇਰ ਪੁੱਤਰ,
ਅਸਾਂ ਧੌਣ ਝੁਕਾਉਣਾ ਨਾ ਸਿਖਿਆ ਏ।

ਬੰਦ ਬੰਦ ਕਟਵਾ ਕੇ ਧਰਮ ਦੇ ਲਈ,
ਅਣਖ ਆਨ ਨੂੰ ਜਿੰਦਾ ਰੱਖਿਆ ਏ।
ਸੀਸ ਗੁਰੂ ਦਾ ਗੁਰੂ ਲਈ ਵਾਰ ਦੇਣਾ,
ਅਸੀਂ ਮੌਤ 'ਚੋਂ ਜਿੰਦ ਨੂੰ ਤੱਕਿਆ ਏ।
ਕਲਵੱਤ੍ਰ ਅਣਖ ਨ ਅਸਾਂ ਦੀ ਚੀਰ ਸਕੇ,
ਜਿੰਦਬਰ ਜਿਦਾਂ ਅਣਖ ਨੂੰ ਰੱਖਿਆ ਏ।
ਦਸਮ ਪਿਤਾ ਦੇ ਅਸੀਂ ਹਾਂ ਸ਼ੇਰ ਪੁੱਤਰ,
ਅਸਾਂ ਧੌਣ ਝੁਕਾਉਣਾ ਨਾ ਸਿਖਿਆ ਏ।

ਜਿਸ ਬੂਟੇ ਤੋਂ ਕੰਡੇ ਵੱਜਦੇ ਨੇ,
ਅਸਾਂ ਉਸ ਬੂਟੇ ਨੂੰ ਪੁੱਟ ਦੇਣਾ।
ਲੋੜ ਪਈ ਤੇ ਸੀਸ ਤਲੀ ਧਰ ਕੇ,
ਫਤਹ ਬੋਲ ਵਹੀਰਾਂ ਨੂੰ ਘਤ ਲੈਣਾ।
ਸਾਡਾ ਬੰਦੇ ਦੇ ਨਾਲ ਨਾ ਵੈਰ ਕਾਈ,
ਅਸੀਂ ਮਾਰਦੇ ਹਾਂ ਬੁਰਾਈ ਤਾਈਂ।
ਜੇਕਰ ਪੰਥ ਨੂੰ ਸੀਸ ਦੀ ਲੋੜ ਪੈ ਜੇ,
ਭੇਟ ਕਰਦੇ ਹਾਂ ਅਸੀਂ ਚਾਈਂ ਚਾਈਂ।
ਉਂਞ ਅਸੀਂ ਖਲਕ ਦੇ ਸੇਵਕ ਹਾਂ,
ਨਹੀਂ ਕੋਈ ਬਿਗਾਨਾ ਦਿਸਿਆ ਏ।
ਦਸਮ ਪਿਤਾ ਦੇ ਅਸੀਂ ਹਾਂ ਸ਼ੇਰ ਪੁੱਤਰ,
ਅਸਾਂ ਧੌਣ ਝੁਕਾਉਣਾ ਨਾ ਸਿਖਿਆ ਏ।

*********

## ਰੁਬਾਈ

ਸੱਚ ਦੀ ਗੱਲ ਕੌਣ ਕਰਦੈ ਅੱਜ ਕਲ੍ਹ।
ਸੱਚ ਖਾਤਰ ਕੌਣ ਮਰਦੈ ਅੱਜ ਕਲ੍ਹ।
ਝੂਠ ਦਾ ਵਿਉਪਾਰ ਚੱਲਦੈ ਹਰ ਤਰਫ਼।
ਸੱਚ ਦਾ ਦਮ ਕੌਣ ਭਰਦੈ ਅੱਜ ਕਲ੍ਹ।

ਤੇਗ ਬਹਾਦਰ ਸਿੰਘ 'ਤੇਗ'


www.AKJ.Org

# ਤਮਾਕੂ ਪੀਣ ਦੇ ਭੈੜੇ ਨਤੀਜੇ

(ਕਰਨਲ ਮੇਹਰ ਸਿੰਘ ਜੀ)

ਸਤਿਗੁਰਾਂ ਨੇ ਸਾਨੂੰ ਸਭ ਹੀ ਨਸ਼ਿਆਂ ਤੋਂ ਵਰਜਿਆ ਹੈ "ਹੋਛਾ ਮਦ ਨ ਪੀਵਈ"। ਸਾਰਿਆਂ ਤੋਂ ਗੰਦਾ ਨਸ਼ਾ ਤਮਾਕੂ ਦਾ ਹੈ। ਸ਼ਰਾਬ ਆਦਿ ਪੀਣ ਵਾਲੇ ਕੋਲੋਂ ਬਦਬੂ ਉਸ ਵਕਤ ਆਉਂਦੀ ਹੈ, ਜਦ ਉਸ ਨੇ ਸ਼ਰਾਬ ਪੀ ਰੱਖੀ ਹੋਵੇ। ਤਮਾਕੂ ਖਾਣ ਜਾਂ ਪੀਣ ਵਾਲੇ ਕੋਲੋਂ ਹਰ ਵਖ਼ਤ ਬੁਰੀ ਬਾਸ ਆਉਂਦੀ ਰਹਿੰਦੀ ਹੈ। ਸ਼ੋਕ ਦੀ ਗਲ ਇਹ ਹੈ ਕਿ ਗੁਰੂਆਂ ਦੀ ਧਰਤੀ ਵਿੱਚ ਹੀ ਉਨ੍ਹਾਂ ਦੇ ਨਾਮ ਲੇਵਾ ਇਸ ਨਸਲ ਵਿੱਚ ਇਸ ਬੀਮਾਰੀ ਦਾ ਸ਼ਿਕਾਰ ਬਣੀ ਜਾ ਰਹੇ ਹਨ। ਅੱਜ ਕਲ੍ਹ ਦੇ ਸਿੱਖ ਨੌਜਵਾਨ ਇਸ ਗੰਦ ਵਿੱਚ ਪੈਣ ਨੂੰ 'ਮਾਡਰਨ' [ਨਈ ਸਭਿਅਤਾ ਵਾਲੇ] ਸਮਝਦੇ ਹਨ। ਹੋਰ ਤਾਂ ਹੋਰ ਕਈ ਅਮੀਰ ਘਰਾਂ ਦੀਆਂ ਲੜਕੀਆਂ ਭੀ ਏਸ ਬੀਮਾਰੀ ਦਾ ਸ਼ਿਕਾਰ ਹਨ। ਇਹ ਆਮ ਪਰਚੱਲਤ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ਼ ਦਾ ਘੋੜਾ ਭੀ ਤਮਾਕੂ ਦੇ ਖੇਤ ਵਿੱਚੋਂ ਦੀ ਨਹੀਂ ਸੀ ਲੰਘਿਆ। ਕੀ ਅੱਜ ਦੇ ਨੌਜਵਾਨ ਉਹਨਾਂ ਦਿਨਾਂ ਦੇ ਪਸ਼ੂਆਂ ਤੋਂ ਭੀ ਹੇਠਾਂ ਡਿੱਗ ਚੁੱਕੇ ਹਨ ?

ਤਮਾਕੂ ਬਾਰੇ ਪਹਿਲਾਂ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਮੈਂ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਸਿਰਫ਼ ਇੱਕ ਹੱਡ ਬੀਤੀ ਦੱਸਣਾ ਚਾਹੁੰਦਾ ਹਾਂ ਤਾਂ ਕਿ ਸ਼ਾਇਦ ਇਸ ਘਟਨਾ ਤੋਂ ਕੁਝ ਸੱਜਣਾਂ ਨੂੰ ਹਲੂਣਾ ਮਿਲੇ। ਏਸ ਛੋਟੀ ਜੇਹੀ ਘਟਨਾ ਨੂੰ ਲਿਖਦੇ ਸਮੇਂ ਮੈਂ ਸਭ ਸੱਜਣਾਂ ਦੇ ਅਸਲੀ ਨਾਮ ਲਿਖ ਰਿਹਾ ਹਾਂ ਤਾਂ ਕਿ ਕਿਸੇ ਨੂੰ ਚਾਹ ਹੋਵੇ ਉਨ੍ਹਾਂ ਵਿਅਕਤੀਆਂ ਨੂੰ ਮਿਲ ਕੇ ਹੋਰ ਪੁਛ ਗਿੱਛ ਕਰ ਸਕਣ।

ਕਈ ਸਾਲਾਂ ਦੀ ਗੱਲ ਹੈ ਕਿ ਮੈਨੂੰ ਚੱਕਰ ਆਉਣ ਲੱਗ ਪਏ। ਲੇਟਦੇ ਵਕਤ ਜਾਂ ਏਧਰ ਉਧਰ ਝੁਕਦੇ ਵਕਤ ਇੱਕ ਲਖਤ ਚੱਕਰ ਆ ਜਾਂਦਾ ਤੇ ਮੈਂ ਡਿੱਗਣ ਵਾਲਾ ਹੋ ਜਾਂਦਾ। ਚੰਗੇ ਡਾਕਟਰ ਟੈਸਟ ਵਗੈਰਾ ਕਰ ਕੇ ਇਸ ਨਤੀਜੇ ਤੇ ਪਹੁੰਚੇ ਕਿ ਮੇਰੇ ਕੰਨਾਂ ਦੇ ਪਰਦਿਆਂ ਵਿੱਚ ਖ਼ਰਾਬੀ ਹੋ ਜਾਣ ਕਰਕੇ ਚੱਕਰ ਆ ਰਹੇ ਹਨ। ਇਹ ਖ਼ਰਾਬੀ ਸ਼ਾਇਦ ਕਸ਼ਮੀਰ ਦੀ ਲੜਾਈ ਦੇ ਦਿਨਾਂ ਤੋਂ ਸ਼ੁਰੂ ਹੋਈ ਜਦੋਂ ਸਾਡੇ ਪਾਸ ਅੱਜਕਲ ਵਰਗੇ PRESSURIZED ਹਵਾਈ ਜਹਾਜ਼ ਨਹੀਂ ਸਨ। ਰਸਤੇ ਵਿੱਚ ਪਹਾੜਾਂ ਤੇ ਪਾਕਿਸਤਾਨ ਦਾ ਕਬਜ਼ਾ ਹੋਣ ਕਰਕੇ ਉਥੇ ਸਾਡੇ ਹਵਾਈ ਜਹਾਜ਼ਾਂ ਤੇ ਮਸ਼ੀਨ ਗੰਨਾ ਨਾਲ ਫਾਇਰ ਹੁੰਦੇ ਸੀ, ਸੋ ਸ੍ਰੀ ਨਗਰ ਤੋਂ ਲੱਦਾਖ ਜਾਣ ਵਾਸਤੇ ਸਾਨੂੰ ਕੋਈ 23,000 ਫੁੱਟ ਤੇ ਉੱਡਣਾ ਪੈਂਦਾ ਸੀ। ਉਧਰ ਪਹੁੰਚ ਕੇ ਇੱਕ ਲਖਤ ਨੀਚੇ ਆ ਕੇ ਸਮਾਨ ਛੱਡ ਕੇ ਵਾਪਸ ਸ੍ਰੀ ਨਗਰ ਨੂੰ ਆਉਣਾ ਤੇ ਉਥੋਂ ਫੇਰ ਸਮਾਨ ਲੈ ਕੇ ਜਾਣਾ ਪੈਂਦਾ ਸੀ। ਇਹ ਸੰਨ 1948 ਦੀ ਗੱਲ ਹੈ। ਏਸ ਤਰ੍ਹਾਂ ਰੋਜ਼ 5,000 ਫੁੱਟ ਤੋਂ 23,000 ਤੇ ਵਾਪਸ ਫੇਰ 5,000 ਤੇ ਆਉਣ ਕਾਰਨ ਕੰਨਾਂ ਤੇ ਅਸਰ ਪਿਆ। ਏਸ ਇਲਾਜ ਵਾਸਤੇ ਮੈਂ ਆਪਣੇ ਇੱਕ ਬਹੁਤ ਅੱਛੇ ਦੋਸਤ ਬਰਗੇਡੀਅਰ [ਰੀਟਾਇਰ ਹੋਏ ਹੋਏ] ਕਟਾਰੀਆ ਸਾਹਿਬ ਕੋਲ ਚੰਡੀਗੜ੍ਹ ਦੀ ਮਸ਼ਹੂਰ ਪੋਸਟ ਗਰੈਜੂਏਟ ਰਿਸਰਚ ਇਨਸਟੀਚਿਯੂਟ ਵਿੱਚ ਗਿਆ। ਉਹਨਾਂ ਨੇ ਪੂਰੇ ਇਲਾਜ ਦਾ ਬੰਦੋਬਸਤ ਕੀਤਾ। ਇਤਨੀ ਦੇਰ ਵਿੱਚ ਉਹਨਾਂ ਦੇ ਇੱਕ ਹੋਰ ਦੋਸਤ ਡਾਕਟਰ ਆਰ.ਆਰ. ਸ਼ਰਮਾ ਭੀ ਉਨ੍ਹਾਂ ਦੇ ਦਫ਼ਤਰ ਵਿੱਚ ਆ ਗਏ। ਇਹ ਸ਼ਰਮਾ ਸਾਹਿਬ ਯੂ.ਪੀ. ਦੇ ਵਸਨੀਕ ਹਨ ਤੇ ਟਰੇਨਿੰਗ ਉਹਨਾਂ ਦੀ ਇੰਗਲੈਂਡ ਦੀ ਹੈ। ਦੁਨੀਆ ਦੇ ਮਸ਼ਹੂਰ ਡਾਕਟਰਾਂ ਵਿੱਚੋਂ ਹਨ ਤੇ ਇਹਨਾਂ ਦਾ ਜ਼ਿਕਰ ਡਾਕਟਰ ਫ਼ਾਊਲਰ (Fowler) ਦੀ ਕਿਤਾਬ ਵਿੱਚ ਆਉਂਦਾ ਹੈ। ਮੇਰੇ ਕੰਨਾਂ ਬਾਰੇ ਤਕਲੀਫ਼ ਦਾ ਪਤਾ ਲੱਗਣ ਤੇ ਕਹਿਣ ਲੱਗੇ ਕਿ ਉਹ ਦੂਸਰੀ ਡਿਊਟੀ ਨਾਲ ਨਾਲ ਹੋਮਿਓਪੈਥ ਇਲਾਜ ਭੀ ਕਰਦੇ ਹਨ ਤੇ ਜੇ ਮੈਨੂੰ ਇਤਰਾਜ਼ ਨਾ ਹੋਵੇ ਤਾਂ ਇਹ ਇਲਾਜ ਕਰਵਾ ਕੇ ਦੇਖ ਲਵਾਂ। ਅੰਗਰੇਜੀ ਇਲਾਜ ਲੰਬਾ ਤੇ ਕੁਝ ਦੁਖਦਾਈ ਹੋਵੇਗਾ ਤੇ ਉਹਨਾਂ ਦੇ ਇਲਾਜ ਨਾਲ ਜੇ ਪਰਮਾਤਮਾ ਨੇ ਚਾਹਿਆ ਤਾਂ ਮੈਂ ਸ਼ਾਇਦ ਦੋ ਪੁੜੀਆਂ ਨਾਲ ਹੀ ਠੀਕ ਹੋ ਜਾਵਾਂ। ਮੈਂ ਇਹ ਇਲਾਜ ਖੁਸ਼ੀ ਨਾਲ ਮਨਜ਼ੂਰ ਕਰ ਲਿਆ। ਉਹਨਾਂ ਨੇ ਕਿਹਾ ਕਿ ਕਲ੍ਹ ਨੂੰ ਆਪਣਾ ਆਦਮੀ ਭੇਜ ਕੇ ਇਹ ਪੁੜੀਆਂ ਮੰਗਵਾ ਲੈਣੀਆਂ।

ਅਗਲੇ ਦਿਨ ਮੇਰੇ ਆਦਮੀ ਨੂੰ ਪਹੁੰਚਣ ਵਿੱਚ ਥੋੜ੍ਹੀ ਦੇਰ ਹੋ ਗਈ ਤਾਂ ਉਹਨਾਂ ਨੇ ਬਰਗੇਡੀਅਰ ਸਾਹਿਬ ਨੂੰ ਟੈਲੀਫੋਨ ਕੀਤਾ ਕਿ ਮੇਰੀ ਦਵਾ ਤਿਆਰ ਪਈ ਹੈ ਤੁਸੀਂ ਆਪਣਾ ਆਦਮੀ ਭੇਜ ਕੇ ਮੰਗਵਾ ਲਵੋ, ਕਹਿਣ ਲੱਗੇ ਕਿ ਮੈਂ ਆਪਣੇ ਚਪੜਾਸੀ ਹੱਥ ਭੇਜ ਸਕਦਾ ਸੀ ਪਰ ਇਹ ਸਿਗਰੇਟ ਬੀੜੀ ਪੀਣ ਵਾਲਾ ਹੈ। ਇਤਨੇ ਵਿੱਚ ਮੇਰਾ ਆਦਮੀ ਪਹੁੰਚ ਗਿਆ। ਉਹ ਦਵਾ ਲੈ ਕੇ ਘਰ ਆਇਆ ਤਾਂ ਕਹਿਣ ਲੱਗਾ ਕਿ ਮੈਨੂੰ ਹੱਥ ਧੋਣ ਵਾਸਤੇ ਸਾਬਣ ਦੇਵੋ। ਹੱਥ ਧੋਕੇ ਉਸ ਨੇ ਆਪਣੀ ਜੇਬ ਦਾ ਬਟਨ ਖੋਲ੍ਹਿਆ ਤੇ ਫਿਰ ਇੱਕ ਲਿਫ਼ਾਫ਼ਾ ਦੋ ਉਂਗਲਾਂ ਨਾਲ ਫੜ ਕੇ ਜੇਬ ਵਿੱਚੋਂ ਕੱਢਿਆ। ਲਿਫ਼ਾਫ਼ਾਬਾਹਰ ਕੱਢਦੇ ਵੱਕਤ ਉਸ ਨੇ ਆਪਣਾ ਮੂੰਹ ਦੂਜੇ ਪਾਸੇ ਫੇਰ ਲਿਆ। ਉਸ ਨੂੰ ਇਸ ਬਾਰੇ ਪੁਛਿਆ ਤਾਂ ਉਸ ਨੇ ਕਿਹਾ-"ਡਾਕਟਰ ਸਾਹਿਬ ਨੇ ਮੇਰੀ ਬੜੀ ਛਾਣ ਬੀਣ ਕੀਤੀ। ਮੈਨੂੰ ਮੰਨਣਾ ਪਿਆ ਕਿ ਮੈਂ ਸਿਗਰੇਟ ਪੀ ਲੈਂਦਾ ਹਾਂ ਤਾਂ ਉਹਨਾਂ ਨੇ ਮੇਰੇ ਹੱਥ ਦਵਾਈ ਫੜਾਉਣ ਤੋਂ ਇਨਕਾਰ ਕਰ ਦਿੱਤਾ। ਦਵਾਈ ਦੋ ਲਿਫ਼ਾਫ਼ਿਆਂ ਵਿੱਚ ਪਾਈ। ਮੇਰੀ ਜੇਬ ਠੀਕ ਤਰ੍ਹਾਂ ਦੇਖੀ। ਮੈਨੂੰ ਮੂੰਹ ਪਰੇ ਰੱਖਣ ਨੂੰ ਕਿਹਾ ਤਾਂ ਕਿ ਸਿਗਰੇਟ ਦੀ ਬੂ ਦਵਾਈ ਨੂੰ ਨਾ ਛੋਹ ਜਾਵੇ। ਫੇਰ ਆਪ ਉਹ ਲਿਫ਼ਾਫ਼ਾ ਮੇਰੀ ਜੇਬ ਵਿਚ ਪਾਇਆ। ਕਹਿਣ ਲੱਗੇ ਕਿ ਤਮਾਕੂ ਦੀ ਬੂ ਨਾਲ ਦਵਾਈ ਦਾ ਅਸਰ ਘਟ ਕੇ ਅੱਧਾ ਰਹਿ ਜਾਂਦਾ ਹੈ।



www.AKJ.Org

ਤੂੰ ਇਸ ਉਤੇ ਸਾਹ ਨਹੀਂ ਲੈਣਾ ਤੇ ਨਾ ਬਿਨਾਂ ਸਾਬਨ ਨਾਲ ਹੱਥ ਸਾਫ ਕੀਤੇ ਇਸ ਲਿਫ਼ਾਫ਼ੇ ਨੂੰ ਫੜਨਾ ਹੈ। "

ਸ਼ਰਮਾ ਜੀ ਸਿੱਖ ਨਹੀਂ ਪਰ ਇਹ ਉਹਨਾਂ ਦੀ ਖੋਜ ਦੀ ਵਜ੍ਹਾ ਹੈ ਕਿ ਉਹ ਤਮਾਕੂ ਨੂੰ ਇਨਾ ਬੁਰਾ ਸਮਝਦੇ ਹਨ। ਅਮਰੀਕਾ ਵਿਚ ਹਰ ਸਿਗਰੇਟ ਦੀ ਡੱਬੀ ਨਾਲ ਇੱਕ ਪਰਚੀ ਦਿੰਦੇ ਹਨ ਜਿਸ ਤੇ ਲਿਖਿਆ ਹੁੰਦਾ ਹੈ ਕਿ ਇਹ ਕੈਂਸਰ ਵਰਗੀ ਬਿਮਾਰੀ ਪੈਦਾ ਕਰਦੀ ਹੈ। ਸਿਗਰੇਟ ਪੀਓ ਤਾਂ ਇਹ ਖਤਰਾ ਤੁਸੀਂ ਆਪ ਮੁਲ ਲੈ ਰਹੇ ਹੋ। ਓਧਰ ਤੇ ਯੂਰਪ ਵਿਚ ਲੋਕ ਇਸ ਲਾਹਨਤ ਨੂੰ ਛੱਡ ਰਹੇ ਹਨ ਪਰ ਸਾਡੀ ਨਵੀਂ ਪੌਦ ਮੌਤ ਨੂੰ ਐਵੇਂ ਮਾਸੀ ਬਣਾਈ ਜਾਂਦੀ ਹੈ।

ਕੁਝ ਦਿਨ ਹੋਏ ਦੁਨੀਆਂ ਦੇ ਮਸ਼ਹੂਰ, ਨੋਬਲ ਇਨਾਮ ਜਿੱਤਣ ਵਾਲੇ ਡਾਕਟਰ ਲੀਨਸ ਮਾਲਿੰਗ ਦੇ ਲੇਖ ਛਪੇ ਹਨ। ਉਹ ਕਹਿੰਦੇ ਹਨ ਕਿ ਜੇ ਆਪਣੀ ਉਮਰ ਲੰਬੀ ਤੇ ਸਿਹਤ ਠੀਕ ਰੱਖਣੀ ਚਾਹੁੰਦੇ ਹੋ ਤਾਂ ਤਿੰਨ ਗੱਲਾਂ ਵੱਲ ਧਿਆਨ ਕਰੋ:-

ੳ) ਤਮਾਕੂ ਪੀਣਾ ਛੱਡੋ। ਕੈਂਸਰ ਆਦਿ ਬੀਮਾਰੀਆਂ ਪੈਦਾ ਕਰਨ ਤੋਂ ਇਲਾਵਾ ਇਹ ਸਰੀਰ ਵਿਚ ਵਿਟਾਮਿਨ ਸੀ (Vitamin C) ਘਟਾ ਦਿੰਦਾ ਹੈ ਜੋ ਕਿ ਸਰੀਰ ਦੀ ਹਿਫ਼ਾਜ਼ਤ ਤੇ ਰੱਖਿਆ ਕਰਨ ਵਾਲਾ ਹੈ। ਇਕ ੫੦ ਸਾਲ ਦਾ ਆਦਮੀ ਜੋ ੨੦ ਸਿਗਰੇਟ ਰੋਜ਼ ਪੀਂਦਾ ਹੈ ਉਹ ਦਿਲ ਦੀ ਹਰਕਤ ਬੰਦ ਹੋ ਕੇ ਮਰਨ ਦੇ ਆਪਣੇ ਖਤਰੇ ਨੂੰ ਦੁਗਣਾ ਕਰ ਲੈਂਦਾ ਹੈ। ਜੇ ਉਹ ੪੦ ਸਿਗਰੇਟ ਰੋਜ਼ ਪੀਂਦਾ ਹੈ ਤਾਂ ਦਿਲ ਦੀ ਬੀਮਾਰੀ ਨਾਲ ਮਰਨ ਦਾ ਖਤਰਾ ਚੌਗਣਾ ਹੋ ਜਾਂਦਾ ਹੈ। ਦਿਲ ਤੋਂ ਇਲਾਵਾ ਦੂਜੀਆਂ ਖਤਰਨਾਕ ਬੀਮਾਰੀਆਂ ਭੀ ਇਸ ਵਿਅਕਤੀ ਨੂੰ ਜਿਆਦਾ ਲੱਗਦੀਆਂ ਹਨ।

ਅ) ਇਨਸਾਨ ਦਾ ਕੁਦਰਤੀ ਖਾਣਾ ਮਾਸ ਨਹੀਂ ਸਗੋਂ ਸਬਜ਼ੀਆਂ ਹਨ। ਸਬਜ਼ੀਆਂ ਅਤੇ ਫਲ ਵਿਟਾਮਿਨ ਸੀ ਦਿੰਦੇ ਹਨ ਜੋ ਚੰਗੀ ਸਿਹਤ ਤੇ ਲੰਮੀ ਉਮਰ ਵਾਸਤੇ ਜ਼ਰੂਰੀ ਹੈ।

ੲ) ਚੀਨੀ ਖਾਣੀ ਬੰਦ ਕਰੋ। ਚੀਨੀ ਨੂੰ ਇਸ ਨਸਲ ਦੀ ਸਫੈਦ ਜ਼ਹਿਰ ਕਿਹਾ ਗਿਆ ਹੈ (White poison of civilization)। ਸਿੱਖ ਕੌਮ ਬਹਾਦਰ ਕੌਮ ਹੈ, ਸਰੀਰ ਦੀ ਮਜ਼ਬੂਤ ਹੈ। ਪਰ ਹੁਣ ਦੀ ਨਸਲ ਆਪਣੀਆਂ ਕੁਰਹਿਤਾਂ ਕਾਰਣ ਨੀਚੇ ਨੂੰ ਜਾ ਰਹੀ ਹੈ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਸਰਬੱਤ ਦੇ ਭਲੇ ਵਾਸਤੇ ਇਹ ਰਹੁ-ਰੀਤੀਆਂ ਜੋ ਮਰਿਯਾਦਾ ਵਿਚ ਹਨ ਅਪਨਾਉਣ ਅਤੇ ਕੁਰਹਿਤਾਂ ਕਰਨ ਤੋਂ ਸਭ ਨੂੰ ਵਰਜਣ। ਸਰਬੱਤ ਦਾ ਭਲਾ ਇਸੇ ਵਿਚ ਹੈ।

ਕੁੱਠਾ, ਹੁੱਕਾ, ਚਰਸ, ਤਮਾਕੂ।
ਗਾਜਾ, ਟੋਪੀ (ਚਿਲਮ), ਤਾੜੀ (ਤਾੜ ਦੀ ਸ਼ਰਾਬ), ਖਾਕੂ (ਤਮਾਕੂ ਵਾਂਗ ਅਫੀਮ ਦਾ ਧੂੰਆਂ)।
ਇਨ ਕੀ ਓਰ ਨ ਕਬਹੂੰ ਦੇਖੈ।
ਰਹਿਤਵੰਤ ਜੋ ਸਿੰਘ ਵਿਸੇਖੈ।
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

## "ਇਸ ਜਨਮ ਉਸ ਸੰਗ ਤੱਗ ਜਾਈਏ।"

(ਸੁਰਜੀਤ ਸਿੰਘ ਸਾਜਨ)

ਸਿੱਖੀ ਤੋਂ ਕੋਹਾਂ ਦੂਰ ਅਸੀਂ, ਸਿੱਖ ਹੋਵਣ ਦਾ ਦਮ ਭਰਦੇ ਹਾਂ।
ਸ਼ੁਭ ਕਰਨ ਦਾ ਬਲ ਮੰਗੀਏ, ਸ਼ੁਭ ਕਰਮ ਕਰਨੋਂ ਡਰਦੇ ਹਾਂ।
ਸਾਡਾ ਧਰਮ ਦੇ ਨਾਲ ਪਿਆਰ ਨਹੀਂ, ਫੋਕੇ ਹੀ ਵਿਖਾਵੇ ਪਏ ਕਰੀਏ।
ਸਰਬੱਤ ਦਾ ਭਲਾ ਮੰਗਣ ਦੀ ਥਾਂ, ਇਕ ਦੂਜੇ ਸੰਗ ਲੜ ਮਰਦੇ ਹਾਂ।
ਮੋਹ ਮਾਇਆ ਵਿਚ ਗਲਤਾਨ ਹੋਏ, ਸਾਨੂੰ ਮੌਤ ਅਪਣੀ ਯਾਦ ਨਹੀਂ।
ਅਸੀਂ ਸਭ ਪਦਾਰਥ ਛਕਦੇ ਹਾਂ, ਕਿਹੜਾ ਪਾਇਆ ਅਸੀਂ ਸਵਾਦ ਨਹੀਂ?
ਵੱਡੇ ਵੱਡੇ ਮਹਿਲਾਂ ਵਿੱਚ ਰਹਿੰਦੇ ਹਾਂ, ਕੁੱਲੀਆਂ ਦੀ ਸਾਨੂੰ ਖਬਰ ਨਹੀਂ।
ਹਾਂ ਰੱਬ ਦੇ ਨਾ ਨੂੰ ਭੁੱਲ ਬੈਠੇ, ਇਕ ਪਲ ਵੀ ਉਸਦੀ ਯਾਦ ਨਹੀਂ।
ਸਾਡੇ ਚਿਹਰੇ ਮੋਹਰੇ ਸੋਹਣੇ ਹਨ, ਪਰ ਰੰਗ ਇਨ੍ਹਾਂ ਦਾ ਨੂਰੀ ਨਹੀਂ।
ਅਸੀਂ ਆਲਮ ਫਾਜ਼ਲ ਬਣ ਬੈਠੇ, ਪਰਮਾਰਥ ਦੀ ਪੜ੍ਹਾਈ ਪੂਰੀ ਨਹੀਂ।
ਅਸੀਂ ਭੇਖ ਬਣਾ ਕੇ ਦੁਨੀਆਂ ਨੂੰ, ਠੱਗਦੇ ਤੇ ਮੋਹਦੇ ਰਹਿੰਦੇ ਹਾਂ।
ਅਸੀਂ ਮਹਿਕਾਂ ਵੰਡਣ ਦਾ ਕੰਮ ਕਰੀਏ, ਪਲੇ ਸਾਡੇ ਕਸਤੂਰੀ ਨਹੀਂ।
ਪੰਜ ਚੋਰ ਅਸਾਡੇ ਤਨ ਤਾਈਂ, ਸੰਨ੍ਹ ਲਾ ਲਾ ਲੁੱਟੀ ਜਾਂਦੇ ਨੇ।
ਬੇਖ਼ਬਰ ਹੋਏ ਅਸੀਂ ਸੁੱਤੇ ਹਾਂ, ਜੜ੍ਹ ਸਾਡੀ ਪੁੱਟੀ ਜਾਂਦੇ ਨੇ।
ਨਿੰਦਾ ਚੁਗਲੀ ਤੇ ਕੰਨ ਰਸ ਲਈ, ਦਿਨ ਰਾਤ ਵੀ ਲੇਖੇ ਲਾ ਦਈਏ।
ਅਸੀਂ ਰਾਸ ਬਥੇਰੀ ਜੋੜ ਲਈ, ਸਾਡੇ ਲੇਖ ਪਰ ਫੁੱਟੀ ਜਾਂਦੇ ਨੇ।
ਸੁੱਚੀ ਕਿਰਤ ਅਸੀਂ ਕਰਦੇ ਨਹੀਂ, ਠੱਗੀਆਂ ਮਾਰਨ ਤੇ ਲੱਗੇ ਹਾਂ।
ਵੰਡ ਛਕਣ ਦੀ ਸਾਨੂੰ ਜਾਚ ਨਹੀਂ, ਖੋਹ ਖਾਣ ਨੂੰ ਸਭ ਤੋਂ ਅੱਗੇ ਹਾਂ।
ਨਾਮ ਦਾ ਕਣ ਮਨ ਵਸਿਆ ਨਹੀਂ, ਜੋ ਵਾਅਦਾ ਕਰਕੇ ਆਏ ਸੀ।
ਖਾ ਪੀ ਕੇ ਮੌਜਾਂ ਮਾਣਦੇ ਹਾਂ, ਬਿਨ ਨਾਮ, ਢੋਰ ਤੇ ਢੱਗੇ ਹਾਂ।
ਦੁੱਖਾਂ ਵਿੱਚ ਫਾਥਾ ਕੁਲ ਆਲਮ, ਪ੍ਰਭੂ ਨਾਮ ਜਪਣ'ਚ ਜੁੜਿਆ ਨਹੀਂ।
ਗੁਰ ਸਿੱਖਿਆ ਇਸਨੂੰ ਵਰਜ ਰਹੀ, ਕੰਮ ਬੁਰੇ ਕਰਨ ਤੋਂ ਮੁੜਿਆ ਨਹੀਂ।
ਨਾਮ ਪ੍ਰਭੂ ਦਾ ਭੁੱਲ ਕੇ ਹੀ, ਤਿੰਨੋ ਦੁਖ ਇਸ ਨੂੰ ਲੱਗੇ ਹਨ।
ਜਿਸ ਧਿਆਇਆ ਉਸਨੂੰ ਸੁਖ ਮਿਲਿਆ, ਭਰਿਆ ਭਰਿਆ, ਉਹ ਥੁੜਿਆ ਨਹੀਂ।
ਹਉਮੈਂ ਦਾ ਕਰਕੇ ਤਿਆਗ ਅਸੀਂ, ਉਸ ਮਾਲਕ ਦੇ ਸੰਗ ਲੱਗ ਜਾਈਏ।
ਰੌਸ਼ਨ ਹੋ ਉਠੇ ਸਾਡਾ ਧੁਰ ਅੰਦਰ, ਅਸੀਂ ਵਾਂਗ ਤਾਰਿਆਂ ਜਗ ਜਾਈਏ।
'ਸਾਜਨ' ਨਾਂ ਵਿਸਰੇ ਇਕ ਪਲ ਵੀ, ਆਓ ! ਰਲ ਅਰਦਾਸ ਕਰੀਏ।
ਨੇਹੁ ਲਾ ਕੇ ਉਸ ਸੱਚੇ ਦੇ ਨਾਲ, ਇਸ ਜਨਮ 'ਉਸ' ਸੰਗ ਤੱਗ ਜਾਈਏ।

### ਰੁਬਾਈਆਂ

ਸ਼ਹੀਦ ਹੋਣ ਵਾਲੇ ਕਦੇ ਮਰਦੇ ਨਹੀਂ ਹੁੰਦੇ।
ਮੌਤ ਕੋਲੋਂ ਸ਼ਹੀਦ ਕਦੇ ਡਰਦੇ ਨਹੀਂ ਹੁੰਦੇ।
ਜਿਹੜੇ ਸੰਤ ਸਿਪਾਹੀ ਹੁੰਦੇ ਨੇ 'ਤੇਗ',
ਉਹ ਗੁਰੂ ਘਰ ਦੀ ਤੌਹੀਨ ਜਰਦੇ ਨਹੀਂ ਹੁੰਦੇ।

-----o-----

ਜਦ ਕੋਈ ਸਿੰਘ ਤੇਗ ਹੱਥ ਵਿੱਚ ਫੜਦਾ ਹੈ।
ਉਹ ਦੁਸ਼ਟ ਤੇ ਦੋਖੀ ਨੂੰ ਚੰਗੇ ਘੜਦਾ ਹੈ।
ਜਿਸ 'ਤੇ ਗੁਰੂ ਬਖਸ਼ਿਸ਼ ਕਰਦਾ ਹੈ 'ਤੇਗ'
ਉਹ ਕਈ ਵਾਰੀ ਬਿਨ ਸੀਸ ਤੋਂ ਜੰਗ ਲੜਦਾ ਹੈ।



www.AKJ.Org

# ਦਾਤਿ ਪਿਆਰੀ ਵਿਸਰਿਆ ਦਾਤਾਰਾ

(ਡਾ:ਪਰਮਜੀਤ ਕੌਰ, ਗੁਰੂ ਨਾਨਕ ਗਰਲਜ਼ ਕਾਲਜ ਯਮਨਾਨਗਰ)

ਪਰਮਾਤਮਾ ਮੱਨੁਖ ਦੇ ਸਾਰੇ ਕੰਮ ਆਪ ਸਵਾਰਦਾ ਹੈ, ਦੁੱਖਾਂ ਤੋਂ ਮੁਕਤ ਕਰਦਾ ਹੈ, ਮਾਤਾ ਪਿਤਾ ਵਾਂਗ ਪਾਲਦਾ ਹੈ ਅਤੇ ਪਰਵਾਰ ਸਮੇਤ ਰਖਿਆ ਕਰਦਾ ਹੈ। ਜਿਸ ਮਨੁੱਖ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਸ ਉਤੇ ਸਾਰੇ ਜੀਵ ਜੰਤੂ ਦਿਆਲ ਹੋ ਜਾਂਦੇ ਹਨ, ਉਹ ਸਦਾ ਸੁਖ ਮਾਣਦਾ ਹੈ। ਮਨੁੱਖ ਨੂੰ ਉਸਦਾ ਸਰੀਰ ਅਤੇ ਪ੍ਰਾਣ ਸਭ ਪ੍ਰਭੂ ਦੀ ਕਿਰਪਾ ਨਾਲ ਹੀ ਪ੍ਰਾਪਤ ਹਨ। ਮਾਤਾ ਪਿਤਾ, ਪੁਤਰ ਮਿਤ੍ਰ, ਨੌਕਰ ਆਦਿਕ ਸਾਰਿਆਂ ਦਾ ਸੁਖ ਪ੍ਰਭੂ ਦੀ ਕਿਰਪਾ ਨਾਲ ਹੀ ਹੈ। ਹਵਾ, ਪਾਣੀ, ਅੱਗ, ਧਰਤੀ, ਸੁਆਦਲੇ ਪਦਾਰਥ ਆਦਿਕ ਪ੍ਰਭੂ ਦੇ ਹੀ ਦਿਤੇ ਹੋਏ ਹਨ। ਐਸੇ ਪ੍ਰਭੂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ-

੧) ਜਿਨਿ ਦੀਏ ਤੁਧੁ ਬਾਪ ਮਹਤਾਰੀ ॥
ਜਿਨਿ ਦੀਏ ਭ੍ਰਾਤ ਪੁਤ ਹਾਰੀ ॥
ਜਿਨਿ ਦੀਏ ਤੁਧੁ ਬਨਿਤਾ ਅਰੁ ਮੀਤਾ ॥
ਤਿਸੁ ਠਾਕੁਰ ਕਉ ਰਖਿ ਲੇਹੁ ਚੀਤਾ ॥
ਜਿਨਿ ਦੀਆ ਤੁਧੁ ਪਵਨੁ ਅਮੋਲਾ ॥
ਜਿਨਿ ਦੀਆ ਤੁਧੁ ਨੀਰੁ ਨਿਰਮੋਲਾ ॥
ਜਿਨਿ ਦੀਆ ਤੁਧੁ ਪਾਵਕੁ ਬਲਨਾ ॥
ਤਿਸੁ ਠਾਕੁਰ ਕੀ ਰਹੁ ਮਨ ਸਰਨਾ ॥ (ਰਾਮਕਲੀ ਮ ੫ ਪੰਨਾ ੯੧੩)

੨) ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥
ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥
ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥
ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥
(ਗਉੜੀ ਸੁਖਮਨੀ ਮ: ੫ ਪੰਨਾ ੨੬੭)

੩) ਕਾਪੜ ਭੋਗ ਰਸ ਅਨੇਕ ਭੁੰਚਾਏ ॥
ਮਾਤਾ ਪਿਤਾ ਕੁਟੰਬ ਸਗਲ ਬਨਾਏ ॥
ਰਿਜਕੁ ਸਮਾਹੁ ਜਲਿ ਥਲਿ ਮੀਤ ॥
ਸੋ ਹਰਿ ਸੇਵਹੁ ਨੀਤਾ ਨੀਤ ॥ (ਪ੍ਰਭਾਤੀ ਮ: ੫ ਪੰਨਾ ੧੩੩੭)

ਪਰ ਮਨਮੁਖ ਇਹ ਨਹੀਂ ਸਮਝਦਾ। ਉਹ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਆਪਣੇ ਸਰੀਰ ਅਤੇ ਪਦਾਰਥਾਂ ਆਦਿਕ ਨੂੰ ਆਪਣਾ ਸਮਝਦਾ ਹੈ ਅਤੇ ਹੰਕਾਰ ਕਰਦਾ ਹੈ-

ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥
ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥
(ਭੈਰਉ ਮ: ੫, ਪੰਨਾ ੧੧੩੯)

ਹਉਮੈ ਦੇ ਕਾਰਣ ਹੀ ਦਾਤਾਂ ਨੂੰ ਪ੍ਰਾਪਤ ਕਰਕੇ ਸ਼ੁਕਰ ਕਰਨ ਦੀ ਥਾਂ ਚਲਾਕੀਆਂ ਕਰਦਾ ਹੈ-

ਦਾਤਿ ਜੋਤਿ ਸਭ ਸੂਰਤਿ ਤੇਰੀ ॥ ਬਹੁਤੁ ਸਿਆਣਪ ਹਉਮੈ ਮੇਰੀ ॥
(ਮ: ੩ ਪੰਨਾ ੧੨੫੧)

ਅੱਜ ਦਿਨੋਂ ਦਿਨ ਵਧਦੇ ਜਾ ਰਹੇ ਤਨਾਉ, ਅਸ਼ਾਂਤੀ ਅਤੇ ਭਟਕਣਾ ਦਾ ਕਾਰਨ ਇਹੀ ਹੈ ਕਿ ਮੱਨੁਖ ਪ੍ਰਭੂ ਦੀਆਂ ਦਿਤੀਆਂ ਦਾਤਾਂ ਨੂੰ ਤਾਂ ਪਿਆਰ ਕਰਦਾ ਹੈ ਪਰ ਪਰਮਾਤਮਾ ਵਿਸਰਿਆ ਰਹਿੰਦਾ ਹੈ। ਉਹ ਹਰ ਵੇਲੇ ਧਨ, ਘਰ, ਮਾਤਾ-ਪਿਤਾ, ਸਬੰਧੀ ਅਤੇ ਸੁਖ ਦੇ ਸਾਧਨਾਂ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਕੰਮ ਧੰਦੇ ਸਿਰੇ ਚਾੜ੍ਹਨ ਵਿਚ ਇਤਨਾ ਰੁਝ ਜਾਂਦਾ ਹੈ ਕਿ ਦਾਤਾਰ ਪ੍ਰਭੂ ਨੂੰ ਯਾਦ ਕਰਨ ਦਾ ਸਮਾਂ ਹੀ ਨਹੀਂ ਕਢੱਦਾ। ਮਨੁੱਖ ਦੀ ਇਹ ਉਲਝਣ ਅੰਤ ਸਮੇਂ ਤੱਕ ਬਣੀ ਰਹਿੰਦੀ ਹੈ। ਅੰਤ ਸਭ ਕੁਝ ਛਡਣਾ ਪੈਂਦਾ ਹੈ ਪਰ ਅਗਿਆਨਤਾ ਦੇ ਕਾਰਨ ਇਸ ਦੀ ਸਮਝ ਨਹੀਂ ਆਉਂਦੀ ਅਤੇ ਮਨੁੱਖਾ ਜਨਮ ਵਿਅਰਥ ਬੀਤ ਜਾਂਦਾ ਹੈ। ਕਬੀਰ ਸਾਹਿਬ ਕਹਿੰਦੇ ਹਨ-

ਜਾਗਤੁ ਸੋਇਆ ਜਨਮੁ ਗਵਾਇਆ ॥
ਮਾਲੁ ਧਨੁ ਜੋਰਿਆ ਭਇਆ ਪਰਾਇਆ ॥
ਕਹੁ ਕਬੀਰ ਤੇਈ ਨਰ ਭੂਲੇ ॥
ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥ (ਪੰਨਾ ੧੯੨-੧੯੩)

ਮਾਇਆ ਦੇ ਮੋਹ, ਲੋਭ ਅਤੇ ਹੰਕਾਰ ਵਿਚ ਫਸ ਕੇ ਆਪਣੀ ਮੌਤ ਨੂੰ ਭੁਲ ਜਾਣਾ ਹੀ ਪ੍ਰਮਾਤਮਾ ਨੂੰ ਵਿਸਾਰ ਕੇ ਉਸ ਦੀਆਂ ਦਿਤੀਆਂ ਦਾਤਾਂ ਨੂੰ ਪਿਆਰ ਕਰਨ ਦਾ ਵੱਡਾ ਕਾਰਨ ਹੈ। ਮੱਨੁਖ ਮਾਇਆ ਦੇ ਮੋਹ ਵਿਚ ਫਸ ਕੇ ਖਾਣ ਹੰਡਾਣ ਅਤੇ ਆਪਣੀ ਵਡਿਆਈ ਆਦਿਕ ਦੇ ਚੱਕਰ ਵਿਚ ਇਸ ਤਰ੍ਹਾਂ ਫਸ ਜਾਂਦਾ ਹੈ ਕਿ ਇਸ ਵਿਚੋਂ ਨਿਕਲਣਾ ਔਖਾਹੋ ਜਾਂਦਾ ਹੈ। ਉਹ ਜਿਹੜੇ ਵੀ ਕੰਮ ਕਰਦਾ ਹੈ ਉਸਦੇ ਲੋਭ ਨੂੰ ਹੀ ਵਧਾਉਂਦੇ ਹਨ ਅਤੇ ਉਸਨੂੰ ਮਾਇਆ ਦੇ ਖੂਹ ਵਿਚ ਸੁਟਦੇ ਹਨ। ਲੋਭ ਇਕ ਐਸਾ ਵਿਕਾਰ ਹੈ ਜਿਹੜਾ ਆਤਮਿਕ ਜੀਵਨ ਤੋਂ ਦੂਰ ਲੈ ਜਾਂਦਾ ਹੈ ਅਤੇ ਮੌਤ ਨੂੰ ਵੀ ਭੁਲਾ ਦਿੰਦਾ ਹੈ। ਦਾਤਾਂ ਨੂੰ ਪਿਆਰ ਕਰਨ ਨਾਲ ਸੱਚ-ਧਰਮ ਚੰਗਾ ਨਹੀਂ ਲਗਦਾ ਹੈ ਅਤੇ ਝੂਠ, ਛੱਲ, ਕਪਟ ਵਿਚ ਪੈਰ ਖੁਭਦਾ ਜਾਂਦਾ ਹੈ। ਗੁਰ-ਵਾਕ ਹਨ-

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥
(ਮਲਾਰ ਮ:੧ ਚਉਪਦੇ ਪੰਨਾ ੧੨੫੪)

ਛੋਡਿ ਜਾਹਿ ਸੇ ਕਰਹਿ ਪਰਾਲ ॥
ਕਾਮਿ ਨ ਆਵਹਿ ਸੇ ਜੰਜਾਲ ॥
ਸੰਗਿ ਨ ਚਾਲਹਿ ਤਿਨ ਸਿਉ ਹੀਤ ॥
ਜੋ ਬੈਰਾਈ ਸੇਈ ਮੀਤ ॥
ਐਸੇ ਭਰਮਿ ਭੁਲੇ ਸੰਸਾਰਾ ॥
ਜਨਮੁ ਪਦਾਰਥੁ ਖੋਇ ਗਵਾਰਾ ॥ (ਰਹਾਉ) ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥
ਝੂਠ ਧੋਹ ਸਿਉ ਰਚਿਉ ਮੀਠਾ ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥
ਜਾਣੈ ਨਾਹੀ ਮਰਣੁ ਵਿਚਾਰਾ ॥ (ਧਨਾਸਰੀ ਮ:੫, ਪੰਨਾ੬੭੬)



www.AKJ.Org

ਇਸ ਦਾ ਭਾਵ ਇਹ ਨਹੀਂ ਕਿ ਮੱਨੁਖ ਨੂੰ ਖਾਣ, ਪੀਣ ਹੰਢਾਣ ਆਦਿਕ ਦੇ ਸੰਸਾਰਿਕ ਸੁੱਖ ਨੂੰ ਬਿਲਕੁਲ ਤਿਆਗ ਕੇ ਸੰਨਿਆਸ ਲੈ ਲੈਣਾ ਚਾਹੀਦਾ ਹੈ। ਗੁਰਮਤਿ ਵਿਚ ਗ੍ਰਿਹਸਥ ਜੀਵਨ ਨੂੰ ਤਿਆਗਣ ਜਾਂ ਆਪਣੇ ਫਰਜ਼ਾਂ ਨੂੰ ਤਿਆਗ ਕੇ ਸੰਨਿਆਸੀ ਹੋਣ ਦਾ ਉਪਦੇਸ਼ ਨਹੀਂ ਦਿੱਤਾ ਗਿਆ। ਜਿਹੜੇ ਪਦਾਰਥਾਂ ਨੂੰ ਖਾਣ ਨਾਲ, ਜਿਨ੍ਹਾਂ ਸੁੱਖਾਂ ਦੇ ਭੋਗਣ ਨਾਲ ਮਨ ਵਿਚ ਵਿਕਾਰ ਪੈਦਾ ਹੋਣ ਅਤੇ ਮਨ ਪ੍ਰਮਾਤਮਾ ਦੇ ਡਰ-ਅਦਬ ਨੂੰ ਭੁਲਾ ਕੇ ਗਲਤ ਰਸਤੇ ਤੇ ਚੱਲ ਪਏ, ਉਹ ਸੁੱਖ ਦੁਖਾਂ ਦੇ ਮੂਲ ਹਨ ਅਤੇ ਤਿਆਗਣ ਯੋਗ ਹਨ-

**ਬਾਬਾ, ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥**

ਮ:੧,ਪੰਨਾ ੧੬)

ਸੰਸਾਰਕ ਆਨੰਦ ਮਾਣਨ [illegible] ਪਦਾਰਥਾਂ ਦੇ ਭੋਗ ਵਿੱਚ ਇਤਨਾ ਖਚਤ ਨਹੀਂ [illegible] ਹੈ ਕਿ ਪਰਮਾਤਮਾ ਭੁੱਲ ਜਾਏ। ਜੋ ਕੁਝ ਵੀ ਪ੍ਰਾਪਤ [illegible] ਪ੍ਰਭੂ ਦੀ ਕਿਰਪਾ ਨਾਲ ਪ੍ਰਾਪਤ ਹੈ। ਪ੍ਰਭੂ ਤੋਂ ਬਿਨਾ ਮਨੁੱਖ ਦੀ ਕੋਈ ਹਸਤੀ ਨਹੀਂ। ਪ੍ਰਭੂ ਨੂੰ ਹਰ ਵੇਲੇ ਯਾਦ ਰੱਖਣ ਨਾਲ ਮਨੁੱਖ ਵਿਕਾਰਾਂ ਦੇ ਜਾਲ ਵਿਚ ਨਹੀਂ ਫਸਦਾ, ਉਸਦਾ ਮਨ ਮੰਦੇ ਕਰਮਾਂ ਵੱਲ ਨਹੀਂ ਦੌੜਦਾ ਅਤੇ ਭਟਕਦਾ ਨਹੀਂ-

**ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ ॥**
**ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥**

(ਸਿਰੀ ਰਾਗੁ ਮ: ੫,ਪੰਨਾ ੪੩)

ਜਿਹੜੇ ਮਨੁੱਖ ਪ੍ਰਭੂ ਨੂੰ ਵਿਸਾਰਦੇ ਮਾਇਆ ਨਾਲ ਮੋਹ ਕਰਦੇ ਹਨ ਉਹਨਾਂ ਦਾ ਚੰਗੇ ਪਦਾਰਥਾ ਖਾਣਾ,ਹੰਢਾਣਾ ਉਹਨਾਂ ਲਈ ਫਿਟਕਾਰ ਜੋਗ ਹੈ। ਉਹ ਸਦਾ ਵਿਕਾਰਾਂ ਦੇ ਗੰਦ ਵਿਚ ਹੀ ਪਏ ਰਹਿੰਦੇ ਹਨ। ਗੁਰ ਵਾਕ ਹਨ-

**ਧ੍ਰਿਗੁ ਖਾਣਾ ਧ੍ਰਿਗੁ ਪੈਨਣਾ ਜਿਨ੍ਾ ਦੂਜੈ ਭਾਇ ਪਿਆਰ ॥**
**ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥**

(ਰਾਗੁ ਪ੍ਰਭਾਤੀ, ਅਸਟ: ਮ:੩,ਪੰਨਾ ੧੩੪੭)

ਗੁਰੂ ਨਾਨਕ ਦੇਵ ਜੀ ਅਨੁਸਾਰ ਜਦੋਂ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਵਿਸ਼ੇ ਵਿਕਾਰਾਂ ਦੇ ਰਸ ਵਿਚ ਜਰੂਰਤ ਤੋਂ ਜਿਆਦਾ ਡੁੱਬ ਗਿਆ। ਉਸ ਦੇ ਸਰੀਰ ਵਿਚ ਬਿਮਾਰੀਆਂ ਪੈਦਾ ਹੋਣ ਲਗ ਪਈਆਂ। ਕੁਰਾਹੇ ਜਾ ਰਹੇ ਮਨੁੱਖ ਨੂੰ ਸਹੀ ਰਸਤੇ ਵੱਲ ਪ੍ਰੇਰਨ ਲਈ ਮਾਨੋ ਸਰੀਰਕ ਰੋਗਾਂ ਦੀ ਰਾਹੀ ਸਜ਼ਾ ਮਿਲਦੀ ਹੈ-

**ਖਸਮੁ ਵਿਸਾਰਿ ਕੀਏ ਰਸ ਭੋਗ ॥**
**ਤਾਂ ਤਨਿ ਉਠਿ ਖਲੋਏ ਰੋਗ ॥**
**ਮਨ ਅੰਧੇ ਕਉ ਮਿਲੈ ਸਜਾਇ ॥**
**ਵੈਦ ਨ ਭੋਲੇ ਦਾਰੂ ਲਾਇ ॥ ੨ ॥** (ਮਲਾਰ ਮ:੧,ਪੰਨਾ ੧੨੫੬)

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ-

**ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ ॥**
**ਪ੍ਰਭ ਬਿਸਰਤ ਮਹਾ ਦੁਖੁ ਪਾਇਓ ਇਹ ਨਾਨਕ ਤਤੁ ਬੀਚਾਰਿਓ ॥ ੨ ॥**

(ਮਾਰੂ ਮ:੫,ਪੰਨਾ ੧੦੦੦)

ਪ੍ਰਭੂ ਨੂੰ ਵਿਸਾਰ ਕੇ ਮੱਨੁਖ ਕਦੇ ਸੁਖ ਅਤੇ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ। ਅੱਜ ਦਿਨੋਂ ਦਿਨ ਵਧਦੇ ਜਾ ਰਹੇ ਰੋਗਾਂ ਦਾ ਇਹੀ ਕਾਰਣ ਹੈ ਕਿ ਅਸੀਂ ਪਰਮਾਤਮਾ ਨੂੰ ਭੁਲਾ ਬੈਠੇ ਹਾਂ। ਤਨਾਉ ਅਤੇ ਅਸ਼ਾਂਤੀ ਹੀ ਰੋਗਾਂ ਦਾ ਮੂਲ ਹੈ-

**ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ ॥**
**ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ॥**
**ਜਿਸੁ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥**
**ਜਿਸੁ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ ॥**
**ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥**
**ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥**
**ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥**
**ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥**

(ਰਾਮਕਲੀ ਕੀ ਵਾਰ ਮ:੫,ਪੰਨਾ ੯੬੩-੬੪)

ਪਰਮਾਤਮਾ ਦਾ ਨਾਮ ਇਕ ਐਸੀ ਦਵਾਈ ਹੈ ਜਿਹੜੀ ਜਰੂਰ ਅਸਰ ਕਰਦੀ ਹੈ। ਜਰੂਰਤ ਹੈ ਇਸ ਦਵਾਈ ਦੀ ਵਰਤੋਂ ਕਰਨ ਦੀ। ਇਹ ਮਾਨਸਿਕ ਰੋਗਾਂ ਨੂੰ ਜੜ੍ਹੋਂ ਖਤਮ ਕਰ ਦੇਂਦੀ ਹੈ-

**ਅਉਖਦ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥**

(ਧਨਾਸਰੀ ਮ:੫,ਪੰਨਾ ੬੭੫)

ਸਭਨਾਂ ਜੀਵਾਂ ਦਾ ਆਸਰਾ ਇਕ ਪਰਮਾਤਮਾ ਹੀ ਹੈ। ਪ੍ਰਭੂ ਨੂੰ ਵਿਸਾਰ ਕੇ ਜਿੰਦਗੀ ਦਾ ਥੋੜਾ ਸਮਾਂ ਵੀ ਸੌਖਾ ਨਹੀਂ ਗੁਜਰਦਾ। ਦਾਤਾਰ ਦਾ ਭਾਣਾ ਵੀ ਤਾਂ ਹੀ ਚੰਗਾ ਲਗਦਾ ਹੈ ਜਦੋਂ ਬਿਰਤੀ ਦਾਤਾਂ ਤੋਂ ਉਪਰ ਉੱਠਕੇ ਦਾਤਾਰ ਵੱਲ ਮੁੜ ਜਾਂਦੀ ਹੈ। ਇਸ ਅਈ ਸਾਰੀਆਂ ਦਾਤਾਂ ਦੇਣ ਵਾਲੇ ਪ੍ਰਭੂ ਨੂੰ ਹਰ ਵੇਲੇ ਸਿਮਰਦੇ ਰਹਿਣਾ ਚਾਹੀਦਾ ਹੈ। ਜਿਵੇਂ ਗੁਰਬਾਣੀ ਵਿਚ ਲਿਖਿਆ ਹੈ-

**੧ ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥**
**ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥**

(ਬਿਲਾਵਲੁ ਮ:੫,ਪੰਨਾ ੮੧੪)

**੨ ਸੋ ਐਸਾ ਦਾਤਾਰੁ ਮਨਹੁ ਨ ਵੀਸਰੈ ॥**
**ਘੜੀ ਨ ਮੁਹਤੁ ਚਸਾ ਤਿਸੁ ਬਿਨੁ ਨਾ ਸਰੈ ॥** (ਪੰਨਾ ੯੫੮)

---


## ਸੂਰਾ ਪੱਤਰ ਦੀ ਮਾਲਕੀ ਆਦਿ ਸਬੰਧੀ ਵੇਰਵਾ

ਫਾਰਮ ੪ (ਰੂਲ ੮)

ਪ੍ਰਕਾਸ਼ਨ ਅਸਥਾਨ ---------------- ਲੁਧਿਆਣਾ
ਪ੍ਰਕਾਸ਼ਨ ਸਮਾਂ --------------------- ਮਾਸਿਕ
ਪ੍ਰਿੰਟਰ ਪਬਲਿਸ਼ਰ ਸੰਪਾਦਕ ----- ਹਰਬੰਸ ਸਿੰਘ , ਭਾਰਤੀ
ਮਾਲਿਕ.----------- ਜੱਥੇਦਾਰ ਅਖੰਡ ਕੀਰਤਨੀ ਜੱਥਾ
ਭਾਈ ਰਾਮ ਸਿੰਘ, ੧੦੨ ਰਾਣੀ ਕਾ ਬਾਗ, ਅੰਮ੍ਰਿਤਸਰ।

ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

੮.੩.੯੫ ਸਹੀ :- ਹਰਬੰਸ ਸਿੰਘ





www.AKJ.Org

# ਊਠਤ ਸੁਖੀਆ, ਬੈਠਤ ਸੁਖੀਆ

ਨਿਤ ਦਿਨ ਦੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਗੁਰਮਤਿ ਵਿਚਾਰ ਸਦਕਾ ਪ੍ਰੇਮ ਨਗਰ ਮੁਹੱਲੇ ਦੀਆਂ ਬੁਹਤ ਸਾਰੀਆਂ ਬੀਬੀਆਂ ਨੇ ਦਸਤਾਰਾਂ ਸਜਾ ਲਈਆ ਅਤੇ ਰਹਿਤ ਵਿਚ ਪੱਕਿਆਂ ਹੋ ਕੇ ਅੰਮ੍ਰਿਤ ਛਕ ਲਿਆ। ਗੁਰੂ ਕਿਰਪਾ ਅਨੁਸਾਰ ਓਨ੍ਹਾਂ ਨਾਲ ਇਕ ਕੀਰਤਨ ਕਰਨ ਵਾਲੀ ਬੀਬੀ ਆ ਰਲੀ ਜਿਸ ਨੇ ਹੋਰ ਬੀਬੀਆਂ ਨੂੰ ਕੀਰਤਨ ਕਰਨ ਦੀ ਜਾਗ ਲਗਾ ਦਿੱਤੀ । ਇਸ ਤਰ੍ਹਾਂ ਹੌਲੀ ਹੌਲੀ ਬੀਬੀਆਂ ਦਾ ਕੀਰਤਨੀ ਜਥਾ ਤਿਆਰ ਹੋ ਗਿਆ । ਹੁਣ ਉਹ ਹਫਤੇ ਵਿਚ ਹਰ ਬੁਧਵਾਰ ਇੱਕ ਦੂਜੀ ਦੇ ਘਰ ਮਿਲ ਬੈਠ ਕੇ ਕੀਰਤਨ ਕਰਦੀਆਂ ਅਤੇ ਅੰਮ੍ਰਿਤ ਕੀਰਤਨ ਦੇ ਛਾਂਦੇ ਭੁੰਚ ਭੁੰਚਾਂਦੀਆਂ।

ਇੱਕ ਦਿਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗਰਮਤਿ ਵਿਚਾਰ ਇਉਂ ਅਰੰਭ ਹੋਈ :-

ਸਤਵੰਤ ਕੌਰ :- ਮੇਰੀ ਬੀਬੀਓ ਭੈਣੋ ! ਸਤਿਗੁਰੂ ਦੀ ਅਪਾਰ ਬਖਸ਼ਸ਼ ਹੈ ਕਿ ਸਤਿਸੰਗ ਵਿਚ ਆਉਣ ਲਈ ਮੁਹਲੇ ਦੀਆਂ ਭੈਣਾਂ ਦਾ ਉਤਸ਼ਾਹ ਦਿਨੋ ਦਿਨ ਵਧਦਾ ਜਾ ਰਿਹਾ ਹੈ। ਸਾਨੂੰ ਸੁਰਤੀ ਨੂੰ ਟਿਕਾ ਕੇ ਪਾਠ ਕਰਨਾ ਅਤੇ ਸੁਣਨਾ ਚਾਹੀਦਾ ਹੈ ਤਾਂ ਜੋ ਅਸੀਂ ਗੁਰਬਾਣੀ ਦੇ ਭਾਵਾਂ ਨੂੰ ਸਮਝ ਸਕੀਏ ਅਤੇ ਸਮਝ ਕੇ ਮਨ ਵਿਚ ਵਸਾ ਸਕੀਏ। ਸਤਿਗੁਰੂ ਦੀ ਸ਼ਿਖਸ਼ਾ ਨੂੰ ਮਨ ਵਸਾ ਕੇ ਉਸ ਤੇ ਅਮਲ ਕਰੀਏ, ਅਸਲੀ ਜੀਵਨ ਬਣਾਈਏ, ਤਾਂ ਹੀ ਅਸੀਂ ਭੈੜੀਆਂ ਆਦਤਾਂ ਅਤੇ ਕਰਤੂਤਾਂ ਛੱਡਕੇ ਸਚਿਆਰ ਬਣ ਸਕਾਂਗੇ। ਸਚਿਆਰ ਬਣਨਾ ਹੀ ਸਤਿਗੁਰੂ ਦਾ ਹੁਕਮ ਹੈ । ਸਚਿਆਰ ਬਣਕੇ ਹੀ ਅਸੀਂ ਸਤਿਗੁਰੂ ਨੂੰ ਭਾ ਸਕਾਂਗੇ (ਚੰਗੇ ਲੱਗ ਸਕਾਂਗੇ) ਅਤੇ ਲੋਕ ਪਰਲੋਕ ਸੁਹੇਲੇ ਹੋ ਸਕਾਂਗੇ ।

ਇਕਬਾਲ ਕੌਰ :- ਭੈਣ ਜੀ ! ਮੈਂ ਆਪਣੇ ਵਲੋਂ ਤਾਂ ਬਹੁਤ ਕੋਸ਼ਿਸ਼ ਕਰਦੀ ਹਾਂ ਕਿ ਸੁਰਤੀ ਪਾਠ ਵਿਚ ਟਿਕੇ ਪਰ ਮਨ ਬੜਾ ਬੇਈਮਾਨ ਹੈ, ਡਾਹੀ ਨਹੀਂ ਦਿੰਦਾ, ਇਧਰ ਉਧਰ ਲੈ ਭੱਜਦਾ ਹੈ, ਕੋਈ ਇਸਦਾ ਉਪਾ ਦਸੋ ।

ਸਤਵਤ ਕੌਰ:- ਬੀਬੀ ਜੀ ! ਤੁਸੀਂ ਠੀਕ ਆਂਹਦੇ ਹੋ, ਮਨ ਬਹੁਤ ਖਰਾਬ ਹੈ। ਇਹ ਤੇ ਹਾਥੀ ਹੈ ਹਾਥੀ ! ਇਸ ਨੂੰ ਕੁੰਡੇ ਦੀ ਲੋੜ ਹੈ। ਤੇਜ ਸੂਆ ਇਸ ਦੇ ਸਿਰ ਵਿਚ ਲਗਦਾ ਰਹੇ ਤਾਂ ਇਹ ਕਾਬੂ ਵਿਚ ਰਹਿੰਦਾ ਹੈ। ਆਲਕ ਵੈਹੜੇ (ਬਲਦ) ਨੂੰ ਨਕਲ ਪਾ ਕੇ ਹੀ ਵੱਸ ਵਿਚ ਰੱਖਿਆ ਜਾ ਸਕਦਾ ਹੈ। ਬਸ ਜਦੋਂ ਇਧਰ ਉਧਰ ਭੱਜੇ ਇਸ ਮਨ ਮੈਗਲ ਹਾਥੀ ਦੇ ਸਿਰ ਸੂਆ ਖੋਭੋ, ਅੱਥਰੇ ਵਹਿੜਕੇ ਨੂੰ ਨਕੇਲ ਫੜਕੇ ਖਿੱਚ ਲਵੋ, ਘੋੜੇ ਨੂੰ ਲਗਾਮ ਪਾ ਕੇ ਰੱਖੋ, ਜਦੋਂ ਭੱਜੇ ਇਕ ਦਮ ਲਗਾਮਾਂ ਖਿਚ ਲਵੋ ।

ਇਕਬਾਲ ਕੌਰ :- ਕੁੰਡੇ, ਨਕੇਲ, ਲਗਾਮ ਆਦਿ ਤੋਂ ਤੁਹਾਡਾ ਕੀ ਭਾਵ ਹੈ ?

ਸਤਵੰਤ ਕੌਰ:- ਜਿਵੇਂ ਹਾਥੀ ਨੂੰ ਸੰਗਲ ਲਾ ਕੇ ਵੱਸ ਵਿਚ ਰੱਖਿਆ ਜਾ ਸਕਦਾ ਹੈ, ਬਾਕੀ ਪਸ਼ੂਆਂ ਨੂੰ ਨਕੇਲ ਜਾਂ ਲਗਾਮ ਪਾ ਕੇ ਆਪਣੇ ਹੁਕਮਾਂ ਅੰਦਰ ਰੱਖਿਆ ਜਾ ਸਕਦਾ ਹੈ, ਤਿਵੇਂ ਹੀ ਮਨ ਨੂੰ ਸ਼ਬਦ ਦੁਆਰਾ ਕਾਬੂ ਵਿਚ ਰੱਖਿਆ ਜਾ ਸਕਦਾ ਹੈ ।

ਇਕਬਾਲ ਕੌਰ:- ਸ਼ਬਦ ਤੁਸੀਂ ਕਿਸ ਨੂੰ ਕਹਿੰਦੇ ਹੋ ?

ਸਤਵੰਤ ਕੌਰ:- ਇਲਾਹੀ ਕਲਾਮ ਜਿਹੜਾ ਪੂਰਨ ਗੁਰੂ ਦੇ ਮੁਖਾਰਬਿੰਦ ਵਿਚੋਂ ਨਿਕਲਿਆ , ਜਿਸਨੂੰ ਧੁਰ ਕੀ ਬਾਣੀ ਅਥਵਾ ਗੁਰਬਾਣੀ ਕਿਹਾ ਜਾਂਦਾ ਹੈ।

ਪ੍ਰੇਮ ਕੌਰ:-ਫਿਰ ਸ਼ਬਦ ਦਾ ਰਟਨ ਕੀ ਹੋਇਆ ?

ਸਤਵੰਤ ਕੌਰ:- ਇਹ ਹੈ ਸਿਮਰਨ ।

ਇਕਬਾਲ ਕੌਰ:- ਕੀ ਸਾਰੀ ਗੁਰਬਾਣੀ ਦਾ ਸਿਮਰਨ ਕੀਤਾ ਜਾਏ ?

ਸਤਵੰਤ ਕੌਰ:-ਵੈਸੇ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਵੀ ਸਿਮਰਨ ਹੈ ਪਰ ਸਾਡੀ ਸੌਖ ਵਾਸਤੇ ਸਤਿਗੁਰੂ ਜੀ ਨੇ ਸਾਨੂੰ ਗੁਰਮੰਤਰ ਦਿਤਾ ਹੋਇਆ ਹੈ ਜਿਸ ਦੇ ਸਿਮਰਨ ਨੂੰ ਅਸੀਂ ਨਾਮ ਸਿਮਰਨ ਕਹਿੰਦੇ ਹਾਂ ।

ਪ੍ਰੇਮ ਕੌਰ:- ਇਉਂ ਤੇ ਫਿਰ ਗੁਰਮੰਤਰ ਦਾ ਬਾਰੰਬਾਰ ਜਾਪ ਹੀ ਸ਼ਬਦ ਦੀ ਕਮਾਈ ਹੈ ।

ਸਤਵੰਤ ਕੌਰ:- ਬਿਲਕੁਲ ਠੀਕ ।

ਗੁਰਮੀਤ ਕੌਰ:- ਭੈਣ ਜੀ ! ਸ੍ਰੀ ਸੁਖਮਨੀ ਸਾਹਿਬ ਵਿਚ ਵੀ ਤਾਂ ਆਉਂਦਾ ਹੈ-

ਬਾਰੰਬਾਰ ਬਾਰ ਪ੍ਰਭੁ ਜਪੀਐ।
ਪੀ ਅੰਮ੍ਰਿਤ ਇਹ ਮਨੁ ਤਨੁ ਧ੍ਰਪੀਐ ।

ਸਤਵੰਤ ਕੌਰ:- ਇਕਦਮ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬਾਰ ਬਾਰ ਰਟਣ ਸਾਡੇ ਵਾਸਤੇ ਬਹੁਤ ਮੁਸ਼ਕਿਲ ਹੈ। ਸਤਿਗੁਰੂ ਜੀ ਨੇ ਸਾਰੀ ਬਾਣੀ ਦਾ ਨਿਚੋੜ ਮੂਲ ਮੰਤਰ ਰਾਹੀਂ ਪ੍ਰਗਟ ਕੀਤਾ ਹੈ ਤੇ ਮੂਲ ਮੰਤਰ, ਬੀਜ ਮੰਤਰ ਨੂੰ ਵਰਣਨ ਕਰਦਾ ਹੈ। ਬੀਜ ਮੰਤਰ ਵਿਚ ਗੁਰਮੰਤਰ ਗੁਪਤ ਤੌਰ ਤੇ ਰੱਖਿਆ ਹੋਇਆ ਹੈ।

ਹਉ ਬਲਿਹਾਰੀ ਸਤਿਗੁਰ ਅਪੁਨੇ
ਜਿਨ ਗੁਪਤ ਨਾਮ ਪ੍ਰਗਾਝਾ॥

ਬਲਿਹਾਰੇ ਜਾਈਏ ਆਪਣੇ ਸਤਿਗੁਰੂ ਤੋਂ ਜਿਨ੍ਹਾਂ ਨੇ ਸਾਡੇ ਪਾਰ ਨਿਸਤਾਰੇ ਵਾਸਤੇ ਗੁਪਤ ਨਾਮ ਨੂੰ ਸਾਡੇ ਤਾਈਂ ਪ੍ਰਗਟ ਕੀਤਾ।

ਇਕਬਾਲ ਕੌਰ :- ਬੀਜ ਮੰਤਰ ਤੇ ਮੂਲ ਮੰਤਰ ਕਿਹੜੇ ਹਨ ?

ਸਤਵੰਤ ਕੌਰ:- ਬੀਜ ਮੰਤਰ ਹੈ ੧ੳ ਅਤੇ ਮੂਲ ਮੰਤਰ ਹੈ-



www.AKJ.Org

ੴ ਸਤਿਨਾਮੁ, ਕਰਤਾ ਪੁਰਖੁ, ਨਿਰਭਉ,
ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ।

ਇਕਬਾਲ ਕੌਰ:- ਫਿਰ ਗੁਰਮੰਤਰ ਕਿਹੜਾ ਹੋਇਆ ?

ਸਤਵੰਤ ਕੌਰ:-ਉਹ ਮੰਤਰ ਜਿਹੜਾ ਸਾਨੂੰ ਆਪਣੇ ਗੁਰੂ ਕੋਲੋਂ ਮਿਲਦਾ ਹੈ ਅਤੇ ਜਿਸ ਨੂੰ ਅਸੀਂ ਨਾਮ ਕਿਹੰਦੇ ਹਾਂ। ਉਹ ਮੰਤਰ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜ ਪਿਆਰੇ ਗੁਰਮਤਿ ਵਿਚ ਪਰਪੱਕ ਪੰਜ ਸਚਿਆਰ ਸਿੱਖ ਅੰਮ੍ਰਿਤ ਨਾਮ ਅਭਿਲਾਸ਼ੀ ਨੂੰ ਦ੍ਰਿੜ ਕਰਵਾਉਂਦੇਹਨ।

ਇਕਬਾਲ ਕੌਰ:- ਫਿਰ ਉਹ ਕਿਹੜਾ ਹੋਇਆ ?

ਸਤਵੰਤ ਕੌਰ :-ਬੀਬੀ ਜੀਓ ! ਇਸ ਲਾਲ ਰਤਨ ਅਮੋਲਕ ਅੰਮ੍ਰਿਤ ਨਾਮ ਨੂੰ ਦੂਜਿਆਂ ਤਾਈਂ ਪ੍ਰਗਟਾਉਣ ਦਾ ਇਕ ਇਕਲੇ ਨੂੰ ਕੋਈ ਅਧਿਕਾਰ ਨਹੀਂ, ਕੇਵਲ ਪੰਜ ਪਿਆਰੇ ਹੀ ਦੱਸ ਸਕਦੇ ਹਨ।

ਗੁਰਮੀਤ ਕੌਰ :- ਭੈਣ ਜੀ ! ਇਸ ਵਾਸਤੇ ਤੁਹਾਨੂੰ ਅੰਮ੍ਰਿਤ ਛਕਣਾ ਪਵੇਗਾ ।

ਇਕਬਾਲ ਕੌਰ :- ਅੰਮ੍ਰਿਤ ਤੇ ਖੈਰ ਅਸੀਂ ਛਕ ਹੀ ਲਵਾਂਗੇ ।

ਸਤਵੰਤ ਕੌਰ :-ਫਿਰ ਤੁਹਾਨੂੰ ਗੁਰਮੰਤਰ ਦਾ ਆਪੇ ਹੀ ਪਤਾ ਲੱਗ ਜਾਵੇਗਾ ।

ਇਕਬਾਲ ਕੌਰ :- ਪਰ ਇਹ ਤਾਂ ਦਸੋ ਕਿ ਬਾਹਰ ਭੱਜਦੇ ਮਨ ਨੂੰ ਪਾਠ ਵਿਚ ਕਿਵੇਂ ਲਾਇਆ ਜਾਏ?

ਸਤਵੰਤ ਕੌਰ :-ਮਨ ਪੂਰੀ ਤਰ੍ਹਾਂ ਤਾਂ ਕਾਬੂ ਉਦੋਂ ਆਏਗਾ ਜਦੋਂ ਅੰਮਿਤ ਛਕ ਲਵੋਂਗੇ ਅਤੇ ਨਾਮ ਦ੍ਰਿੜ ਹੋ ਜਾਏਗਾ ਭਾਵ ਇਹ ਕਿ ਜਦ ਇਸ ਅੱਥਰੇ ਵਹਿੜਕੇ ਦੇ ਨਕੇਲ ਪੈ ਜਾਵੇਗੀ। ਬਾਰੰਬਾਰ ਸਿਮਰਨ ਦਾ ਕੁੰਡਾ (ਸੂਆ) ਇਸ ਮਨ ਮੈਗਲ ਹਾਥੀ ਦੇ ਸਿਰ ਖੜਕਣ ਨਾਲ ਇਸ ਦਾ ਨੱਸਣਾ ਰੁੱਕ ਜਾਏਗਾ।

ਇਕਬਾਲ ਕੌਰ:- ਪਰ ਹਾਲ ਦੀ ਘੜੀ ਕੀ ਕੀਤਾ ਜਾਏ ?

ਸਤਵੰਤ ਕੌਰ :- ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ। ਇਸ ਮਨ ਰੂਪੀ ਖੋਤੇ ਦੀ ਖਰਮਸਤੀ ਤਾਂ ਹੀ ਦੂਰ ਹੋਵੇਗੀ ਜੇ ਇਸ ਤੇ ਭਾਰ ਰੱਖਿਆ ਜਾਏ, ਇਸ ਨੂੰ ਆਹਰੇ ਲਾਈ ਰੱਖਿਆ ਜਾਏ ।

ਇਕਬਾਲ ਕੌਰ:- ਕਿਸ ਆਹਰੇ ਲਾਇਆ ਜਾਏ ?

ਸਤਵੰਤ ਕੌਰ:- ਸੇਵਾ ਤੇ ਸਿਮਰਨ ਵਿਚ । ਹੱਥ ਕਾਰ ਵੱਲ ਰਹੇ ਤੇ ਚਿੱਤ ਕਰਤਾਰ ਵੱਲ । ਰਸਨਾ ਦੁਆਰਾ ਗੁਰਬਣੀ ਦਾ ਪਾਠ ਤੇ ਕੀਰਤਨ ਕੀਤਾ ਜਾਏ, ਕੰਨਾ ਦੁਆਰਾ ਗੁਰਬਾਣੀ ਦਾ ਪਾਠ ਤੇ ਕੀਰਤਨ ਸੁਣਿਆ ਜਾਏ ਅਤੇ ਸ੍ਰੀਰ ਅਥਵਾ ਹੱਥ ਪੈਰਾਂ ਨਾਲ ਲੰਗਰ ਦੀ ਸੇਵਾ ਕੀਤੀ ਜਾਏ, ਗੁਰੂ ਦੁਆਰੇ ਦੀ ਸਫਾਈ ਕੀਤੀ ਜਾਏ, ਸਾਧ ਸੰਗਤਿ ਦੇ ਜੋੜਿਆਂ ਘੋੜਿਆਂ ਦੀ ਸੰਭਾਲ ਕੀਤੀ ਜਾਏ, "ਆਪਿ ਜਪਹੁ ਅਵਰਾ ਨਾਮੁ ਜਪਾਵਹੁ" ਤੇ ਅਮਲ ਕੀਤਾ ਜਾਏ । ਦੀਨ ਦੁਖੀਆਂ ਦੇ ਦੁੱਖ ਦੂਰ ਕੀਤੇ ਜਾਣ। ਲੋਕ ਭਲਾਈ ਦੇ ਕੰਮਾਂ ਵਿਚ ਹਿੱਸਾ ਪਾਇਆ ਜਾਏ।

ਇਕਬਾਲ ਕੌਰ :- ਦੀਨ ਦੁਖੀਆਂ ਦੇ ਦੁੱਖ ਦੂਰ ਕਰਨ ਤੋਂ ਤੁਹਾਡਾ ਕੀ ਮਤਲਬ ਹੈ ?

ਸਤਵੰਤ ਕੌਰ:- ਦੁਖੀ ਲੋਕਾਂ ਦੀ ਨਿਸ਼ਕਾਮ ਸੇਵਾ, ਇੱਛਾ ਰਹਿਤ ਮਦਦ। ਦੂਜਿਆਂ ਦੇ ਦੁਖ ਦੂਰ ਕਰਨ ਵਿਚ ਸਹਾਈ ਹੋਣਾ । ਜ਼ੁਲਮ ਸਿਤਮ ਦੇ ਸਤਾਏ ਲੋਕਾਂ ਨੂੰ ਛਾਂ ਦੇਣੀ। ਭੁੱਖੇ ਨੂੰ ਰੋਟੀ ਪਾਣੀ ਦੇਣਾ, ਨੰਗੇ ਨੂੰ ਤਨ ਢੱਕਣ ਲਈ ਕੱਪੜਾ ਦੇਣਾ ਅਤੇ ਬੇ ਘਰੇ ਦੀ ਕੁੱਲੀ ਉਸਾਰਨ ਵਿਚ ਮਦਦ ਕਰਨੀ। ਮਾਸੂਮ ਚਿੜੀਆਂ ਨੂੰ ਜਾਲਮ ਬਾਜ਼ਾਂ ਦੇ ਪੰਜਿਆਂ ਵਿਚੋਂ ਛੁਡਾਉਣਾ। ਅਬਲਾਵਾਂ ਨੂੰ ਜਰਵਾਣਿਆਂ ਦੇ ਜ਼ੁਲਮ ਤੋਂ ਬਚਾਉਣਾ। ਆਪਣੇ ਆਪ ਨੂੰ ਦਾਸਨ ਦਾਸ ਸਮਝਣਾ, ਮਾਣ ਹੁੰਦੇ ਹੁਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ ਬਣ ਕੇ ਰਹਿਣਾ, ਹਉਮੈ ਨੂੰ ਲਾਗੇ ਨਾ ਫਟਕਣ ਦੇਣਾ। ਇਕ ਹੀ ਲਾਲਸਾ ਮਨ ਵਿਚ ਰੱਖਣੀ–

ਵਿਣੁ ਤੁਧੁ ਹੋਰੁ ਜਿ ਮੰਗਣਾ,ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ॥

ਅਤੇ ਅਰਦਾਸ ਕਰਨੀ–

ਕਾਮੁ,ਕ੍ਰੋਧ,ਲੋਭ,ਝੂਠ,ਨਿੰਦਾ,
ਇਨ ਤੇ ਆਪਿ ਛਡਾਵਹੁ।
ਇਹ ਭੀਤਰ ਤੇ ਇਨ ਕਉ ਡਾਰਹੁ,
ਆਪਨ ਨਿਕਟਿ ਬੁਲਾਵਹੁ।

ਇਕਬਾਲ ਕੌਰ: ਭੈਣ ਜੀ ! ਇਹੋ ਤੇ ਔਖ ਹੈ, ਮਨ ਟਿਕਦਾ ਨਹੀਂ, ਮਾੜੀ ਜੇਹੀ ਗੱਲ ਤੇ ਗੁੱਸਾ ਆ ਜਾਂਦਾ ਹੈ। ਗ੍ਰਹਿਸਤ ਵਿਚ ਕਾਰ ਵਿਹਾਰ ਕਰਦਿਆਂ ਝੂਠ ਵੀ ਬੋਲ ਹੋ ਜਾਂਦਾ ਹੈ। ਲਾਲਚ ਵਿਚ ਤਾਂ ਅਸੀਂ ਭੱਜੇ ਹੀ ਫਿਰਦੇ ਹਾਂ। ਸਾਇਕਲਾਂ ਵਾਲੇ ਕਹਿੰਦੇ ਹਨ ਸਕੂਟਰ ਲੈ ਲਈਏ ਅਤੇ ਸਕੂਟਰਾਂ ਵਾਲੇ ਕਾਰਾਂ ਨੂੰ ਤਰਸਦੇ ਹਨ। ਤਮਾ (ਲਾਲਚ) ਵਧਦੀ ਹੀ ਜਾਂਦੀ ਹੈ। ਮਨ ਨੂੰ ਟਿਕਾਅ ਨਹੀਂ ਆਉਂਦਾ। ਬੱਸ ! ਐਧਰ ਓਧਰ ਹੀ ਭਜਿਆ ਫਿਰਦਾ ਹੈ।

ਸਤਵੰਤ ਕੌਰ:- ਬੇਲਗਾਮ ਘੋੜਾ ਤਾਂ ਮਨ ਮਾਨੀਆਂ ਕਰੇਗਾ ਹੀ, ਜਿੰਨੀ ਦੇਰ ਤੱਕ ਮਨ ਮੈਗਲ ਨੂੰ ਸ਼ਬਦ ਰੂਪੀ ਅਕੰਸ ਨਹੀਂ ਲਗਦਾ ਇਹ ਭਥੱਤਰਿਆ ਹੀ ਰਹੇਗਾ, ਕਦੇ ਕਿੱਧਰ ਨੂੰ ਭਜੇਗਾ ਤੇ ਕਦੇ ਕਿਸੇ ਖਾਈ ਵਿਚ ਲੈ ਵੜੇਗਾ ਅਤੇ ਕਦੇ ਕਿਸੇ ਖੂਹ ਵਿਚ ਜਾ ਸੁੱਟੇਗਾ। ਕਾਮ (ਵਿਸ਼ੇ ) ਦੀ ਭੱਠੀ ਵਿਚੋਂ ਨਿਕਲੇਗਾ ਤਾਂ ਕ੍ਰੋਧ ਦੇ ਭਾਂਬੜਾ ਦੀ ਲਪੇਟ ਵਿਚ ਆ ਜਾਵੇਗਾ, ਕ੍ਰੋਧ ਮੱਠਾ


www.AKJ.Org

ਪਿਆ ਜਾਂ ਲਾਲਚ ਜ਼ਰਾ ਘਟ ਹੋਇਆ ਤਾਂ ਮੋਹ ਦੇ ਫੰਦੇ ਵਿਚ ਫਸ ਕੇ ਰੁਦਨ ਕਰਨ ਲੱਗ ਪਵੇਗਾ,ਵੈਣ ਪਾਉਣ ਲੱਗ ਜਾਏਗਾ। ਹੰਕਾਰ ਤਾਂ ਇਸ ਦਾ ਪਿੱਛਾ ਛੱਡਦਾ ਹੀ ਨਹੀਂ। ਇਹ ਤੇ ਸੂਖਮ ਰੋਗ ਹੈ, ਬੜਾ ਦੀਰਘ ਹੈ,ਜਾਂਦਿਆਂ ਜਾਂਦਿਆਂ ਆ ਚੰਬੜੇਗਾ। ਕਿਸੇ ਨੇ ਮਾੜੀ ਜੇਹੀ ਸਿਫਤ ਕੀਤੀ ਨਹੀ, ਫੁੱਲ ਕੇ ਭੜੋਲੇ ਹੋਏ ਨਹੀਂ। ਬੱਸ ਦੇਖੋ ਕਿਵੇਂ ਮੈਂ ਮੈਂ ਹੁੰਦੀ ਹੈ। ਮੈਂ ਅਫਸਰ, ਮੈਂ ਬਹਾਦਰ, ਮੈਂ ਦਾਨੀ, ਮੈਂ ਧਰਮੀ, ਮੈਂ ਧਨਾਢ, ਮੈਂ ਫਿਰ ਸਾਹ ਨਹੀਂ ਲੈਣ ਦਿੰਦੀ। ਜਿਥੇ ਮੈਂ ਆ ਗਈ ਉਥੇ ਤੂੰ ਕਿਥੇ ਰਹਿ ਗਈ? ਜਿੱਥੇ ਹਉਮੈ ਆ ਵਸੀ ਉਥੇ ਨਾਮ ਕਿਵੇਂ ਟਿਕ ਸਕਦਾ ਹੈ ? ਜਿਸ ਹਿਰਦੇ ਵਿਚ ਨਾਮ ਦਾ ਵਾਸਾ ਨਹੀਂ ਉਥੇ ਸਤਿ, ਸੰਤੋਖ, ਦਇਆ ਅਤੇ ਧਰਮ ਕਿਵੇਂ ਆ ਸਕਦੇ ਹਨ? ਇਨ੍ਹਾਂ ਦੈਵੀ ਗੁਣਾਂ ਤੋਂ ਸੱਖਣਾ ਮਨ ਸੇਵਾ ਦਾ ਪੁੰਜ ਕਿਵੇਂ ਬਣ ਸਕਦਾ ਹੈ ?

ਗੁਰਮੀਤ ਕੌਰ:- ਇਹ ਪੰਜ ਚੋਰ ਬੁਰੇ।

ਸਤਵੰਤ ਕੌਰ:- ਚੋਰ ਤਾਂ ਇਕੋ ਹੀ ਮਾਨ ਨਹੀਂ। ਜਿਸ ਦੇ ਮਗਰ ਪੰਜ ਲੱਗੇ ਹੋਣ ਉਸਦਾ ਕੀ ਹਾਲ? ਉਸ ਨੂੰ ਟਿਕਾਅ ਕਿੱਥੇ?

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ,
ਕਾਮੁ, ਕ੍ਰੋਧੁ, ਲੋਭੁ, ਮੋਹੁ, ਅਹੰਕਾਰਾ॥
ਅੰਮ੍ਰਿਤੁ ਲੂਟਹਿ,ਮਨਮੁਖ ਨਹੀਂ ਬੂਝਹਿ,
ਕੋਇ ਨ ਸੁਣੈ ਪੂਕਾਰਾ ॥

ਗੁਰਮੀਤ ਕੌਰ:- ਬੀਬੀ ਜੀ! ਤੁਸੀਂ ਠੀਕ ਕਹਿੰਦੇ ਹੋ, ਇਹ ਪੰਚ ਚੋਰ ਹੀ ਸਾਨੂੰ ਟਿਕਣ ਨਹੀਂ ਦਿੰਦੇ, ਸਾਡੇ ਸਰੀਰ ਅੰਦਰ ਹਰ ਵੇਲੇ ਫਤੂਰ ਮਚਾਈ ਰੱਖਦੇ ਹਨ। ਬਿਨਾਂ ਟਿਕਾਅ ਤੋਂ ਸੁਰਤੀ ਪਾਠ ਵਿਚ ਕਿਵੇਂ ਜੁੜੇ? ਖੇਤ ਦੇ ਇਕ ਪਾਸੇ ਪਸ਼ੂਆਂ ਨੂੰ ਛਛਕੇਰੋ ਤਾਂ ਦੂਜੇ ਪਾਸੇ ਡੰਗਰ ਆ ਵੜਦੇ ਹਨ ਅਤੇ ਉਜਾੜਾ ਪਾ ਦਿੰਦੇ ਹਨ।

ਇਕਬਾਲ ਕੌਰ:- ਇਨ੍ਹਾਂ ਪੰਜ ਚੋਰਾਂ ਤੋਂ ਕਿਵੇਂ ਬਚਿਆ ਜਾਏ?

ਸਤਵੰਤ ਕੌਰ :-ਆਪਣੇ ਸਰੀਰ ਰੂਪੀ ਖੇਤ ਦੁਆਲੇ ਬਾੜ ਨੂੰ ਪੱਕਿਆਂ ਕੀਤਾ ਜਾਏ ਤਾਂ ਜੋ ਕੋਈ ਡੰਗਰ ਢੋਰ ਜਾਂ ਚੋਰ ਇਧਰ ਨੂੰ ਮੂੰਹ ਨਾ ਕਰ ਸਕੇ ।

ਇਕਬਾਲ ਕੌਰ :- ਬਾੜ ਤੋਂ ਤੁਹਾਡਾ ਕੀ ਮਤਲਬ ਹੈ?

ਸਤਵੰਤ ਕੌਰ :- ਪੰਜ ਕਕਾਰੀ ਰਹਿਤ।

ਇਕਬਾਲ ਕੌਰ :-ਕੀ ਪੰਜ ਕਕਾਰੀ ਰਹਿਤ ਰੱਖਣ ਨਾਲ ਪੰਜ ਚੋਰਾਂ ਤੋਂ ਛੁਟਕਾਰਾ ਮਿਲ ਜਾਵੇਗਾ ?

ਸਤਵੰਤ ਕੌਰ:- ਸਰੀਰ ਰੂਪੀ ਖੇਤ ਦੁਆਲੇ ਪੰਜ ਕਕਾਰੀ ਬਾੜ ਦੇ ਹੋਣ ਦੇ ਨਾਲ ਨਾਲ ਖਬਰਦਾਰ! ਹੋਸ਼ਿਆਰ, ਦੀ ਦੁਹਾਈ ਭੀ ਉਠਾਣੀ ਚਾਹੀਦੀ ਹੈ। ਖੇਤ ਵਿਚ ਰਾਖਾ ਸੁੱਤਾ ਪਿਆ ਹੋਵੇਗਾ ਤਾਂ ਵੀ ਚੋਰ ਬਾੜ ਟੱਪ ਕੇ ਚੋਰੀ ਕਰ ਲਵੇਗਾ ।

ਇਕਬਾਲ ਕੌਰ:- ਰਾਖੇ ਤੋਂ ਕੀ ਮਤਲਬ ਲੈਂਦੇ ਹੋ?

ਸਤਵੰਤ ਕੌਰ :- ਅੰਦਰਲੇ ਦੀ ਚੇਤਨਤਾ, ਅਹਿਸਾਸ। ਜਦੋਂ ਜੀਵ ਨੂੰ ਇਨ੍ਹਾਂ ਪੰਜਾਂ ਚੋਰਾਂ ਦਾ ਅਹਿਸਾਸ ਹੋਵੇਗਾ ਤਾਂ ਇਹ ਖਬਰਦਾਰ ਹੋ ਕੇ ਰਹੇਗਾ। ਨਾਮ ਰੂਪੀ ਖੰਡਾ ਖੜਕਾਉਂਦਾ ਰਹੇਗਾ। ਬੱਸ! ਖੰਡੇ ਤੋਂ ਡਰਦੇ ਇਹ ਚੋਰ ਅੱਖ ਨਹੀਂ ਚੁਕਣਗੇ, ਭੈ ਭੀਤ ਹੋਏ ਰਹਿਣਗੇ। ਬਦਮਾਸ਼ਾਂ ਦੀ ਥਾਂ ਸਾਊ ਬਣ ਕੇ ਰਹਿਣਗੇ, ਲੁਟੇਰਿਆਂ ਦੀ ਥਾਂ ਸੇਵਾਦਾਰ ਬਣੀ ਫਿਰਨਗੇ।

ਗੁਰਮੀਤ ਕੌਰ:-ਗੱਲ ਤੇ ਦੇਖੋ ਜੀ ਇਨ੍ਹਾਂ ਪੰਜਾਂ ਚੋਰਾਂ ਨੂੰ ਕਾਬੂ ਕਰਨ ਦੀ ਹੈ। ਜਦੋਂ ਲੁੱਟ ਖਸੁੱਟ ਖਤਮ ਹੋ ਗਈ ਤਾਂ ਅਮਨ ਆਪੇ ਹੀ ਹੋ ਗਿਆ। ਸ਼ਾਂਤੀ ਹੋ ਜਾਣ ਨਾਲ ਮਨ ਦਾ ਨੱਸਣਾ ਭੱਜਣਾ ਖਤਮ ਹੋ ਜਾਵੇਗਾ, ਜਦੋਂ ਮਨ ਟਿਕ ਗਿਆ,ਚਿਤ ਸ਼ਾਂਤ ਹੋ ਗਿਆ ਤਾਂ ਸੁਰਤ ਆਪੇ ਹੀ ਸ਼ਬਦ ਨਾਲ ਜੁੜਨ ਲੱਗ ਪਵੇਗੀ।

ਸਤਵੰਤ ਕੌਰ:- ਬੱਸ! ਗੱਲ ਤੇ ਸਿਰਫ ਸ਼ਬਦ ਸੁਰਤ ਦੀ ਹੈ। ਜਿਸ ਦੀ ਸੁਰਤੀ ਸ਼ਬਦ ਵਿਚ ਜੁੜਨ ਲੱਗ ਪਵੇਗੀ ਉਸ ਨੂੰ ਨਾਮ ਬਾਣੀ ਦਾ ਰਸ ਆਉਣ ਲੱਗ ਪਵੇਗਾ। ਨਾਮ ਬਾਣੀ ਦਾ ਰਸ ਚਿੜਚਿੜੇ ਮਨ ਵਿਚ ਖੇੜਾ ਪੈਦਾ ਕਰ ਦੇਵੇਗਾ। ਜ਼ਿੰਦਗੀ ਫਿਰ ਦੁਖਾਂ ਦੇ ਘਰ ਦੀ ਥਾਂ ਸੁਖਾਂ ਦੀ ਵਾੜੀ ਨਜ਼ਰ ਆਉਣ ਲੱਗ ਪਵੇਗੀ।

ਇਕਬਾਲ ਕੌਰ:-ਭੈਣ ਜੀ! ਮੇਰੇ ਪਤੀ ਜੀ ਇਕ ਦਿਨ ਕਹਿਣ ਲੱਗੇ ਕਿ ਇਕਬਾਲ ਜੀਅ ਕਰਦਾ ਹੈ ਕਿ ਸਭ ਝੰਜਟ ਛੱਡ ਛੱਡਾ ਕੇ ਦੂਰ ਕਿਧਰੇ ਜੰਗਲਾਂ ਪਹਾੜਾਂ ਵੱਲ ਨਿਕਲ ਚਲੀਏ ਅਤੇ ਅਟੰਗ ਹੋ ਕੇ ਭਗਤੀ ਕਰੀਏ।

ਗੁਰਮੀਤ ਕੌਰ:-ਬੀਬੀ ਜੀ! ਜੰਗਲਾਂ ਪਹਾੜਾਂ ਵਿਚ ਭਵਿਆਂ ਰੱਬ ਨਹੀਂ ਮਿਲਦਾ। ਬਹੁਤੇਰੇ ਪਸ਼ੂ ਪੰਛੀ, ਜੀਵ ਜੰਤੂ ਪਹਾੜਾਂ ਵਿਚ ਰਹਿੰਦੇ ਹਨ। ਇਉਂ ਤਾਂ ਫਿਰ ਉਹ ਸਾਰੇ ਹੀ ਮੁਕਤ ਹੋ ਜਾਣ।

ਸਤਵੰਤ ਕੌਰ:- ਸਤਿਗੁਰੂ ਤੇਗ ਬਹਾਦਰ ਜੀ ਨੇ ਕਿਹਾ ਹੈ-

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥

ਗੁਰਸਿਖ ਨੂੰ ਜੰਗਲਾਂ ਵਿਚ ਧੱਕੇ ਖਾਣ ਦੀ ਕੋਈ ਲੋੜ ਨਹੀਂ।

ਸਭ ਕਿਛੁ ਘਰ ਮਹਿ, ਬਾਹਰਿ ਨਾਹੀ।
ਬਾਹਰਿ ਟੋਲੈ ਸੋ ਭਰਮਿ ਭੁਲਾਹੀ ।

ਸਤਿਗੁਰੂ ਨੇ ਸਾਨੂੰ ਸ਼ਬਦ (ਗੁਰਬਾਣੀ) ਰੂਪ ਹੀਰੇ ਲਾਲਾਂ ਦਾ ਭੰਡਾਰ ਬਖਸ਼ਿਆ ਹੋਇਆ ਹੈ। ਇਸ ਨੂੰ ਪੜ੍ਹੋ, ਸੁਣੋ, ਗਾਵੋ ਅਤੇ ਅਨੰਦ ਮਾਣੋ।

ਗੁਰਮੀਤ ਕੌਰ:- ਭੈਣ ਜੀ! ਗੁਰਸਿਖ ਨੇ ਤਾਂ ਸੰਗਤਿ ਵਿਚ


www.AKJ.Org

ਰਹਿਣਾ ਹੈ, ਆਪਣਾ ਵਾਸਾ ਸਾਧ ਸੰਗਤਿ ਵਿਚ ਰੱਖਣਾ ਹੈ,ਆਪਣੇ ਗੁਰਸਿਖ ਮੀਤਾਂ ਦਾ ਸੰਗ ਮਾਨਣਾ ਹੈ, ਉਨ੍ਹਾਂ ਦੀ ਸੇਵਾ ਦਾ ਲਾਭ ਉਠਾਣਾ ਹੈ। ਜੇ ਅਸੀਂ ਜੰਗਲੀਂ ਹੀ ਜਾ ਵੜੇ ਤਾਂ ਅਸੀਂ ਸੇਵਾ ਕਿਸ ਦੀ ਕਰਾਂਗੇ ਅਤੇ ਸੰਗਤ ਕਿਸ ਦੀ ਮਾਣਾਂਗੇ ? ਕਿਸ ਨਾਲ ਮਿਲ ਕੇ ਹਰਿ ਜਸ ਦੀਆਂ ਘੁੰਮਰਾਂ ਪਾਵਾਂਗੇ?

ਸਤਵੰਤ ਕੌਰ:- ਗੁਰ ਸੰਗਤਿ ਬਾਣੀ ਬਿਨਾ,
ਦੂਜੀ ਓਟ ਨਹੀ ਰਹਿ ਰਾਈ।

ਗੁਰਸਿਖ ਦਾ ਆਧਾਰ ਤੇ ਬਾਣੀ ਅਰ ਸੰਗਤਿ ਤੇ ਹੀ ਹੈ। ਬਾਣੀ ਨਾਮ ਦਾ ਖਜ਼ਾਨਾ ਹੈ ਤੇ ਸਾਧ ਸੰਗਤ ਚਾਟਸਾਲ।

ਨਾਮ ਤੇ ਸੇਵਾ ਦੀ ਲਟਕ ਸਾਧ ਸੰਗਤਿ ਵਿਚੋਂ ਲੱਗਣੀ ਹੈ ਅਤੇ ਨਾਮ ਨੇ ਸੇਵਾ ਲਈ ਉਤਸ਼ਾਹ ਪੈਦਾ ਕਰਨਾ ਹੈ। ਜਿਥੇ ਸੇਵਾ, ਨਾਮ ਸਿਮਰਨ ਵਿਚ ਸਹਾਈ ਹੁੰਦੀ ਹੈ ਉਥੇ ਨਾਮ, ਸੇਵਾ ਲਈ ਜਾਗ੍ਰਤੀ ਪੈਦਾ ਕਰਦਾ ਹੈ। ਸੇਵਾ ਤੋਂ ਬਿਨਾ ਨਾਮ ਫਲੀਭੂਤ ਨਹੀਂ ਹੋ ਸਕਦਾ ਅਤੇ ਬਿਨਾਂ ਸਿਮਰਨ ਤੋਂ ਸੇਵਾ, ਹਉਮੈ ਦਾ ਪਾਸਾਰਾ ਬਣ ਜਾਂਦੀ ਹੈ । ਗੁਰਮਤਿ ਵਿਚ ਸੇਵਾ ਅਤੇ ਸਿਮਰਨ ਇਕੋ ਗਲਵੱਕੜੀ ਵਿਚ ਬੱਝੇ ਹੋਏ ਹਨ। ਸੰਗਤ ਤੇ ਬਾਣੀ ਬਿਨਾਂ, ਸੇਵਾ ਤੇ ਸਿਮਰਨ ਇਕੱਠੇ ਨਹੀ ਰਹਿ ਸਕਦੇ। ਬਿਨਾ ਸੇਵਾ ਤੋਂ ਸਿਮਰਨ ਕੇਵਲ ਤੋਤਾ ਰਟਣੀ ਹੀ ਹੈ। ਸੇਵਾ ਤੇ ਸਿਮਰਨ ਦੇ ਸੁਮੇਲ ਨੂੰ ਬਰਕਰਾਰ ਰੱਖਣ ਵਾਸਤੇ ਜ਼ਰੂਰੀ ਹੈ ਕਿ ਅਸੀਂ ਗੁਰ ਸੰਗਤ ਸਾਧ ਸੰਗਤਿ ਨਾਲ ਜੁੜ ਰਹੀਏ ਅਤੇ ਗੁਰਬਾਣੀ ਤੇ ਟੇਕ ਰੱਖੀਏ । ਜੰਗਲਾਂ ਵਿਚ ਜਾ ਵੜਨ ਨਾਲ ਅਸੀਂ ਸੰਗਤਿ ਨਾਲੋਂ ਟੁੱਟ ਜਾਵਾਂਗੇ ਅਤੇ ਸਾਡੀ ਭਗਤੀ ਬੇਰਸ ਤੋਤਾ ਰਟਣੀ ਬਣ ਕੇ ਰਹਿ ਜਾਵੇਗੀ ਜਿਹੜੀ ਸਾਨੂੰ ਸਦੀਵੀ ਅਨੰਦ ਨਹੀਂ ਦੇ ਸਕੇਗੀ।

ਗੁਰਮੀਤ ਕੌਰ:- ਭੈਣ ਜੀ ! ਗੁਰਸਿਖ ਵਾਸਤੇ ਤਾਂ ਗ੍ਰਿਹਸਤ ਹੀ ਪ੍ਰਧਾਨ ਹੈ।

ਸਤਵੰਤ ਕੌਰ:- ਸਾਡੇ ਸਤਿਗੁਰ ਨੇ ਸਾਡੇ ਵਾਸਤੇ ਸਿੱਧਾ ਤੇ ਸਾਫ ਗਾਡੀ ਰਾਹ ਬਣਾ ਦਿੱਤਾ ਹੈ। ਸਾਨੂੰ ਤੇ ਗੁਰਮਤਿ ਅਨੁਸਾਰ ਹੀ ਚੱਲਣਾ ਚਾਹੀਦਾ ਹੈ। ਗੁਰਮਤਿ ਪ੍ਰਾਣੀ ਨੂੰ ਘਰ ਬਾਰ ਛੱਡ ਕੇ ਜੰਗਲਾਂ ਵੱਲ ਨੱਸ ਜਾਣ ਲਈ ਪ੍ਰੇਰਨਾ ਨਹੀਂ ਦਿੰਦੀ। ਇਹ ਤੇ ਇਉਂ ਹੀ ਉਪਦੇਸ਼ ਦਿੰਦੀ ਹੈ-

ਵਿਚਿ ਦੁਨੀਆ ਸੇਵ ਕਮਾਈਐ,ਤਾ ਦਰਗਹ ਬੈਸਣੁ ਪਾਈਐ।
ਅਤੇ

ਹਸੰਦਿਆ,ਖੇਲੰਦਿਆ,ਪੈਨੰਦਿਆ,
ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥

ਪ੍ਰੀਤਮ ਕੌਰ :- (ਗਾਉਂਦੀ ਹੋਈ)

ਉਠੰਦਿਆ,ਬਹੰਦਿਆ,ਸਵੰਦਿਆ,ਸੁਖੁ ਸੋਇ
ਨਾਨਕ ਨਾਮਿ ਸਲਾਹਿਐ, ਮਨੁ ਤਨੁ ਸੀਤਲੁ ਹੋਇ॥

(ਬੀਬੀ ਪ੍ਰੀਤਮ ਕੌਰ ਨੇ ਇਹ ਸਲੋਕ ਇਉਂ ਗਾਇਨ ਕੀਤਾ ਕਿ ਬਾਕੀ ਬੀਬੀਆਂ ਝੂਮ ਉਠੀਆਂ। ਤੇਜ ਕੌਰ ਅੰਦਰੋਂ ਵਾਜਾ ਲੈ ਆਈ ਅਤੇ ਗੁਰਮੀਤ ਕੌਰ ਨੇ ਢੋਲਕੀ ਫੜ ਲਿਆਂਦੀ। ਬਸ ! ਫਿਰ ਕੀ ਸੀ? ਬੀਬੀ ਤੇਜ ਕੌਰ ਨੇ ਵਾਜੇ ਦੀਆਂ ਸੁਰਾਂ ਤੇ ਹੱਥ ਰੱਖਦੇ ਹੀ ਹੇਠਲੇ ਸ਼ਬਦ ਦਾ ਕੀਰਤਨ ਅਰੰਭ ਕਰ ਦਿੱਤਾ)

ਊਠਤ ਸੁਖੀਆ, ਬੈਠਤ ਸੁਖੀਆ,
ਭਉ ਨਹੀ ਲਾਗੈ, ਜਾਂ ਐਸੇ ਬੁਝੀਆ ॥੧॥
ਰਾਖਾ ਏਕੁ ਹਮਾਰਾ ਸੁਆਮੀ।
ਸਗਲ ਘਟਾ ਕਾ ਅੰਤਰਜਾਮੀ ॥ ਰਹਾਉ ॥
ਸੋਇ ਅਚਿੰਤਾ, ਜਾਗਿ ਅਚਿੰਤਾ।
ਜਹਾ ਕਹਾ ਪ੍ਰਭੁ ਤੂੰ ਵਰਤੰਤਾ ॥੨॥
ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ।
ਕਹੁ ਨਾਨਕ ਗੁਰਿਮੰਤ੍ਰ ਦ੍ਰਿੜਾਇਆ ॥੩॥

## ਅਮਰ ਸ਼ਹੀਦ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਦੇਗ ਤੇਗ ਧਨੀ ਨੌਵੇਂ ਪਾਤਸ਼ਾਹ ਸਾਨੀ ਤੇਰਾ,
ਅਜ ਤੀਕ ਆਇਆ ਨਹੀਂ ਕੋਈ ਸੰਸਾਰ ਤੇ।
ਹਿੰਦੂ ਕੌਮ ਹੋਈ ਸੀ ਨਿਮਾਣੀ ਤੇ ਨਿਤਾਣੀ ਜਦੋਂ,
ਗੜੇ ਮਾਰ ਹੋ ਰਹੀ ਸੀ ਇਸ ਦੀ ਬਹਾਰ ਤੇ।
ਸੰਤ, ਸਾਧ, ਰਿਸ਼ੀ ਮੁਨੀ ਚੁਪ ਚਾਪ ਵੇਖਦੇ ਸੀ,
ਕਿਸੇ ਨੂੰ ਨਾ ਆਇਆ ਤਰਸ ਇਸ ਦੁਖਿਆਰ ਤੇ।
ਬਾਂਹ ਫੜੀ ਦੁਖੀਆਂ ਦੀ ਹੰਝੂ ਪੂੰਝੇ ਰੋਂਦਿਆਂ ਦੇ,
ਧਰਮ ਨਾਵ ਡੁੱਬਦੀ ਬਚਾਈ ਆਪਾ ਵਾਰ ਕੇ ।
ਤੇਰੀ ਕੁਰਬਾਨੀ ਨੇ ਜੋ ਰੰਗ ਲਾਇਆ ਜੱਗ ਡਿੱਠਾ,
ਚੱਲ ਪਿਆ ਸ਼ਹੀਦੀਆਂ ਦਾ ਦੌਰ ਅਣਖ ਆਨ ਲਈ
ਬੰਦ ਕਟਾਏ ਕਿਸੇ, ਖੋਪਰ ਲੁਹਾਏ ਕਿਸੇ,
ਕਈ ਚਰਖੀਆਂ ਤੇ ਚੜ੍ਹੇ ਦੇਸ਼, ਧਰਮ,ਸਵੈਮਾਨ ਲਈ
ਵੀਰਤਾ ਦੇ ਸੁਤੇ ਮਨੋ ਭਾਵਾਂ ਅੰਗੜਾਈ ਲਈ ,
ਦਸਮ ਪਿਤਾ ਤੇਗ ਫੜੀ ਦੇਸ਼ ਨੂੰ ਬਚਾਣ ਲਈ ।
ਜੜ੍ਹੋਂ ਪੁੱਟ ਦਿੱਤਾ ਮੁਗਲ ਰਾਜ ਸੱਤਾਂ ਪੀੜ੍ਹੀਆਂ ਦਾ,
ਸੁੱਖ ਦੇ ਦਿਹਾੜੇ ਆਏ "ਮਿੱਤਰ" ਹਿੰਦੁਸਤਾਨ ਲਈ

(ਗਿਆਨੀ ਗੋਪਾਲ ਸਿੰਘ

**ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥**
**ਹੋਰ ਕਥਨੀ ਬਦਉ ਨ, ਸਗਲੀ ਛਾਰੁ ॥੨**

(ਰਾਮਕਲੀ ਮ: ੧ ਪੰਨਾ


www.AKJ.Org

# ਖਾਲਸਾ ਜੀ, ਬੋਲੋ ਜੀ ਵਾਹਿਗੁਰੂ !

(ਪ੍ਰਿੰ. ਗੁਰਮੁਖ ਸਿੰਘ)

੪ ਵਜੇ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਤੋਂ ਜੋ ਕੀਰਤਨ ਪ੍ਰਸਾਰਿਤ ਹੁੰਦਾ ਹੈ, ਉਸ ਵਿਚ ਪਹਿਲੇ ਹੁਕਮਨਾਮੇ ਤੋਂ ਉਪਰੰਤ ਥੋੜ੍ਹੀ ਦੇਰ ਸ਼ਬਦ ਕੀਰਤਨ ਤੋਂ ਮਗਰੋਂ ਪਹਿਲੀ ਅਰਦਾਸ ਹੁੰਦੀ ਹੈ। ਜਿਹੜੇ ਸਿਦਕੀ ਪ੍ਰੇਮੀ ਇਸ ਅਰਦਾਸ ਵਿਚ ਸ਼ਾਮਲ ਹੁੰਦੇ ਹਨ, (ਰੇਡੀਉ ਰਾਹੀਂ) ਉਹ ਜਾਣਦੇ ਹਨ ਅਰਦਾਸੀਆ ਸਿੰਘ ਹਰ ਪੜਾਅ ਉਤੇ ਅਰਦਾਸ ਦੇ ਦੌਰਾਨ ਬੋਲਦਾ ਹੈ "ਖਾਲਸਾ ਜੀ ਬੋਲੋ ਜੀ -ਵਾਹਿਗੁਰੂ"। ਅਤੇ ਇਹ ਬੋਲ ਉਹ ਦੋ ਵਾਰੀ ਇਕੋ ਪੜਾਅ ਤੇ ਹੀ ਬੋਲਦਾ ਹੈ। ਸ੍ਰੀ ਦਰਬਾਰ ਸਾਹਿਬ ਵਿਚ ਅਰਦਾਸ ਨਾਲ ਜੁੜੀ ਹੋਈ ਸੰਗਤ ਦੀ ਬਾਕਾਇਦਾ (ਰੇਡੀਉ ਤੇ) ਆਵਾਜ਼ ਸੁਣੋਂਦੀ ਹੈ, ਬੋਲੋ ਜੀ ਵਾਹਿਗੁਰੂ ! ਫਿਰ- ਵਾਹਿਗੁਰੂ ਵਾਹਿਗੁਰੂ ! ਅਤੇ ਇੰਜ ਸਦੀਆਂ ਤੋਂ ਹੁੰਦਾ ਆ ਰਿਹਾ ਹੈ। ਕਦੀ ਸੋਚਿਆ ਜੇ ਇਸ ਪਿਛੇ ਕੀ ਭਾਵਨਾ ਕੰਮ ਕਰਦੀ ਹੈ?

ਸਾਡੇ ਪੁਰਾਤਨ ਬਜ਼ੁਰਗ ਵਾਹਿਗੁਰੂ ਵਾਹਿਗੁਰੂ ਜਪਦੇ ਸਨ। ਉਹਨਾਂ ਦੀ ਰਸਨਾ ਉਤੇ ਅਤੇ ਹਿਰਦੇ ਵਿਚ ਸਦਾ ਇਹੋ ਗੁਰਮੰਤਰ ਹੁੰਦਾ ਸੀ ਕਿਉਂ ਕਿ ਸਮੁੱਚੀ ਗੁਰਬਾਣੀ ਨੇ ਕੇਵਲ ਇਸ ਗੱਲ ਉਤੇ ਹੀ ਜ਼ੋਰ ਦਿਤਾ ਹੈ। ੨੦ ਵੀਂ ਸਦੀ ਵਿਚ ਅਸੀਂ ਪਵਿੱਤਰ ਗੁਰਮੰਤਰ ਨਾਲੋਂ ਟੁਟਦੇ ਜਾ ਰਹੇ ਹਾਂ ਜਿਸ ਕਰਕੇ ਸ਼ਾਇਦ ਸਾਨੂੰ ਅਰਦਾਸ ਵਿਚ ਘੜੀ ਘੜੀ ਵਾਹਿਗੁਰੂ ਵਾਹਿਗੁਰੂ ਆਖਣਾ ਔਖਾ ਜਿਹਾ ਲਗਦਾ ਹੈ ਅਤੇ ਇਹੋ ਕਾਰਨ ਹੈ ਕਿ ਅੱਜ ਜਦੋਂ ਕਿਸੇ ਧਾਰਮਿਕ ਦੀਵਾਨ ਸਮੇਂ ਸੰਗਤੀ ਅਰਦਾਸ ਹੁੰਦੀ ਹੈ ਤਾਂ ਬਹੁਤ ਥੋੜ੍ਹੇ ਲੋਕ ਹੁੰਦੇ ਹਨ ਜੋ ਅਰਦਾਸੀਏ ਸਿੰਘ ਦੇ ਬੋਲਾਂ ਦੇ ਉਤਰ ਵਿਚ ਪਿਆਰ ਨਾਲ ਵਾਹਿਗੁਰੂ ਕਹਿੰਦੇ ਹਨ। ਬਹੁਤੇ ਤਾਂ ਚੁਪਚਾਪ ਬੁੱਤ ਬਣ ਕੇ ਹੀ ਖੜ੍ਹੇ ਰਹਿੰਦੇ ਹਨ।

ਸਾਡੇ ਪੁਰਾਤਨ ਗੁਰ ਸਿੱਖਾਂ ਨੇ ਘਾਲਣਾ ਘਾਲ ਕੇ ਸਿੱਖੀ ਸਰੂਪ ਅਤੇ ਗੁਰਮਤਿ ਸਿਧਾਂਤਾਂ ਨੂੰ ਸਾਡੇ ਤੱਕ ਪਹੁੰਚਾਇਆ ਹੈ।, ਸਿੱਖ ਇਤਿਹਾਸ ਰਚਿਆ, ਜੋ ਕੁਰਬਾਨੀਆਂ ਅਤੇ ਬਹਾਦਰੀਆਂ ਜਾਂ ਉੱਚ ਆਚਰਣ ਦੀਆਂ ਘਟਨਾਵਾਂ ਨਾਲ ਭਰਪੂਰ ਹੈ। ਉਹਨਾਂ ਲੋਕਾਂ ਨੂੰ ਅੰਦਰੋ ਮਾਨਸਿਕ ਸ਼ਕਤੀ ਵਾਹਿਗੁਰੂ ਗੁਰਮੰਤਰ ਨੇ ਹੀ ਦਿੱਤੀ। ਉਦੋਂ ਭੀ ਅਰਦਾਸੀਏ ਸਿੰਘ ਦੇ ਪਿੱਛੇ ਖੜ੍ਹੀ ਸੰਗਤ ਬੜੇ ਪਿਆਰ ਨਾਲ ਅਤੇ ਉੱਚੀ ਆਵਾਜ਼ ਵਿਚ ਵਾਹਿਗੁਰੂ ਦਾ ਜਾਪ ਕਰਦੇ ਹੁੰਦੇ ਸਨ। ਇਸ ਦੇ ਦੋ ਨੁਕਤੇ ਵਿਚਾਰ ਕਰਨ ਯੋਗ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਅਰਦਾਸੀਆ ਸਿੰਘ ਜਦੋਂ ਵਾਹਿਗੁਰੂ ਬੁਲਵਾਉਂਦਾ ਹੈ ਤਾਂ ਉਹ ਇਹ ਤਸੱਲੀ ਕਰਨ ਲਈ ਬੁਲਾਉਂਦਾ ਹੈ ਕਿ ਜੇ ਕੋਈ ਮਾਈ ਭਾਈ ਅਰਦਾਸ ਵਿਚੋਂ ਮਾਨਸਿਕ ਤੌਰ ਤੇ ਗੈਰ ਹਾਜ਼ਰ ਹੋ ਗਿਆ ਹੈ ਅਤੇ ਉਸ ਦੀ ਸੁਰਤਿ ਕਿਧਰੇ ਹੋਰ ਚਲੀ ਗਈ ਹੈ ਤਾਂ ਉਹ ਪਰਤ ਕੇ ਅਰਦਾਸ ਵਿਚ ਸੁਰਤ ਜੋੜੇ। ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿਖੇ ਉਥੇ ਦੇ ਨਵਾਬ ਅਤੇ ਕਾਜ਼ੀ ਨਾਲ ਨਿਮਾਜ਼ ਪੜ੍ਹਦੇ ਪੜ੍ਹਦੇ ਇਸ ਲਈ ਪਿਛੇ ਹੱਟ ਗਏ ਸਨ ਕਿਉਂਕਿ ਉਹ ਦੋਵੇ ਨਿਮਾਜ਼ੀ ਅਲਾਹ ਤਾਅਲਾ ਦੀ ਹਜ਼ੂਰੀ ਵਿਚੋਂ ਸੁਰਤ ਕਰਕੇ ਗੈਰ ਹਾਜ਼ਰ ਹੋ ਗਏ ਸਨ। ਸਾਡੇ ਪੁਰਾਣੇ ਬਜ਼ੁਰਗਾਂ ਨੇ ਇਸ ਸਾਖੀ ਤੋਂ ਇਹੋ ਸਬਕ ਸਿਖਿਆ ਕਿ ਜਦੋਂ ਅਰਦਾਸ ਹੋਵੇ ਅਰਦਾਸੀਆ ਆਪ ਭੀ ਅਤੇ ਸੰਗਤ ਨੂੰ ਭੀ ਪੜਾਉ ਪੜਾਅ ਸਾਵਧਾਨ ਕਰਦਾ ਜਾਵੇ। ਇਉਂ ਜੇ ਗਿਣਤੀ ਕਰਕੇ ਵੇਖਿਆ ਜਾਵੇ ਤਾਂ ਸ੍ਰੋ. ਗੁ. ਪ੍ਰ. ਕਮੇਟੀ ਦੇ ਗੁਟਕਿਆਂ ਵਿਚ ਛਪੀ ਅਰਦਾਸ ਵਿਚ ਦਸ ਵਾਰੀ ਵਾਹਿਗੁਰੂ ਵਾਹਿਗੁਰੂ ਅਖਵਾਇਆ ਜਾਂਦਾ ਹੈ। ਇਥੇ ਤਿੰਨ ਵਾਰੀ ਤਾਂ ਉਦੋਂ ਹੀ ਬੇਨਤੀ ਰੂਪ ਵਿਚ ਆਖਿਆ ਜਾਂਦਾ ਹੈ "ਪ੍ਰਥਮੇ ਸਰਬਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬਤ ਖਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਾਮ ਚਿੱਤ ਆਵੇ।" ਇਹ ਨਾਮ ਚਿੱਤ ਆਵੇ ਦੀ ਅਰਦਾਸ ਸਮੁੱਚੇ ਖਾਲਸਾ ਪੰਥ ਲਈ ਹੁੰਦੀ ਹੈ, ਨਿੱਤ ਹੁੰਦੀ ਹੈ। ਕੀ ਅਸੀਂ ਕਦੀ ਧਿਆਨ ਦੇ ਕੇ ਅਰਦਾਸੀਏ ਦੇ ਨਾਲ ਇਕ ਜ਼ੁਬਾਨ ਹੋ ਕੇ ਕਦੀ ਵਾਹਿਗੁਰੂ ਉਚਾਰਿਆ ਹੈ- ਵਾਹਿਗੁਰੂ ਵਾਹਿਗੁਰ ਵਾਹਿਗੁਰ? ਨਹੀਂ। ਇਸ ਲਈ ਨਹੀਂ ਕਿਉਂ ਕਿ ਵਾਹਿਗੁਰੂ ਆਖਣ ਦੀ ਸਾਨੂੰ ਕਿਸੇ ਗੁੜ੍ਹਤੀ ਹੀ ਨਹੀਂ ਦਿੱਤੀ। ਸਕੂਲਾਂ ਕਾਲਜਾਂ, ਹੋਸਟਲਾਂ ਵਿਚ ਕੋਈ ਵੀ ਵਾਹਿਗੁਰੂ ਨਹੀਂ ਕਹਿੰਦਾ। ਜੇ ਕੋਈ ਇਕ ਅੱਧ ਸਿਦਕੀ ਸਿੱਖ ਪਾਠ ਕਰਦੈ ਅਤੇ ਵਾਹਿਗੁਰੂ ਦਾ ਜਾਪ ਜਪਦਾ ਹੈ, ਉਸ ਨਾਲ ਮਖੌਲਾਂ ਕੀਤੀਆਂ ਜਾਂਦੀਆਂ ਹਨ ਜਿਸ ਨਾਲ ਉਸਦਾ ਹੌਂਸਲਾ ਹੋਰ ਡਿੱਗੇ। ਜੇ ਤਾਂ ਉਹ ਅੰਦਰੋ ਸਿੱਦਕ ਅੰਦਰ ਪਰਪੱਕ ਹੈ, ਫਿਰ ਤਾਂ ਉਹ ਵਾਹਿਗੁਰੂ ਹੋਰ ਉਚੀ ਉਚੀ ਕਹੇਗਾ, ਪਰ ਜੇ ਉਸਦਾ ਸਿਦਕ ਅਜੇ ਕੱਚਾ ਹੈ ਤਾਂ ਉਹ ਬੇ ਸਿਦਕੀਆਂ ਦੇ ਹਟਾਏ ਹੱਟ ਜਾਏਗਾ। ਯਾਦ ਰੱਖਣਾ ! ਮੌਜੂਦਾ ਖਾਲਿਸਤਾਨ ਦੀ ਲਹਿਰ ਅੰਦਰ ਜੋ ਅਖੌਤੀ ਸਿਦਕੀ ਆ ਵੜੇ ਸਨ ਉਹਨਾਂ ਵਿਚ ਵਾਹਿਗੁਰੂ ਵਾਹਿਗੁਰੂ ਦੇ ਜਾਪ ਦੀ ਘਾਟ ਸੀ ਇਹੋ ਕਾਰਣ ਹੈ ਕਿ ਇਹਨਾਂ ਖਾੜਕੂਆਂ ਨੇ ਧਨ ਦੌਲਤ ਭੀ ਲੁੱਟੀ ਅਤੇ ਧੀਆਂ ਭੈਣਾਂ ਦੀ ਪੱਤ ਭੀ ਲੁਟੀ। ਪੁਰਾਤਨ ਸਿਘ ਵਾਹਿਗੁਰੂ ਵਾਹਿਗੁਰੂ ਜਪਦੇ ਜਪਦੇ ਮਾਨਸਿਕ ਤੌਰ ਤੇ ਦੁਨਿਆਵੀ ਪਦਾਰਥਾਂ ਦੇ ਮੋਹ ਤੋਂ ਉਪਰ ਉੱਠ ਗਏ ਸਨ ਇਸੇ ਲਈ ਉਹ ਖਾਲਸਾ ਰਾਜ ਕਾਇਮ ਕਰ ਸਕੇ। ਕਿੜੀਆ ਵੱਡੀਆਂ ਵੱਡੀਆਂ ਤਾਕਤਾਂ ਦਾ ਉਹਨਾਂ ਟਾਕਰਾ ਕੀਤਾ ਪਰ ਫਿਰ ਭੀ ਉਹ ਘਬਰਾਏ ਨਹੀਂ ਵਾਹਿਗੁਰੂ ਵਾਹਿਗੁਰੂ ਜਪਦੇ, ਗੁਰੂ ਨੂੰ ਅੰਗਸੰਗ ਜਾਣ ਕੇ ਮੱਲਾਂ ਭੀ ਮਾਰਦੇ ਸਨ, ਪਰ ਕਦੀ ਬੇਦੋਸ਼ਿਆਂ ਨੂੰ ਨਹੀਂ ਸੀ ਮਾਰਦੇ। ਵਾਹਿਗੁਰੂ ਵਾਹਿਗੁਰੂ ਨੇ ਉਹਨਾਂ ਨੂੰ ਸਰਬਤ ਦੇ ਭਲੇ ਲਈ ਤਿਆਰ ਕੀਤਾ। ਧੀਆਂ ਭੈਣਾਂ ਮਾਤਾਵਾਂ ਨੂੰ ਜ਼ਾਲਮਾਂ ਤੋਂ ਛੁਡਾ ਕੇ ਸਹੀ ਸਲਾਮਤ ਘਰਾਂ ਤਕ ਪਹੁੰਚਾ ਕੇ ਪਰਉਪਕਾਰ ਕੀਤਾ।

ਦੂਜੀ ਗੱਲ ਜੋ ਇਥੇ ਵਿਚਾਰਨ ਯੋਗ ਹੈ ਉਹ ਇਹ ਹੈ

(ਬਾਕੀ ਪੰਨਾ ੩੬ ਤੇ)

ਸੂਰਾ, ਲੁਧਿਆਣਾ



www.AKJ.Org

# ਅਰਦਾਸ ਦਾ ਮਹੱਤਵ;
# ਤੇ ਬਾਬਾ ਫੂਲਾ ਸਿੰਘ ਅਕਾਲੀ

(ਪਾਂਧੀ ਨਨਕਾਣਵੀ)

ਖਾਲਸਾ ਰਾਜ ਦੇ ਸਰਬਰਾਹ, ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਨੂੰ ਮਾਰਚ 1823 ਵਿਚ ਜਦੋਂ ਇਹ ਸੂਚਨਾ ਮਿਲੀ, ਕਿ ਕਾਬਲ ਪਤੀ, ਮੁਹੰਮਦ ਅਜ਼ੀਮ ਖਾਂ ਨੇ, ਪਿਸ਼ਾਵਰ ਤੇ ਫਿਰ ਕਬਜ਼ਾ ਜਮਾ ਲਿਆ ਹੈ, ਅਤੇ ਖਾਲਸਾ ਰਾਜ ਵਲੋਂ ਥਾਪੇ, ਪਿਸ਼ਾਵਰ ਦੇ ਗਵਰਨਰ, ਯਾਰ ਮੁਹੰਮਦ ਖਾਂ ਨੇ ਕਾਇਰਤਾ ਦਾ ਸਬੂਤ ਦੇਂਦਿਆਂ ਹੋਇਆਂ ਪਿਸ਼ਾਵਰ ਖਾਲੀ ਕਰ ਦਿੱਤਾ ਹੈ, ਤਾਂ ਆਪ ਡਾਢੇ ਚਿੰਤਾਤੁਰ ਹੋਏ। ਪਰ ਇਸ ਤੋਂ ਵਧੀਕ ਚਿੰਤਾ ਇਸ ਗੱਲ ਦੀ ਸੀ, ਕਿ ਮੁੰਹਮਦ ਅਜ਼ੀਮ ਖਾਂ ਨੇ, ਸਰਹੱਦੀ ਇਲਾਕੇ ਦੇ ਸਮੂਹ ਪਠਾਣਾਂ, ਖਟਕਾਂ, ਯੂਜ਼ਫਜ਼ਈਆਂ ਤੇ ਹੋਰ ਜਾਤੀਆਂ ਤੇ ਕਬੀਲਿਆਂ ਨੂੰ, ਖਾਲਸਾ ਰਾਜ ਵਿਰੁੱਧ ਜਹਾਦ ਕਰਨ ਲਈ ਵੰਗਾਰ ਵੀ ਪਾ ਦਿੱਤੀ ਸੀ, ਜਿਸ ਨਾਲ ਸਮੁੱਚੇ ਸਰਹੱਦੀ ਇਲਾਕੇ ਵਿਚ ਹਲਚਲ ਪੈਦਾ ਹੋ ਗਈ, ਤੇ ਜਹਾਦ ਲਈ ਪਠਾਣਾਂ ਦਾ ਖੂਨ ਉਬਲਣ ਲੱਗਾ।

...ਖਾਲਸਾ ਰਾਜ ਦੀਆਂ ਸਰਹੱਦਾਂ ਨੂੰ ਖਤਰੇ ਵਿਚ ਜਾਣ ਕੇ, ਮਹਾਰਾਜਾ ਰਣਜੀਤ ਸਿੰਘ ਨੇ ਉਸੀ ਪਲ, ਆਪਣੇ ਜਰਨੈਲਾਂ, ਤੇ ਦਰਬਾਰੀਆਂ ਦੀ ਇਕ ਜ਼ਰੂਰੀ ਇਕੱਤਰਤਾ ਬੁਲਾਈ, ਤੇ ਫਿਰ ਆਪਸੀ ਸਲਾਹ ਮਸ਼ਵਰੇ ਪਿਛੋਂ, ਫੌਜਾਂ ਨੂੰ ਫੌਰੀ 'ਅਟਕ' ਵਲ ਕੂਚ ਕਰਨ ਦੇ ਫੁਰਮਾਨ ਭੀ ਕਰ ਦਿਤੇ। ਫੌਜ ਦਾ ਇਕ ਦਸਤਾ, ਆਪ ਨੇ ਉਸੀ ਸਮੇਂ, ਸੂਰਬੀਰ ਸ਼ਹਿਜ਼ਾਦਾ ਸ਼ੇਰ ਸਿੰਘ ਦੀ ਅਗਵਾਈ ਵਿਚ, ਅਤੇ ਦੂਜਾ ਦਸਤਾ ਸ. ਹਰੀ ਸਿੰਘ ਨਲਵਾ, ਸ. ਅਤਰ ਸਿੰਘ ਸੰਧਾਵਾਲੀਆ ਤੇ ਸ. ਬੁੱਧ ਸਿੰਘ ਸੰਧਾਵਾਲੀਆ ਦੀ ਅਗਵਾਈ ਵਿਚ, ਬਾਗੀਆਂ ਨੂੰ ਠਲ੍ਹ ਪਾਣ ਲਈ ਰਵਾਨਾ ਕਰ ਦਿੱਤਾ। ਅਗਲੇ ਦਿਨ, ਮਹਾਰਾਜਾ ਸਾਹਿਬ ਨੇ ਸਣੇ ਆਪਣੇ ਪ੍ਰਸਿੱਧ ਜਰਨੈਲਾਂ, ਜਿਹਾ ਕਿ ਅਕਾਲੀ ਫੂਲਾ ਸਿੰਘ, ਸ. ਫਤਹਿ ਸਿੰਘ ਆਹਲੂਵਾਲੀਆ, ਸ. ਦੇਸਾ ਸਿੰਘ ਮਜੀਠੀਆ ਆਦਿ ਨਾਲ ਸਣੇ ਪੰਦਰਾਂ ਹਜ਼ਾਰ ਫੌਜ ਦੇ, ਅਟੱਕ ਵਲ ਧਾਈ ਕਰ ਦਿਤੀ ਅਤੇ ਮਾਰੋ ਮਾਰ ਕਰਦੀ ਹੋਈ ਇਹ ਫੌਜ ਕੋਈ ਪੰਜਾਂ ਕੁ ਦਿਨਾਂ ਪਿਛੋਂ ਦਰਿਆ 'ਅਟਕ' ਦੇ ਕੰਢੇ ਤੇ ਪੁੱਜ ਗਈ। ਮਹਾਰਾਜਾ ਸਾਹਿਬ ਦੇ ਪੁੱਜਣ ਤੋਂ ਪਹਿਲਾਂ ਹੀ ਸ਼ੇਰ ਦਿਲ ਜਰਨੈਲ ਹਰੀ ਸਿੰਘ ਨਲਵਾ, ਤੇ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਦੀਵਾਨ ਕਿਰਪਾ ਰਾਮ ਹੁਰਾਂ ਨਾਲ 'ਅਟਕ' ਤੇ ਬੇੜੀਆਂ ਦਾ ਪੁਲ ਬੰਨਿਆ, ਅਤੇ ਇੰਜ ਉਹ ਸ਼ੂਕਦੇ ਦਰਿਆ ਨੂੰ ਪਾਰ ਕਰ ਗਏ। ਸ. ਹਰੀ ਸਿੰਘ ਨਲਵੇ ਨੇ ਆਪਣੇ ਅੱਠ ਸੌ ਘੋੜ ਚੜ੍ਹੇ ਮਰਜੀਵੜੇ ਨੌਜੁਆਨਾਂ ਨਾਲ ਕਿਲ੍ਹਾ 'ਜਹਾਂਗੀਰਾ' ਤੇ ਹੱਲਾ ਬੋਲ ਦਿੱਤਾ, ਜਦ ਕਿ ਸ਼ਹਿਜ਼ਾਦਾ ਸ਼ੇਰ ਸਿੰਘ ਤੇ ਦੀਵਾਨ ਕਿਰਪਾ ਰਾਮ ਨੇ 1200 ਸਵਾਰਾਂ ਦੀ ਅਗਵਾਈ ਕਰਦਿਆਂ ਹੋਇਆ, 'ਖੈਰਾਬਾਦ' ਦੇ ਕਿਲ੍ਹੇ ਤੇ ਧਾਵਾ ਬੋਲ ਦਿਤਾ, ਤਾਂ ਜੋ ਦੁਸ਼ਮਣ ਦੇ ਅਗਾਊ ਬਣਾਏ ਮੋਰਚਿਆਂ ਨੂੰ ਤੋੜਿਆ ਜਾ ਸਕੇ, ਅਤੇ ਇਉਂ ਖੂਬ ਰਣ ਭਖਿਆ। ਦੁਸ਼ਮਣ ਨੇ ਮੌਕਾ ਪਾ ਕੇ 'ਅਟਕ' ਤੇ ਬਣੇ ਬੇੜੀਆਂ ਦੇ ਪੁਲ ਨੂੰ ਰੋਹੜ ਦਿੱਤਾ, ਤਾਂ ਜੋ ਆ ਰਹੀ ਖਾਲਸਾ ਫੌਜ ਨੂੰ ਠਲ੍ਹ ਪਾਈ ਜਾ ਸਕੇ। ਜਦੋਂ ਮਹਾਰਾਜਾ ਸਾਹਿਬ,ਸਣੇ ਫੌਜਾਂ ਦੇ, ਪੰਜਵੇਂ ਦਿਨ 'ਅਟਕ' ਦੇ ਕੰਢੇ ਤੇ ਪੁੱਜੇ, ਤਾਂ ਪੁੱਲ ਰੁੜ੍ਹ ਚੁੱਕਾ ਸੀ, ਅਤੇ ਦਰਿਆ ਪੂਰੀ ਜਵਾਨੀ ਨਾਲ ਵੱਗ ਰਿਹਾ ਸੀ। ਮਹਾਰਾਜਾ ਸਾਹਿਬ ਅਤੇ ਹੋਰ ਸਾਰੀ ਫੌਜ ਇਹ ਵੇਖ ਰਹੇ ਸਨ ਕਿ ਅਟਕ ਪਾਰ ਗੋਲੀਆਂ ਦੀ ਠਾਹ ਠੂਹ ਨਾਲ ਖੂਬ ਰਣ ਭੱਖਿਆ ਹੋਇਆ ਸੀ। ਪਰੰਤੂ ਫੌਜਾਂ ਦਾ 'ਅਟਕ' ਪਾਰ ਕਰਨਾ ਜ਼ਰੂਰੀ ਸੀ, ਨਹੀਂ ਤਾਂ ਖ਼ਦਸ਼ਾ ਸੀ, ਕਿ ਕਿਧਰੇ ਅਗਾਊਂ ਭੇਜੀ ਫੌਜ ਤਬਾਹ ਹੀ ਨਾਂ ਹੋ ਜਾਵੇ। ਸੋ ਆਪਣੀ ਜ਼ਿੰਦਗੀ ਦੀ ਪ੍ਰਵਾਹ ਕੀਤੇ ਬਗੈਰ ਹੀ ਅਕਾਲੀ ਫੂਲਾ ਸਿੰਘ ਨੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਹਜ਼ੂਰ ਅਰਦਾਸਾ ਸੋਧਿਆ, ਅਤੇ ਫਿਰ ਮਹਾਰਾਜਾ ਸਾਹਿਬ ਨੇ ਸਣੇ ਅਕਾਲੀ ਫੂਲਾ ਸਿੰਘ ਤੇ ਸਮੂਹ ਫੌਜ ਦੇ ਆਪੋ ਆਪਣੇ ਘੋੜੇ ਦਰਿਆ-ਅਟਕ ਵਿਚ ਠੇਲ੍ਹ ਦਿੱਤੇ। ਵਾਹਿਗੁਰੂ ਦੀ ਕਰਨੀ, ਕਿ ਅਟਕ ਦਾ ਪਾਣੀ ਮਹਾਰਾਜਾ ਸਾਹਿਬ ਦੇ ਘੋੜੇ ਦੀਆਂ ਰਕਾਬਾਂ ਜਿੰਨਾਂ ਹੋ ਗਿਆ, ਅਤੇ ਜਦ ਤੀਕ ਸ਼ੇਰੇ ਪੰਜਾਬ, ਨੰਗੀ ਸ਼ਮਸ਼ੀਰ ਹੱਥ ਵਿਚ ਫੜੀ,ਅਟਕ ਦੇ ਅੱਧ ਵਿਚ ਖਲੋਤੇ ਰਹੇ, ਫੌਜ ਪਾਰ ਹੁੰਦੀ ਗਈ, ਪਰ ਜਿਉਂ ਹੀ ਮਹਾਰਾਜਾ ਸਾਹਿਬ ਨੇ ਅਟਕ ਨੂੰ ਪਾਰ 'ਕੀਤਾ, ਪਾਣੀ ਯਕਦਮ ਚੜ੍ਹ ਆਇਆ, ਅਤੇ ਇੰਜ ਪੰਜ ਛੇ ਸੌ ਜਵਾਨ, 'ਅਟਕ' ਦੀਆਂ ਤੇਜ਼ ਤਰਾਰ ਲਹਿਰਾਂ ਦੇ ਹਵਾਲੇ ਹੋ ਗਏ। ਮਹਾਰਾਜਾ ਸਾਹਿਬ ਦੀ ਆਮਦ ਦੀ ਖ਼ਬਰ ਸੁਣ ਕੇ, ਦੁਸ਼ਮਣ ਦੇ ਪੈਰ ਉਖੜ ਗਏ, ਅਤੇ 'ਜਹਾਂਗੀਰ' ਅਤੇ ਖੈਰਾਬਾਦ' ਦੇ ਕਿਲ੍ਹੇ ਖਾਲਸਾ ਫੌਜਾਂ ਦੇ ਅਧੀਨ ਆ ਗਏ। ਨੁਕਸਾਨ ਉਠਾ ਕੇ ਜਹਾਦੀ ਹੁਣ ਨੌਸ਼ਹਿਰੇ ਦੇ ਖੁਲ੍ਹੇ ਮੈਦਾਨ ਵਿਚ ਇਕੱਤਰ ਹੋਣੇ ਸ਼ੁਰੂ ਹੋ ਗਏ, ਜਿਥੇ ਪਹਿਲਾਂ ਹੀ ਕੋਈ ਤੀਹ ਹਜ਼ਾਰ ਜਹਾਦ ਲੜਨ ਲਈ ਤਿਆਰ ਬੈਠੇ ਸਨ। ਇਸ ਦੇ ਨਾਲ ਹੀ ਉਹਨਾਂ ਨੇ 'ਤਰੀਹ' ਦੀਆਂ ਪਹਾੜੀਆਂ ਤੇ ਵੀ ਮੋਰਚੇ ਬਣਾ ਰਖੇ ਸਨ, ਤਾਂ ਜੋ ਖਾਲਸਾ ਫੌਜ ਦੀ ਚੜ੍ਹਦੀ ਕਾਂਗ ਨੂੰ ਠਲ੍ਹ ਪਾਈ ਜਾ ਸਕੇ ਅਤੇ ਇੰਜ ਮਹਾਰਾਜਾ ਸਾਹਿਬ ਨੇ ਵੀ 'ਅਕੋੜੇ' ਦੇ ਮੈਦਾਨ ਵਿਚ ਆਣ ਡੇਰਾ ਜਮਾਇਆ।

ਰਾਤ-ਭਰ ਯੁੱਧ ਬਾਰੇ ਹੀ ਸਲਾਹ ਮਸ਼ਵਰੇ ਹੁੰਦੇ ਰਹੇ। ਅੰਮ੍ਰਿਤ ਵੇਲਾ ਹੋਇਆ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਹਾਰਾਜਾ ਸਾਹਿਬ,ਸਮੂਹ ਫੌਜ ਦੇ ਜਵਾਨ ਤੇ ਸਰਦਾਰ, ਸੰਗਤ ਦੀ ਹੈਸੀਅਤ ਵਿਚ ਜੁੜੇ। 'ਆਸਾ ਦੀ ਵਾਰ' ਦਾ ਕੀਰਤਨ ਹੋਇਆ ਅਤੇ ਫਿਰ ਅਕਾਲੀ ਫੂਲਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧਿਆ ਅਤੇ ਸਤਿਗੁਰੂ ਜੀ ਦੀ ਓਟ ਤੇ ਆਸਰੇ ਦੀ ਯਾਚਨਾ ਕਰਦਿਆਂ ਹੋਇਆ, ਯੁੱਧ ਅਰੰਭ ਕਰਨ ਦੀ ਆਗਿਆ ਮੰਗੀ। ਹੁਕਮਨਾਮੇ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ ਅਤੇ ਫਿਰ

ਸੂਰਾ, ਲੁਧਿਆਣਾ



www.AKJ.Org

ਮਹਾਰਾਜਾ ਸਾਹਿਬ ਦੀਆਂ ਹਦਾਇਤਾਂ ਅਨੁਸਾਰ, ਫੌਜਾਂ ਮੈਦਾਨਿ-ਜੰਗ ਵਲ ਕੂਚ ਕਰਨ ਲਈ ਆਪੋ ਆਪਣੀ ਥਾਂ ਤੇ ਤਿਆਰ ਹੋ ਖਲੋਤੀਆਂ।

ਮਹਾਰਾਜਾ ਸਾਹਿਬ ਖ਼ੁਦ ਇਕ ਉੱਚੇ ਜਿਹੇ ਟਿੱਲੇ ਤੇ, ਹੱਥ ਵਿਚ ਕਲਗੀਧਰ ਸੱਚੇ ਪਾਤਸ਼ਾਹ ਵਲੋਂ ਬਖਸ਼ੀ ਸਿਰੀ ਸਾਹਿਬ ਬੇ-ਨਯਾਮ ਕਰ ਕੇ ਫੌਜਾਂ ਵਲੋਂ ਸਲਾਮੀ ਲੈਣ ਲਈ ਖਲੋ ਗਏ ਅਤੇ ਇੰਜ ਫੌਜੀ ਦਸਤੇ, ਵਾਰੋ ਵਾਰੀ ਮਹਾਰਾਜਾ ਸਾਹਿਬ ਨੂੰ ਸਲਾਮੀ ਦੇਂਦੇ ਹੋਏ, ਯੁੱਧ ਦੇ ਮੈਦਾਨ ਵਲ ਕੂਚ ਕਰਦੇ ਗਏ। ਐਨ ਇਸੀ ਪਲ, ਖਾਲਸਾ ਪੰਥ ਦੇ ਨਿਧੜਕ ਯੋਧੇ, ਨਿਸ਼ਕਾਮ ਸੇਵਕ, ਕਰਨੀ ਤੇ ਕਥਨੀ ਦੇ ਸੂਰੇ, ਧਰਮੀ ਪੁਰਸ਼, ਬਾਬਾ ਫੂਲਾ ਸਿੰਘ ਜੀ ਅਕਾਲੀ ਵੀ ਆਪਣੇ ਜਾਂਬਾਜ਼ ਤੇ ਲੜਾਕੂ ਅਕਾਲੀ ਯੋਧਿਆਂ ਸਮੇਤ ਸਲਾਮੀ ਮੰਚ ਦੇ ਕੋਲੋਂ ਦੀ, 'ਸਤਿ ਸ੍ਰੀ ਅਕਾਲ ਦੇ ਅਕਾਸ਼-ਕੰਬਾਊ ਜੈਕਾਰਿਆਂ ਦੀਆਂ ਗੂੰਜਾਂ ਪਾਉਂਦੇ ਹੋਏ ਲੰਘ ਰਹੇ ਸਨ, ਕਿ ਸ਼ੇਖ ਮਹੀਉਦੀਨ, ਕੁਝ ਘਬਰਾਇਆ ਹੋਇਆ ਮਹਾਰਾਜਾ ਸਾਹਿਬ ਕੋਲ ਆਇਆ ਤੇ ਫਿਰ, ਕੋਲ ਖਲੋਤੇ, ਸ਼ਾਹਿਜ਼ਾਦਾ ਖੜਕ ਸਿੰਘ ਦੇ ਕੰਨ ਵਿਚ ਉਸ ਸਾਰੇ ਜ਼ਰੂਰੀ ਤੇ ਖੁਫੀਆ ਸਮਾਚਾਰ ਬਿਆਨ ਕਰ ਦਿਤੇ। ਸਮਾਚਾਰ ਸੁਣਨ ਉਪਰੰਤ, ਸਹਿਬਜ਼ਾਦਾ ਖੜਕ ਸਿੰਘ ਨੇ ਵੀ ਝੱਟ ਮਹਾਰਾਜਾ ਸਾਹਿਬ ਦੇ ਹਜ਼ੂਰ, ਇਹ ਸਮਾਚਾਰ, ਸੰਖੇਪ ਵਿਚ ਬਿਆਨ ਕਰ ਦਿੱਤੇ, ਜਿਸ ਤੇ ਮਹਾਰਾਜਾ ਸਾਹਿਬ, ਸ਼ੇਖ ਸਾਹਿਬ ਨੂੰ ਇਉਂ ਮੁਖ਼ਾਤਿਬ ਹੋਏ-

ਮਹਾਰਾਜਾ: (ਸ਼ੇਖ ਨੂੰ) ਕੀ ਖਬਰ ਲਿਆਏ ਓ ਸ਼ੇਖ ਸਾਹਿਬ?

ਸ਼ੇਖ: ਹਜ਼ੂਰ, ਹੁਣੇ ਹੁਣੇ ਖਬਰ ਮਿਲੀ ਹੈ ਕਿ ਮੁੰਹਮਦ ਅਜ਼ੀਮ ਖਾਂ, ਦਰਿਆ 'ਲੁੰਡੇ ਦੇ ਕੰਢੇ, 'ਪੇਸ਼ਗੀ' ਦੇ ਮੈਦਾਨ ਵਿਚ ਪੁੱਜ ਗਿਆ ਹੈ।

ਮਹਾਰਾਜਾ: ਕਿੰਨੀ ਕੁ ਫੌਜ ਨਾਲ ਹੈ?

ਸ਼ੇਖ: ਹਜ਼ੂਰ, ਬੇਇੰਤਹਾ ਗ਼ਾਜ਼ੀ ਪਹੁੰਚ ਚੁੱਕੇ ਹਨ ਤੇ ੩੨ ਤੋਪਾਂ ਵੀ ਨਾਲ ਹੈ ਨੇ।

ਮਹਾਰਾਜਾ: (ਸੋਚਾਂ ਵਿਚ ਪੈ ਕੇ) ਹੱਛਾ! ਹੂੰ! ਫਿਰ ਖਾਲਸਾ ਫੌਜ ਤਾਂ ਇਸ ਦੇ ਮੁਕਾਬਲੇ ਬਹੁਤ ਹੀ ਥੋੜ੍ਹੀ ਹੈ, ਬਹੁਤ ਹੀ ਥੋੜ੍ਹੀ। ਫੇਰ ਅਜੇ ਲਾਹੌਰੋਂ...... ਜਰਨੈਲ ਵੈਂਤੂਰਾ ਵੀ ਨਹੀਂ ਪਹੁੰਚਿਆ ਤੋਪਾਂ ਲੈ ਕੇ। .....ਖੜਕ ਸਿੰਘ।

ਖੜਕ ਸਿੰਘ : ਜੀ ਹਜ਼ੂਰ।

ਮਹਾਰਾਜਾ : ਤਮਾਮ ਜਰਨੈਲਾਂ ਨੂੰ ਹੁਕਮ ਸੁਣਾਉ ਕਿ ਫੌਜਾਂ ਦਾ ਕੂਚ ਰੋਕ ਦਿੱਤਾ ਜਾਏ।

ਖੜਕ ਸਿੰਘ : ਸਤਿ ਬਚਨ ਹਜ਼ੂਰ। ( ਸ਼ਹਿਜ਼ਾਦਾ ਖੜਕ ਸਿੰਘ ਫਤਿਹ ਬੁਲਾ ਕੇ ਛੇਤੀ ਨਾਲ ਇਕ ਪਾਸੇ ਵਲ ਚਲਾ ਜਾਂਦਾ ਹੈ)

ਸ਼ੇਖ : ਹਜ਼ੂਰ ! ਮੁਹੰਮਦ ਅਜ਼ੀਜ਼ ਖਾਂ ਨੇ ਬੇੜੀਆਂ ਇਕੱਠੀਆਂ ਕਰਨ ਲਈ ਚਾਰ ਸੱਦਾ ਤੇ ਹੋਰ ਘਾਟਾਂ ਤੇ ਆਪਣੇ ਜਵਾਨ ਵੀ ਦੁੜਾ ਦਿੱਤੇ ਨੇ।

ਮਹਾਰਾਜਾ : (ਸੋਚਦਾ ਹੋਇਆ) ਹੱਛਾ.... ਠੀਕ ਹੈ। ਸਾਨੂੰ ਵੀ ਪੂਰੀ ਤਾਕਤ ਨਾਲ ਮੈਦਾਨਿ-ਜੰਗ ਵਿਚ ਕੁੱਦਣਾ ਚਾਹੀਦੈ

ਸ਼ੇਖ਼ : ਠੀਕ ਹੈ ਹਜ਼ੂਰ।

ਮਹਾਰਾਜਾ: ਸਾਡੀਆਂ ਤੋਪਾਂ ਵੀ ਲਾਹੌਰੋਂ ਪੁਜਣ ਵਾਲੀਆਂ ਨੇ। ਮਜ਼ਾ ਵੀ ਜੰਗ ਦਾ, ਸ਼ੇਖ਼ ਸਾਹਿਬ, ਤਾਹੀਉਂ ਆਏਗਾ, ਜਦੋਂ ਤੋਪਾਂ ਦੇ ਟਾਕਰੇ ਤੇ ਤੋਪਾਂ ਹੋਣਗੀਆਂ, ਨਹੀਂ ਤਾਂ ਸਖ਼ਤ ਨੁਕਸਾਨ ਦਾ ਅੰਦੇਸ਼ਾ ਹੈ।

ਸ਼ੇਖ਼: ਜੀ ਹਜ਼ੂਰ, ਸਾਡੇ ਇਕ ਇਕ ਜਵਾਨ ਦੀ ਜ਼ਿੰਦਗੀ ਬੜੀ ਕੀਮਤ ਰੱਖਦੀ ਹੈ ਹਜ਼ੂਰ।

ਮਹਾਰਾਜਾ: ਬਿਲਕੁਲ ਠੀਕ। ਅਸੀਂ ਆਪਣੇ ਇਕ ਜਵਾਨ ਦਾ ਲਹੂ ਵੀ ਬੇ-ਸੁਰੇ ਡੁਲ੍ਹਿਆ ਨਹੀਂ ਵੇਖ ਸਕਦੇ।

(ਇਸ ਵੇਲੇ ਧੌਂਸਿਆਂ, ਬਿਗਲਾਂ, ਤੇ ਜੈਕਾਰਿਆਂ ਦਾ ਸ਼ੋਰ ਬੰਦ ਹੋ ਜਾਂਦਾ ਹੈ ਤੇ ਇਸ ਦੇ ਨਾਲ ਹੀ ਅਕਾਲੀ ਫੂਲਾ ਸਿੰਘ ਜੀ, ਸਣੇ ਸ਼ਹਿਜ਼ਾਦਾ ਖੜਕ ਸਿੰਘ ਦੇ ਪ੍ਰਵੇਸ਼ ਕਰਦੇ ਹਨ)

ਫੂਲਾ ਸਿੰਘ: (ਹੱਥ ਜੋੜ ਕੇ) ਮਹਾਰਾਜ, ਫੌਜਾਂ ਦਾ ਕੂਚ ਕਿਉਂ ਰੋਕ ਦਿੱਤਾ ਆਪ ਨੇ?

ਮਹਾਰਾਜਾ: ਬਾਬਾ ਜੀ, ਹੁਣੇ ਹੁਣੇ ਖ਼ਬਰ ਮਿਲੀ ਹੈ ਕਿ ਦੁਸ਼ਮਣ ਦੀ ਲਾ-ਤਾਦਾਦ ਫੌਜ ਨੌਸ਼ਹਿਰੇ ਦੇ ਮੈਦਾਨ ਵਿਚ ਪਹੁੰਚਣ ਵਾਲੀ ਹੈ।

ਫੂਲਾ ਸਿੰਘ: ਬਈ ਖਾਲਸੇ ਦੀਆਂ ਫੌਜਾਂ ਕੋਈ ਘਟ ਆ... ਤੁਰਕਾਂ ਨਾਲੋਂ। ਇਕ ਇਕ ਸਵਾ ਲੱਖ ਦੇ ਬਰਾਬਰ ਐ।

ਮਹਾਰਾਜਾ: ਪਰ ਬਾਬਾ ਜੀ, ਦੁਸ਼ਮਣ ਦੀਆਂ ੩੨ ਤੋਪਾਂ ਵੀ ਪਹੁੰਚ ਗਈਆਂ ਨੇ.... ਮੈਦਾਨਿ-ਜੰਗ ਵਿਚ।

ਫੂਲਾ ਸਿੰਘ: ਬਈ ਫੇਰ ਕੀ ਹੋਇਆ, ਖਾਲਸਾ ਉਹਨਾਂ ਤੇ ਝਪਟਾ ਮਾਰ ਕੇ ਉਹਨਾਂ ਦੇ ਮੂੰਹ ਬੰਦ ਕਰ ਦਊਗਾ।

ਮਹਾਰਾਜਾ: ਏਸੇ ਲਈ... ਹੱਲਾ ਰੋਕ ਦਿੱਤਾ ਗਿਐ। ਦੁਪਹਿਰ ਤਕ ਜਰਨੈਲ ਵੈਨਤੂਰਾ ਵੀ ਤੋਪਾਂ ਲੈ ਕੇ ਪਹੁੰਚ ਜਾਏਗਾ ...ਲਾਹੌਰੋ, ਫਿਰ ਕਰ ਲੈਣੀਆਂ ਰੀਝਾਂ ਪੂਰੀਆਂ ਦਿਲ ਦੀਆਂ....

ਫੂਲਾ ਸਿੰਘ :(ਲਾ-ਪ੍ਰਵਾਹੀ ਨਾਲ) ਚੰਗਾ ਬਈ, ਤੂੰ ਜਾਣ, ਤੇਰਾ ਕੰਮ ਜਾਣੇ, ਮਹਾਰਾਜਾ ਜੁ ਹੋਇਆ ਮੁਲਖ ਦਾ ਪਰ ਖਾਲਸਾ ਤਾਂ ਰੁਕ ਨਹੀਂ ਸਕਦਾ ਹੁਣ।

ਮਹਾਰਾਜਾ : ਬਾਬਾ ਜੀ ਕਾਹਲੇ ਨਾ ਪਉ, ਕੁਝ ਚਿਰ ਹੋਰ ਰੁਕ ਜਾਉ, ਸਿਆਣਪ ਏਸੇ ਗੱਲ' ਚ ਏ ਕਿ....

ਫੂਲਾ ਸਿੰਘ : ਨਾਂ ਭਈ, ਆਪਾਂ ਕੋਲੋਂ ਨਹੀਂ ਠਹਿਰ ਹੁੰਦਾ ਹੁਣ। ਫੌਜਾਂ ਜਦ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਚੁੱਕੀਆਂ ਹੋਣ, ਫੇਰ ਰੁਕਣ ਦਾ ਕੀ ਮਤਲਬ?

ਮਹਾਰਾਜਾ: ਬਾਬਾ ਜੀ, ਰਾਜਨੀਤੀ ਇਹੋ ਕਹਿੰਦੀ ਏ ਕਿ...

ਫੂਲਾ ਸਿੰਘ: (ਵਿਚੋਂ ਹੀ) ਮੈਂ ਕਹਿੰਦਾਂ, ਜਦ ਅਰਦਾਸਾ ਸੋਧਿਆ ਜਾ ਚੁੱਕਿਐ, ਚੜ੍ਹਾਈ ਦਾ, ਫਿਰ ਕਿਉਂ ਗੀਦੀ ਬਣ



www.AKJ.Org

ਥਣ ਬਹੀਏ ਅਸੀਂ? ......ਗੁਰੂ ਅੱਗੇ ਝੂਠੇ ਪਈਏ? ਮੌਤ ਤੋਂ ਡਰ ਕੇ ਪਿੱਛੇ ਹਟ ਜਾਈਏ?

ਮਹਾਰਾਜਾ : ਖਾਲਸਾ ਤਾਂ ਸਦਾ ਨਿਰਭੈ ਰਹਿੰਦਾ ਬਾਬਾ ਜੀ, ਪਰ ਕਦੇ ਸਮਾਂ ਟਾਲਣਾ ਵੀ ਪੈਂਦੈ। ਫਿਰ ਤੁਹਾਨੂੰ ਪਤੈ, ਅਸੀਂ ਦੁਸ਼ਮਣ ਦੇ ਘਰ ਵਿਚ ਆ ਕੇ ਲੜ ਰਹੇ ਆਂ?

ਫੂਲਾ ਸਿੰਘ : ਤੂੰ ਭਾਈ, ਜੋ ਮਰਜ਼ੀ ਪਿਆ ਸੋਚ, ਮਹਾਰਾਜਾ ਜੂ ਹੋਇਆ, ਮੁਲਖ ਦਾ.... ਆਪਾਂ ਤਾਂ ਚਲੇ ਊਂ, ਰਣ-ਤੱਤੇ ਵਿੱਚ।

ਮਹਾਰਾਜਾ : ਅਕਾਲੀ ਜੀ! ਕੁਝ ਚਿਰ ਹੋਰ ਰੁਕ ਜਾਉ, ਫਿਰ ਕਰ ਲੈਣੇ ਪੂਰੇ ਅਰਮਾਨ।

ਫੂਲਾ ਸਿੰਘ : ਨਾ ਭਈ ਨਾ, ਆਪਾਂ ਅਰਦਾਸੇ ਦੀ ਉਲੰਘਣਾ ਕਦਾ ਚਿੱਤ ਨਹੀਂ ਕਰ ਸਕਦੇ। ਖਾਲਸਾ ਤਾਂ ਇਸੀ ਪਲ ਚੜ੍ਹਾਈ ਕਰੇਗਾ, ਆਪਣੇ ਜਥੇ ਨਾਲ। ਤੇਰੀ ਮਰਜ਼ੀ, ਫੌਜਾਂ ਭੇਜ ਭਾਵੇਂ ਨਾਂ ਭੇਜ।......ਚੰਗਾ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ਊ ਸਾਡੀ। (ਅਕਾਲੀ ਫੂਲਾ ਸਿੰਘ, ਛੇਤੀ ਛੇਤੀ ਇਕ ਪਾਸੇ ਵਲ ਚਲਾ ਜਾਂਦਾ ਹੈ)

ਮਹਾਰਾਜਾ : (ਦੋਚਿਤੀ ਵਿਚ) ਅਕਾਲੀ ਫੂਲਾ ਸਿੰਘ ਕਿਥੇ ਮੰਨਦੇ ਨੇ ਸਾਡੀ ਗੱਲ?

ਖੜਕ ਸਿੰਘ : ਹਜ਼ੂਰ ਅਰਦਾਸਾ ਸੋਧਣ ਪਿਛੋਂ ਸਿੰਘਾਂ ਲਈ ਰੁਕਣਾ ਔਖਾ ਹੋ ਜਾਂਦਾ ਏ।

ਮਹਾਰਾਜਾ: ਲਉ, ਅਕਾਲੀ ਜੀ ਨੇ ਤਾਂ ਹੁਕਮ ਵੀ ਦੇ ਦਿੱਤਾ ਏ ਅਕਾਲੀਆਂ ਨੂੰ...... ਚੜ੍ਹਾਈ ਦਾ?

(ਜੈਕਾਰਿਆਂ ਅਤੇ ਧੌਂਸਿਆਂ ਨਾਲ ਸਾਰਾ ਵਾਯੂਮੰਡਲ ਗੂੰਜ ਉੱਠਦਾ ਹੈ)

......ਅਕਾਲੀ ਫੂਲਾ ਸਿੰਘ ਸਣੇ ਆਪਣੇ ਜਥੇ ਦੇ ਦਰਿਆ ਲੁੰਡੇ ਤੋਂ ਪਾਰ ਹੋਏ ਅਤੇ ਨੌਸ਼ਹਿਰੇ ਦੇ ਵਿਸ਼ਾਲ ਮੈਦਾਨਿ-ਜੰਗ ਵਲ ਵਧਣ ਲੱਗੇ ਜਿਥੇ ਤੀਹ ਹਜ਼ਾਰ ਗ਼ਾਜ਼ੀ ਲੜਨ ਮਰਨ ਲਈ ਤਿਆਰ-ਬਰ-ਤਿਆਰ, ਖ਼ਾਲਸਾ ਫੌਜ ਦੀ ਉਡੀਕ ਕਰ ਰਹੇ ਸਨ। ਨਿਹੰਗਾਂ ਦੇ ਜੱਥੇ ਨੂੰ ਧੂੜ ਉਡਾਉਂਦੇ ਤੇ ਅੱਗੇ ਵਧਦੇ ਵੇਖ ਕੇ ਗ਼ਾਜ਼ੀਆਂ ਨੇ ਆਪਣੇ ਮੋਰਚੇ ਤੋਂ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ ਪਰ ਮੌਤ ਨੂੰ ਹੱਸ ਹੱਸ ਕੇ ਗਲਵਕੜੀਆਂ ਪਾਉਣ ਵਾਲੇ, ਇਹ ਪੰਥਕ ਦੁਲਾਰੇ ਪੂਰੇ ਜੋਸ਼ ਖ਼ਰੋਸ਼ ਨਾਲ ਅਗੇ ਹੀ ਅਗੇ ਵਧਦੇ ਚਲੇ ਗਏ, ਹਾਲਾਂਕਿ ਦੁਸ਼ਮਣ ਦੀਆਂ ਗੋਲੀਆਂ ਨਾਲ, ਅਨੇਕਾਂ ਅਕਾਲੀ ਯੋਧੇ ਸ਼ਹੀਦੀਆਂ ਵੀ ਪ੍ਰਾਪਤ ਕਰ ਰਹੇ ਸਨ, ਤੇ ਫਿਰ ਅਕਾਲੀ, ਵੈਰੀ ਦੇ ਆਹਮੋ-ਸਾਹਮਣੇ ਆ ਗਏ। ਖੂਬ ਰਣ ਭੱਖਿਆ। ਪਠਾਣ ਵੀ ਪੂਰੇ ਹੌਂਸਲੇ ਨਾਲ ਜਮ ਕੇ ਲੜੇ, ਕਿਉਂਕਿ ਉਹ ਉੱਚੀ ਥਾਂ ਤੇ ਸਨ, ਅਤੇ ਅਕਾਲੀਆਂ ਦਾ ਜੱਥਾ ਮੈਦਾਨ ਵਿਚ ਸੀ। ਯੁੱਧ ਨੂੰ ਇਉਂ ਭੱਖਿਆ ਵੇਖ ਸੁਣ ਕੇ, ਅੰਤ ਮਹਾਰਾਜਾ ਸਾਹਿਬ ਪਾਸੋਂ ਵੀ ਨਾ ਰਿਹਾ ਗਿਆ, ਉਹਨਾਂ ਦੇ ਖੂਨ ਨੇ ਵੀ ਜੋਸ਼ ਖਾਧਾ। ਤੇ ਫਿਰ ਉਹਨਾਂ ਨੇ ਵੀ ਸਮੁੱਚੀ ਖਾਲਸਾ ਫੌਜ ਨੂੰ ਦਰਿਆ ਲੁੰਡਾ ਪਾਰ ਕਰ ਕੇ ਯੁੱਧ ਮਚਾਉਣ ਲਈ ਹੁਕਮ ਦੇ ਦਿੱਤੇ। ਬਸ, ਯੁੱਧ ਦਾ ਹੁਕਮ ਸੁਣਦਿਆਂ ਸਾਰ ਹੀ ਖਾਲਸੇ ਨੂੰ ਚਾਅ ਚੜ੍ਹ ਗਏ, ਤੇ ਫੇਰ ਉਹ ਸਰਪਟ ਘੋੜੇ ਦੁੜਾਉਂਦੇ ਹੋਏ, ਵੈਰੀ ਦਲਾਂ ਤੇ ਭੁੱਖੇ ਸ਼ੇਰਾਂ ਵਾਂਗ ਟੁੱਟ ਪਏ, ਜਿੱਦਾਂ ਅਸਮਾਨੀ ਬਿਜਲੀ ਕੜਕਦੀ ਹੈ। ਹਰ ਤਰਫ ਸ਼ਮਸ਼ੀਰਾਂ ਕੜਕ ਰਹੀਆਂ ਸਨ। ਮਹਾਰਾਜਾ ਸਾਹਿਬ ਦੇ ਹੁਕਮ ਅਨੁਸਾਰ , ਖਾਲਸਾ ਫੌਜ ਦੇ ਇਕ ਜੱਥੇ ਨੇ ਲਹਿੰਦੇ ਵਾਲੇ ਪਾਸਿਉਂ ਅਤੇ ਦੂਜੇ ਨੇ ਸਾਹਮਣੇ ਵਾਲੇ ਪਾਸਿਉਂ ਹਮਲਾ ਕੀਤਾ। ਪਰ ਦੁਸ਼ਮਣ ਚੂੰਕਿ ਪਹਾੜੀਆਂ ਤੇ ਸਨ, ਇਸ ਕਰਕੇ, ਖਾਲਸਾ ਫੌਜਾਂ ਉਹਨਾਂ ਨੂੰ ਖਦੇੜ ਨਾ ਸਕੀਆਂ। ਮਹਾਰਾਜਾ ਸਾਹਿਬ ਨੇ ਜਰਨੈਲ ਇਲਾਰਡ ਨੂੰ ਆਪਣੇ ਰਸਾਲੇ ਨਾਲ ਲਹਿੰਦੇ ਪਾਸਿਉਂ ਦੁਸ਼ਮਣ ਨੂੰ ਖਦੇੜਣ ਦਾ ਹੁਕਮ ਦਿੱਤਾ ਪਰੰਤੂ ਸਫਲਤਾ ਨਾ ਮਿਲ ਸਕੀ। ਦੁਪਹਿਰ ਤਕ, ਦੋਹਾਂ ਪਾਸਿਆਂ ਵਲੋਂ ਜਮ ਕੇ ਲੜਾਈ ਹੁੰਦੀ ਰਹੀ, ਪਠਾਣ ਵੀ ਬੜੀ ਜਵਾਂ-ਮਰਦੀ ਨਾਲ, ਖਾਲਸਈ ਫੌਜਾਂ ਦਾ ਟਾਕਰਾ ਕਰਦੇ ਰਹੇ। ਅਕਾਲੀ ਫੂਲਾ ਸਿੰਘ ਨੇ ਆਪਣੇ ਜੱਥੇ ਦੇ ਅਕਾਲੀ ਸਿੰਘਾਂ ਨੂੰ ਹੁਕਮ ਦਿੱਤਾ, ਕਿ ਉਹ ਆਪਣੇ ਘੋੜੇ ਤਿਆਗ ਦੇਣ ਤੇ ਪਠਾਣਾਂ ਨੂੰ ਖਾਲਸਈ ਤਲਵਾਰ ਦੇ ਜੌਹਰ ਵਿਖਾਣ। ਬਸ ਅਕਾਲੀ ਪੈਦਲ ਹੋ ਕੇ ਪਠਾਣਾਂ ਨਾਲ ਇੰਜ ਗੁੱਥਮ ਗੁੱਥਾ ਹੋ ਗਏ ਕਿ ਆਪਣੇ ਪਰਾਏ ਦੀ ਪਛਾਣ ਜਾਂਦੀ ਰਹੀ। ਖ਼ਾਲਸੇ ਨੇ ਖ਼ੂਬ ਕਟਾ ਵੱਢ ਕੀਤੀ। ਇਤਨੇ ਨੂੰ ਅਕਾਲੀ ਫੂਲਾ ਸਿੰਘ ਨੂੰ ਇਕ ਗੋਲੀ ਲੱਗੀ ਜੋ ਉਹਨਾਂ ਦੇ ਗੋਡੇ ਨੂੰ ਛੂਹ ਕੇ ਘੋੜੇ ਦੇ ਪੇਟ ਵਿਚ ਜਾ ਲੱਗੀ ਤੇ ਆਪ ਜੀ ਦਾ ਘੋੜਾ ਦਮ ਤੋੜ ਗਿਆ। ਆਪ ਫੌਰੀ ਹਾਥੀ ਤੇ ਸਵਾਰ ਹੋ ਗਏ ਅਤੇ ਆਪ ਨੇ ਅਕਾਲੀ ਸਿੰਘਾਂ ਨੂੰ ਵੰਗਾਰ ਕੇ ਕਿਹਾ :-

ਕਲਗੀਧਰ ਦੇ ਲਾਡਲੇ ਸਿੰਘੋ ਦੁਸ਼ਮਣ ਨੂੰ ਇਉਂ ਕੁਤਰ ਸੁੱਟੋ ਜਿਦਾਂ ਜੱਟ ਪੱਠੇ ਕੁਤਰਦਾ ਹੈ। ਅਜਿਹਾ ਸਬਕ ਦਿਉ ਕਿ ਇਹ ਖਾਲਸੇ ਸਾਹਵੇਂ ਸਿਰ ਉੱਚਾ ਨਾ ਚੁੱਕ ਸਕਣ ਤੇ ਇਹਨਾ ਦੀਆਂ ਨਸਲਾਂ ਵੀ ਯਾਦ ਰੱਖਣ ਕਿ ਖਾਲਸੇ ਨਾਲ ਕਿਦਾਂ ਆਢਾ ਲਾਈਦਾ ਹੈ, ਦਿਲ ਖੋਹਲ ਕੇ ਗੱਫੇ ਬਖ਼ਸ਼ੋ। ਉਹ ਵੇਖੋ! ਕਲਗੀਧਰ ਸੱਚੇ ਪਾਤਸ਼ਾਹ, ਸ਼ਹੀਦਾਂ ਦੀ ਫੌਜ ਲੈ ਕੇ, ਤੁਹਾਡੀ ਮਦਦ ਤੇ ਆਏ ਨੇ। ਅੱਜ ਤੁਸਾਂ ਨੌਸ਼ਹਿਰੇ ਦੀ ਰਣ-ਭੂਮੀ ਵਿਚ ਸੂਰਮਗਤੀ ਦੀਆਂ ਨਵੀਆਂ ਮਿਸਾਲਾਂ ਕਾਇਮ ਕਰਨੀਆਂ ਨੇ.... ਏਸ ਲਈ ਗਲ ਪੈ ਜਾਉ ਇਹਨਾਂ ਦੇ, ਗਲ ਪੈ ਜਾਉ ਏਹਨਾਂ ਦੇ.....।

......ਤੇ ਬਾਬਾ ਫੂਲਾ ਸਿੰਘ ਅਕਾਲੀ ਦੀਆਂ ਦੋ ਚਾਰ ਗੱਲਾਂ ਨੇ ਹੀ ਅਕਾਲੀਆਂ ਤੇ ਅਜਿਹਾ ਅਸਰ ਕੀਤਾ ਕਿ ਉਹ ਅਗੇ ਨਾਲੋਂ ਵੀ ਵੱਧ ਚੜ੍ਹ ਕੇ ਸ਼ਮਸ਼ੇਰ-ਜ਼ਨੀ ਦੇ ਜੌਹਰ ਵਿਖਾਉਣ ਲੱਗੇ ਸ਼ਹਿਜ਼ਾਦਾ ਖੜਕ ਸਿੰਘ ਤੇ ਸ: ਹਰੀ ਸਿੰਘ ਨਲਵੇ ਦੀਆਂ ਫੌਜਾਂ ਨੇ ਵੀ ਵੱਧ ਚੜ੍ਹ ਕੇ ਦੁਸ਼ਮਣ ਦੇ ਆਹੂ ਲਾਹੇ ਤੇ ਇਲਾਰਡ ਦਾ ਰਿਸਾਲਾ ਵੀ ਧਮਾਲ ਪਾਉਣ ਲੱਗਾ। ਤੇ ਫਿਰ ਮਹਾਰਾਜਾ ਸਾਹਿਬ ਨੇ, ਜੋ ਜੰਗ ਦੇ ਰੰਗ ਨੂੰ ਬੜੀ ਨੀਝ ਤੇ ਸੂਝ ਬੂਝ ਨਾਲ ਦੇਖ ਰਹੇ ਸਨ। ਗੋਰਖਿਆਂ ਦੀ ਰੈਜਮੈਂਟ ਦੇ ਸਰਦਾਰ,



www.AKJ.Org

ਬੱਲ ਬਹਾਦਰ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਪਹਾੜੀਆਂ ਦੇ ਪਿਛਲੇ ਪਾਸਿਉਂ ਜਾ ਕੇ ਹੱਲਾ ਕਰੇ ਤੇ ਉਹਨਾਂ ਵਿਚ ਭਗਦੜ ਮਚਾ ਦੇਵੇ। ਜਰਨੈਲ ਵੈਂਤੂਰਾ ਜੋ ਕਿ ਤੋਪਾਂ ਲੈ ਕੇ ਮੈਦਾਨਿ-ਜੰਗ ਵਿਚ ਪਹੁੰਚ ਚੁੱਕਾ ਸੀ, ਨੂੰ ਵੀ ਮਹਾਰਾਜਾ ਸਾਹਿਬ ਨੇ ਪੇਸ਼ਗੀ ਭੇਜ ਦਿੱਤਾ, ਤਾਂ ਜੋ ਮੁਹੰਮਦ ਅਜ਼ੀਮ ਖ਼ਾਂ ਦੀ ਪੇਸ਼ ਕਦਮੀ ਨੂੰ ਠਲ੍ਹ ਪਾਈ ਜਾ ਸਕੇ, ਤੇ ਇੰਜ ਮੁਹੰਮਦ ਅਜ਼ੀਮ ਖ਼ਾਂ ਦਾ ਨੌਸ਼ਹਿਰੇ ਦੀ ਰਣਭੂਮੀ ਵਿਚ ਪਹੁੰਚਣਾ ਨਾ-ਕਾਮ ਬਣਾ ਦਿੱਤਾ। ਇਧਰ ਜੰਗ ਦਾ ਇਹ ਹਾਲ ਸੀ ਕਿ ਅਕਾਲੀਆਂ ਨੇ ਪਠਾਣਾਂ ਨੂੰ ਗਾਜਰਾਂ ਮੂਲੀਆਂ ਵਾਂਗ ਕੁਤਰ ਸੁੱਟਿਆ। ਉਹਨਾਂ ਦਾ ਜੋਸ਼ ਠਲ੍ਹਿਆਂ ਨਹੀਂ ਸੀ ਠੱਲ੍ਹੀਂਦਾ। ਅਨੇਕਾਂ ਬਾਂਕੇ ਪਠਾਣ ਮੌਤ ਦੀ ਗੋਦੀ ਵਿਚ ਜਾ ਸੁੱਤੇ ਪਰ ਉਹ ਪਿਸ਼ਾਵਰ ਨੂੰ ਮੁੜ ਪ੍ਰਾਪਤ ਨਾ ਕਰ ਸਕੇ। ਪਿਸ਼ਾਵਰ, ਜੋ ਕਦੇ ਦੇਸ਼ ਹਿੰਦੁਸਤਾਨ ਦਾ ਅਨਿੱਖੜਵਾਂ ਭਾਗ ਸੀ, ਜਿਸ ਦੀ ਮੁੜ ਪ੍ਰਾਪਤੀ ਲਈ ਖ਼ਾਲਸੇ ਨੇ ਸਿਰਧੜ ਦੀ ਬਾਜ਼ੀ ਲਾ ਰੱਖੀ ਸੀ। ਤੇ ਇੰਜ ਪਠਾਣ ਬੜੀ ਸੂਰਬੀਰਤਾ ਨਾਲ ਲੋਹਾ ਲੈਂਦੇ ਹੋਏ ਅੰਤ ਸ਼ਾਮਾਂ ਢਲਣ ਸਮੇਂ ਮੈਦਾਨ ਛੱਡ ਕੇ ਭੱਜਣੇ ਸ਼ੁਰੂ ਹੋ ਗਏ। ਉਹ ਸਮਝ ਚੁੱਕੇ ਸਨ ਕਿ ਉਹਨਾਂ ਲਈ, ਖ਼ਾਲਸੇ ਦੀ ਸ਼ਮਸ਼ੀਰ ਅੱਗੇ ਹੋਰ ਡਟਣਾ ਮੁਸ਼ਕਿਲ ਹੈ। ਪਰ ਅਕਾਲੀ ਫੂਲਾ ਸਿੰਘ ਨੇ, ਹਾਥੀ ਦੇ ਹੁੱਦੇ ਵਿਚ ਹੀ ਤਲਵਾਰ ਲਹਿਰਾ ਕੇ ਸਿੰਘਾਂ ਨੂੰ ਇਉਂ ਲਲਕਾਰਿਆ :-

ਖਾਲਸਾ ਜੀ! ਵੈਰੀ ਨੂੰ ਘੇਰ ਘੇਰ ਕੇ ਮਾਰੋ, ਨੱਸਣ ਨਾ ਪਾਏ।.....ਤੇ ਇੰਜ ਤਲਵਾਰ ਚਲਦੀ ਰਹੀ। ਅਕਾਲੀ ਫੂਲਾ ਸਿੰਘ ਵੀ ਹਾਥੀ ਹੋਰ ਅੱਗੇ ਵਧਾ ਲਿਆਏ। ਇਸੇ ਪਲ, ਦੁਸ਼ਮਣ ਦੀਆਂ ਗੋਲੀਆਂਦੀ ਵਾਛੜ ਨੇ ਅਕਾਲੀ ਫੂਲਾ ਸਿੰਘ ਨੂੰ ਜ਼ਖਮੀ ਕਰ ਦਿੱਤਾ ਤੇ ਮਹਾਵਤ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਚੜ੍ਹਾਈ ਕਰ ਗਿਆ। ਝੱਟ ਇਕ ਹੋਰ ਸਿੰਘ ਮਹਾਵਤ ਦੀ ਥਾਂ ਆਣ ਬੈਠਾ ਤੇ ਹਾਥੀ ਨੂੰ ਅਗਾਂਹ ਤੋਰਨ ਲੱਗਾ, ਤੇ ਇੰਜ ਇਕ ਹੋਰ ਗੋਲੀ ਅਕਾਲੀ ਫੂਲਾ ਸਿੰਘ ਨੂੰ ਛਾਤੀ ਵਿਚ ਲੱਗੀ ਅਤੇ ਉਹ ਫਤਿਹ ਬੁਲਾ ਕੇ, ਹਾਥੀ ਦੇ ਹੁੱਦੇ ਵਿਚ ਹੀ ਡਿੱਗ ਪਏ। ਤੇ ਇੰਜ ਨੌਸ਼ਹਿਰੇ ਵਿਚ ਖਾਲਸੇ ਨੇ ਵਿਜੈ ਪ੍ਰਾਪਤ ਕੀਤੀ, ਜਦ ਕਿ ਦੁਸ਼ਮਣ ਫੌਜਾਂ ਸਿਰ ਤੇ ਪੈਰ ਰੱਖ ਕੇ, ਮੈਦਾਨ ਖਾਲੀ ਕਰ ਗਈਆਂ।

ਇਸ ਜੰਗ ਦਾ ਅੱਖੀਂ ਡਿੱਠਾ ਹਾਲ, ਮੁੱਲਾਂ ਰਸ਼ੀਦ, ਜੋ ਕਿ ਖੁਦ ਇਸ ਜੰਗ ਵਿਚ ਲੜਿਆ, ਅਤੇ ਜਿਸ ਨੇ ਭੱਜ ਕੇ ਆਪਣੀ ਜਾਨ ਬਚਾਈ ਸੀ, ਪਸ਼ਤੋ ਜ਼ੁਬਾਨ ਵਿਚ ਲਿਖੇ ਆਪਣੇ ਇਕ ਗੀਤ ਵਿਚ ਇਉਂ ਬਿਆਨ ਕਰਦਾ ਹੈ:-

ਕਿ ਵੀਰਵਾਰ ਤੇ ਸ਼ੁਕਰਵਾਰ ਦੀ ਰਾਤ ਸੀ, ਕਿ ਨੌਸ਼ਹਿਰੇ ਦੀ ਪਹਾੜੀ ਤੇ ਸਰਦਾਰ ਮਹਾਰਾਜਾ ਰਣਜੀਤ ਸਿੰਘ ਤੇ ਗ਼ਾਜ਼ੀਆਂ ਵਿਚਕਾਰ ਯੁੱਧ ਭਖਿਆ। ਸਿੰਘਾਂ ਦੇ ਨਗਾਰਿਆਂ ਤੇ ਤੋਪਾਂ ਨਾਲ ਅਕਾਸ਼ ਪਾਟਦਾ ਸੀ। ਗ਼ਾਜ਼ੀ ਆਪਣੇ ਵਲੋਂ ਬੜੀ ਮਰਦਾਨਗੀ ਨਾਲ ਲੜੇ ਪਰ ਦਿਨ ਢਲਦਿਆਂ ਹੀ ਗ਼ਾਜ਼ੀਆਂ ਨੂੰ ਸ਼ਿਕਸਤ ਹੋ ਗਈ ਤੇ ਭਾਜੜ ਸਮੇਂ ਡਾਢੀ ਹਾਹਾਕਾਰ ਮੱਚੀ। ਜਿਧਰ ਕਿਸੇ ਦਾ ਮੂੰਹ ਆਇਆ, ਭੱਜ ਪਿਆ। ਐ ਖੁਦਾ ਐਸੇ ਭਿਆਨਕ ਦਿਨ ਤੋਂ ਬਚਾਈਂ। ਅੱਜ ਮਹਾਰਾਜਾ ਰਣਜੀਤ ਸਿੰਘ ਨੂੰ ਖ਼ੁਦਾ ਨੇ ਇਕਬਾਲ ਬਖ਼ਸ਼ਿਆ ਹੈ। ਮੈਂ ਤੇ ਆਖਦਾ ਹਾਂ ਕਿ ਇਹਨਾਂ ਸਿੰਘਾਂ ਵਲ ਖ਼ੁਦਾ ਦੀ ਨਜ਼ਰ ਸੁਵੱਲੀ ਹੈ ਜੋ ਇਹਨਾ ਨੂੰ ਫ਼ਤਿਹ ਨਸੀਬ ਹੋਈ ਹੈ। ਮੁਲਖਈਏ ਫਿਰ ਜਾਨ ਬਖ਼ਸ਼ੀ ਲਈ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਪ੍ਰੇਸ਼ ਹੋਏ ਹਨ, ਜੋ ਮਹਾਰਾਜਾ ਸਾਹਿਬ ਨੇ ਰਹਿਮ ਦਿਲੀ ਦਿਖਾ ਕੇ ਸਭ ਦੇ ਕਸੂਰ ਮਾਫ਼ ਕਰ ਦਿੱਤੇ ਹਨ। ਐ ਮੇਰੇ ਮੁਲਕ ਦੇ ਲੋਕੋ ਇਹ ਗੱਲ ਚੇਤੇ ਰੱਖਣੀ ਕਿ ਸਿੰਘਾਂ ਨਾਲ ਲੜਿਆਂ ਪੂਰੀ ਨਹੀਂ ਜੇ ਪੈਣੀ। ਇਸ ਲਈ ਬਿਹਤਰ ਇਹੋ ਹੈ ਕਿ ਤੁਸੀਂ ਅਮਨ ਅਮਾਨ ਨਾਲ ਗੁਜ਼ਰ ਕਰੋ। ਖ਼ਾਲਸਾ ਤਾਂ ਸਾਰਾ ਹੀ ਤਲਵਾਰ ਚਲਾਉਣ ਵਿਚ ਮਾਹਿਰ ਹੈ ਪਰ ਇਹ ਨਿਹੰਗ (ਅਕਾਲੀ) ਸਭ ਤੋਂ ਵਧੀਕ ਹਨ।

.......ਇਉਂ ਧਰਮੀ ਯੋਧਾ ਬਾਬਾ ਫੂਲਾ ਸਿੰਘ ਜੀ 'ਅਕਾਲ਼ੀ' ਦੀ ਬਲਵਾਨ ਆਤਮਾ, ਸਿੱਖ ਧਰਮ ਵਿਚ ਅਰਦਾਸ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾ ਕੇ, ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿਚ ਜਾ ਬਿਰਾਜੀ। ਇਹ ਫਤਿਹ, ਜਿਥੇ ਪਠਾਣਾਂ ਦੇ ਦਿਲਾਂ ਉਤੇ ਖ਼ਾਲਸਾ ਰਾਜ ਦੀ ਧਾਂਕ ਜਮਾ ਗਈ ਸੀ, ਉਥੇ ਕੌਮ, ਇਕ ਨਿਰਮਲ, ਗੁਰਸਿੱਖੀ ਜੀਵਨ ਦੇ ਧਾਰਨੀ, ਤੇ ਅਣਖੀਲੇ ਸੂਰਮੇ ਤੋਂ ਸਦਾ ਲਈ ਮਹਿਰੂਮ ਹੋ ਗਈ। ਫਤਿਹ ਉਪਰੰਤ ਜਦੋਂ ਮਹਾਰਾਜਾ ਸਾਹਿਬ ਨੇ ਅਕਾਲੀ ਜੀ ਦੀ ਪਵਿੱਤਰ ਦੇਹ ਦੇ ਦਰਸ਼ਨ ਕੀਤੇ ਤਾਂ ਹੰਝੂ ਆਪ ਮੁਹਾਰੇ ਆਪ ਜੀ ਦੇ ਨੇਤਰਾਂ ਚੋਂ ਵਹਿ ਤੁਰੇ ਤੇ ਉਹਨਾਂ ਨੂੰ ਮੁਲਤਾਨ ਦੀ ਫਤਿਹ ਯਕਦਮ ਯਾਦ ਆ ਗਈ, ਜਿਸ ਦੀ ਫਤਿਹ ਦਾ ਵੀ ਅਕਾਲੀ ਫੂਲਾ ਸਿੰਘ ਦੀ ਨਿਧੜਕ ਕਾਰਵਾਈ ਹੀ ਮੂਲ ਕਾਰਨ ਬਣੀ ਸੀ। ਤੇ ਫਿਰ ਅਗਲੇ ਦਿਨ, ਸਮੂਹ ਖਾਲਸਈ ਫੌਜ, ਜਵਾਨਾਂ, ਸਰਦਾਰਾਂ ਤੇ ਜਰਨੈਲਾਂ ਦੀ ਮੌਜੂਦਗੀ ਵਿਚ ਖ਼ਾਲਸਾ ਰਾਜ ਦੇ ਇਸ ਮਹਾਨ ਰਾਖੇ ਦੀ ਦੇਹ ਦਾ ਸਸਕਾਰ, ਗੁਰਮਤਿ ਅਨੁਸਾਰ, ਦਰਿਆ ਲੰਡੇ ਦੇ ਕੰਢੇ ਤੇ ਮਹਾਰਾਜਾ ਸਾਹਿਬ ਨੇ ਕਰਵਾਇਆ ਅਤੇ ਖਾਲਸਾ ਰਾਜ ਵਲੋਂ ਅੰਤਮ ਸ਼ਰਧਾਂਜਲੀ ਭੇਟ ਕੀਤੀ।

*ਗੁਰੂ ਕਾ ਸਿੱਖ ਮਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ ਜੰਤ੍ਰ, ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਤਰਪਨ, ਗਾਯਤ੍ਰੀ, ਕਿਤੇ ਵਲ ਚਿੱਤ ਦੇਵੈ ਨਾਹੀਂ।*

(ਰਹਿਤਨਾਮਾ ਭਾਈ ਦਯਾ ਸਿੰਘ ਜੀ)

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾ ਮਨ ਨੈਕ ਨ ਆਨੈ।*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ,ਗੋਰ, ਮੜ੍ਹੀ, ਮਟ ਭੂਲ ਨ ਮਾਨੈ।*



www.AKJ.Org

# ਆਗੈ ਸਮਝ ਚਲਹੁ ਨੰਦ ਲਾਲਾ

ਭਾਈ ਰਾਮ ਸਿੰਘ ਗੁਰਵਜੰਡ (ਇੰਗਲੈਂਡ)

[ਕੱਲ੍ਹ ਨੂੰ ਕੀ ਹੋਣਾ ਹੈ, ਇਹ ਤੇ ਕਰਤਾ-ਪੁਰਖ ਵਾਹਿਗੁਰੂ ਹੀ ਜਾਣਦਾ ਹੈ। ਸਾਨੂੰ ਭਵਿੱਖ ਵੱਲ ਝਾਕਣ ਦੀ ਬਜਾਏ ਵਰਤਮਾਨ ਵਿੱਚ ਆਪਣੇ ਜੀਵਨ ਮਨੋਰਥ ਦੀ ਪੂਰਤੀ ਵਾਸਤੇ ਸਤਿਗੁਰੂ ਦੇ ਇਨ੍ਹਾ ਬਚਨਾਂ ਨੂੰ ਹਰ ਵੇਲੇ ਧਿਆਨ ਵਿੱਚ ਰੱਖਣਾ ਚਾਹੀਦਾ ਹੈ:-

**ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥** (ਪੰਨਾ ੧੧੮੫)

-ਸੰਪਾਦਕ]

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥ ਇਸ ਮੁਖਵਾਕ ਅਨੁਸਾਰ ਗੁਰੂ ਗਰੰਥ ਸਾਹਿਬ ਜੀ ਦੀ ਸਾਰੀ ਬਾਣੀ ਧੁਰੋਂ ਆਈ, ਭਾਵ ਵਾਹਿਗੁਰੂ ਜੀ ਦੇ ਦਰੋਂ ਗੁਰੂ ਸਾਹਿਬਾਨ ਦੇ ਮੁਖਾਰ ਬਿੰਦ ਰਾਹੀਂ ਅਵਤਰੀ ਹੈ। ਇਸ ਵਿੱਚ ਕਈ ਗੁਹਜ ਗੱਲਾ ਦਰਸਾਈਆਂ ਗਈਆਂ ਹਨ, ਜਿਹਨਾਂ ਦਾ ਆਮ ਸਮਝ ਵਿਚ ਆਉਣਾ ਕਠਿਨ ਹੈ ਤੇ ਕਈ ਗੱਲਾਂ ਸਾਫ਼ ਸਾਫ਼ ਦਰਸਾਈਆਂ ਗਈਆਂ ਹਨ, ਜਿਵੇਂ ਲੱਖਾਂ ਹੀ ਅਕਾਸ਼, ਪਤਾਲ, ਚੰਦ, ਸੂਰਜ, ਜੀਵ-ਜੰਤੂ, ਬੋਲੀਆਂ ਆਦਿ ਤੇ ਕਿਵੇਂ ਸਭ ਤੋਂ ਪਹਿਲਾਂ ਪ੍ਰਮਾਤਮਾ ਨੇ ਗੈਸ, ਹਵਾ, ਪ੍ਰਾਣੀ ਤੋਂ ਜੀਵ ਜੰਤੂ ਆਦਿ ਦੀ ਉਤਪਤੀ ਕੀਤੀ।

ਗੁਰੂ ਸਾਹਿਬਾਨ ਨੇ ਪ੍ਰਮਾਤਮਾ ਤੋਂ ਵਿਛੜੀਆਂ ਰੂਹਾਂ ਨੂੰ ਫਿਰ ਪ੍ਰਮਾਤਮਾ ਨਾਲ ਅਭੇਦ ਕਰਨ ਤੇ ਜੋੜਨ ਦੇ ਉਦੇਸ਼ ਨੂੰ ਮੁੱਖ ਰੱਖ ਕੇ, ਜੋ ਕਿ ਪ੍ਰਮਾਤਮਾ ਨੂੰ ਭਾਉਂਦਾ ਹੈ, ਜ਼ਿਆਦਾ ਤਰ ਪ੍ਰਮਾਰਥ ਦੀਆਂ ਗੱਲਾਂ ਫੁਰਮਾਈਆਂ ਗਈਆਂ ਹਨ। ਪਰ ਪ੍ਰਮਾਤਮਾ ਨਾਲ ਇਕਮਿਕ ਹੋਣ ਲਈ, ਇਕ ਘਾਹੀ ਤੋਂ ਲੈ ਕੇ ਰਾਜੇ ਤੱਕ ਨੂੰ ਸੱਚਾ-ਸੁੱਚਾ ਤੇ ਸੁੱਚਜਾ ਜੀਵਨ ਜਿਉਣ ਦੀ ਜਾਂਚ ਵੀ ਦੱਸੀ ਹੈ ਤਾਂ ਕਿ ਘਾਹੀ ਵਰਗੇ ਮੁਰਦਿਆਂ ਵਾਂਗ ਜੀਵਨ ਨਾ ਜਿਉਣ ਤੇ ਜ਼ਾਬਰ ਵਲੋਂ ਹੋਏ ਜ਼ੁਲਮ ਨੂੰ ਧੌਣ ਨੀਵੀਂ ਕਰਕੇ ਨਾ ਸਵੀਕਾਰ ਕਰੀ ਜਾਣ ਅਤੇ ਹਾਕਮ, ਹੱਥ ਵਿਚ ਆਈ ਤਾਕਤ ਦੀ ਗਲਤ ਵਰਤੋਂ ਕਰਕੇ, ਜਾਬਰ ਬਣਕੇ ਨਰਕਾਂ ਦੇ ਅਧਿਕਾਰੀ ਨਾ ਬਣੀ ਜਾਣ। ਗੁਰੂ ਸਾਹਿਬ ਵਲੋ ਜ਼ਾਲਮ ਹਾਕਮਾਂ ਨੂੰ ਕਸਾਈ ਕਹਿਕੇ ਉਨਾਂ ਨੂੰ ਬਹੁਤ ਵੱਡੇ ਪਾਪ ਤੋਂ ਰੋਕਣ ਦਾ ਇਸ਼ਾਰਾ ਸੀ, ਜੋ ਕਈਆਂ ਨੇ ਤਾਂ ਸਮਝਿਆ ਪਰ ਕਈਆਂ ਨੇ ਇਸ ਦੀ ਪ੍ਰਵਾਹ ਨਾ ਕਰਦੇ ਹੋਏ,ਆਪਹੁਦਰੀ ਤੇ ਜ਼ੁਲਮ ਕਰਕੇ ਖਾਨਦਾਨਾਂ ਦੇ ਖਾਨਦਾਨ ਜਿਥੇ ਹੋਰਨਾਂ ਦੇ ਬਰਬਾਦ ਕੀਤੇ, ਉਥੇ ਆਪਣੇ ਵੀ ਇਸ ਤਰਾਂ ਹੀ ਬਰਬਾਦ ਕਰਵਾਏ । ਇਸ ਵਿਚ ਸਿਆਣਪ ਜਾਂ ਤਹਿਜ਼ੀਬ ਕਾਹਦੀ ਹੋਈ, ਕਿਸੇ ਨੂੰ ਵੀ ਖਤਮ ਕਰ ਦਿਉ ਤੇ ਆਪ ਵੀ ਖਤਮ ਹੋ ਜਾਉ। ਕਿਉਂ ਨਹੀਂ ਗੁਰੂ ਸਾਹਿਬਾਨ ਦੇ ਸਰਬੱਤ ਦੇ ਭਲੇ ਵਾਲੀ, 'ਜੀਓ ਅਤੇ ਜੀਊਣ ਦਿਓ' ਅਟੱਲ ਸਚਾਈ ਵਾਲੀ ਗੱਲ ਤੇ ਪਹਿਰਾ ਦਿੱਤਾ ਜਾਂਦਾ।

ਜਿਥੇ ਗੁਰੂ ਸਾਹਿਬਾਨ ਨੇ ਸੰਸਾਰੀ ਜੀਵਾਂ ਨੂੰ ਦੁਨੀਆਂ ਵਿੱਚ ਪ੍ਰੇਮ ਪਿਆਰ [illegible] ਸੱਚੇ ਸੁੱਚੇ ਜੀਵਨ ਜੀਉਣ ਦੀ ਪੱਟੀ ਪੜ੍ਹਾਈ, [illegible] ਸ਼ਾਇਦ, ਜੋ ਪ੍ਰਮਾਤਮਾ ਦੇ ਦੁਆਰੇ ਜੀਵਾਂ [illegible] ਦੇ [illegible] ਅਨੁਸਾਰ ਬੀਤਦਾ ਹੈ, ਉਹ ਵੀ ਅੱਖੀਂ [illegible] ਦਰਸਾਇਆ ਹੈ। ਭਾਵ ਕਿਵੇਂ ਭਲਾ ਜੀਵਨ ਜੀਉਂਦੇ ਹੋਏ , ਪ੍ਰਮਾਤਮਾ ਦੀ ਯਾਦ ਵਿੱਚ ਲੀਨ ਬੰਦਾ ਇਸ ਦੁਨੀਆਂ ਦੀ ਯਾਤਰਾ ਸਫਲ ਕਰਕੇ ਪ੍ਰਮਾਤਮਾ ਦੇ ਦੁਆਰੇ ਨੂੰ ਬਿਨਾਂ ਰੋਕ ਟੋਕ ਪਧਾਰਦਾ ਤੇ ਵਾਹਿਗੁਰੂ ਦੇ ਚਰਨ ਕਮਲਾਂ ਦੀ ਸਦੀਵੀ ਮਉਜ ਮਾਣਦਾ ਹੈ-

ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥
ਕਰਿ ਮਜਨੁ ਹਰਿ ਸਰੇ ਸਭਿ ਕਿਲ ਬਿਖ ਨਾਸੁ ਮਨਾ ॥
ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥
ਜਨਮ ਮਰਣੁ ਨਾ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥

(ਪੰਨਾ ੫੪੫)

ਅਤੇ ਇਸ ਦੇ ਉਲਟ ਕਪਟੀ ਜ਼ਾਲਮ ਪਾਪੀ ਆਦਿ ਬੰਦੇ ਨਾਲ ਕੀ ਬੀਤਦਾ ਹੈ-

'ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗਬਾਰ ॥'

ਇਹ ਕਿਉਂ? ਕਿਉਂਕਿ, ਜਿਹਨਾਂ ਪੰਜਾਂ ਦੂਤਾਂ ਕਾਮ, ਕਰੋਧ ਆਦਿ ਦੇ ਵੱਸ ਹੋ ਕੇ ਇਹ ਪਾਪ ਕਪਟ ਜ਼ੁਲਮ ਆਦਿ ਕੀਤੇ, ਉਨ੍ਹਾਂ ਦੂਤਾਂ ਨੇ ਅੰਤ ਦੇ ਵੇਲੇ ਜਮ ਦਾ ਡੰਡ ਲੱਗਦੇ ਸਾਰ ਹੀ ਐਸੇ ਬੰਦੇ ਨਰਕ ਘੋਰ ਵਿੱਚ ਸੁੱਟਕੇ ਆਪ ਭੱਜ ਜਾਣਾ ਹੈ-

ਸ੍ਰੀ ਰਾਮ ਨਾਮਾ ਉਚਰੁ ਮਨਾ ॥
ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥
.....ਢਾਹਿ ਮੜੋਲੀ ਲੂਟਿਆ ਦੇਹੁਰਾ
ਸਾ ਧਨ ਪਕੜੀ ਏਕ ਜਨਾ ॥
ਜਮ ਡੰਡਾ ਗਲਿ ਸੰਗਲੁ ਪੜਿਆ
ਭਾਗਿ ਗਏ ਸੇ ਪੰਚ ਜਨਾ ॥
ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ
ਲੁੜੇਨਿ ਸੁ ਖਾਧਾਤਾ ॥.....
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥

(ਪੰਨਾ-੧੫੫)

ਗੁਰੂ ਸਾਹਿਬਾਨ ਆਪਣੇ ਸਰਬੱਤ ਦੇ ਭਲੇ ਦੇ ਉਦੇਸ਼ ਅਨੁਸਾਰ, ਸਗਲ ਮਨੁੱਖੀ ਜਾਤੀ ਨੂੰ, ਨੇਕ ਜੀਵਨ ਦਾ ਉਪਦੇਸ਼ ਦਿੰਦਿਆਂ ਇਹ ਦਰਸਾ ਦਿੱਤਾ ਹੈ ਕਿ ਨੇਕ ਜੀਵਨੀ ਵਾਲਾ ਪ੍ਰਾਣੀ ਮੁੜ ਜੂਨਾਂ ਵਿੱਚ ਪੈਣ ਦੀ ਥਾਂ ਪ੍ਰਮਾਤਮਾ ਦੇ ਚਰਨ ਕਮਲਾਂ ਵਿੱਚ ਨਿਵਾਸ ਲਵੇਗਾ, ਪਰ ਉਸ ਦੇ ਉਲਟ ਜਾਬਰ ਪਾਪੀ ਕਪਟੀ ਪਾਖੰਡੀ ਆਦਿ ਕਿਵੇਂ ਨਰਕਾਂ ਵਿੱਚ ਸੰਗਲਾਂ ਨਾਲ ਜਕੜ ਕੇ ਸਦੀਵੀ ਜਮਾਂ ਦੀ ਮਾਰ ਦਾ ਸ਼ਿਕਾਰ ਬਣੇ ਰਹਿਣਗੇ ਤੇ ਇਸਤਰੀ , ਬੱਚੇ , ਗੁੱਟ ਜਾਂ ਪਾਰਟੀ ਜਿਸ ਲਈ ਇਹ ਸਭ ਕਪਟ ਆਦਿ ਕੀਤੇ, ਕੋਈ ਸਹਾਇਤਾ ਨਹੀਂ ਕਰ ਸਕਣਗੇ। ਗੁਰੂ ਸਾਹਿਬਾਨ ਅਤੇ ਦੂਜੇ



www.AKJ.Org

ਆਪਣਾ ਕੰਮ ਕਰਦੇ ਹੋਇਆਂ, ਜੀਊਣ ਦੀ ਜਾਚ ਦੱਸੀ। ਇਹਨਾਂ ਭਲੇ ਉਪਦੇਸ਼ਾਂ ਦੇ ਨਾਲ ਨਾਲ ਸਾਨੂੰ ਇਤਿਹਾਸ ਵਿਚ ਹੋਰ ਵੀ ਪੇਸ਼ੀਨਗੋਈਆਂ ਆਦਿ ਕਰਨ ਵਾਲੇ ਬਜ਼ੁਰਗ ਤੇ ਜੋਤਸ਼ੀ ਆਦਿ ਮਿਲਦੇ ਹਨ, ਜਿਹਨਾਂ ਨੇ ਭਵਿਖ ਵਿਚ ਹੋਣ ਵਾਲੀਆਂ ਗੱਲਾਂ ਦੱਸੀਆਂ ਹਨ । ਇਹਨਾਂ ਭਵਿਖ ਦੀਆਂ ਗੱਲਾਂ ਵਿੱਚ ਵੀ ਉਹਨਾਂ ਨੇਕ ਰੂਹਾਂ ਦਾ ਇਸ਼ਾਰਾ ਉਨ੍ਹਾਂ ਆਉਣ ਵਾਲੀਆਂ ਭਿਆਨਕ ਘਟਨਾਵਾਂ ਤੋਂ ਬਚਣ ਲਈ ਹੁੰਦਾ ਹੈ, .. ਸ਼ੁਭ ਕੰਮ ਕਰਕੇ ਤੇ ਪ੍ਰਮਾਤਮਾ ਦੀ ਯਾਦ ਤੇ ਉਸ ਅੱਗੇ ਅਰਦਾਸ ਕਰਕੇ।

ਪਰ ਜਾਪਦਾ ਇਸ ਤਰਾਂ ਹੈ ਕਿ, ਕੁਦਰਤੀ ਖੇਲ ਹੀ ਐਸੀ ਹੁੰਦੀ ਹੈ ਕਿ ਉਹ ਪਹਿਲਾਂ ਦੱਸੀਆਂ ਜਾਂ ਨਾਂ ਦੱਸੀਆਂ ਵਾਰਦਾਤਾਂ ਵਾਪਰਕੇ ਹੀ ਰਹਿਣੀਆਂ ਹੁੰਦੀਆਂ ਹਨ।ਉਸ ਸਮੇਂ ਤਾਕਤ ਹੀ ਐਸੇ ਬੰਦਿਆਂ ਦੇ ਹੱਥ ਆ ਜਾਂਦੀ ਹੈ, ਜਿਹਨਾਂ ਨੂੰ ਉਨ੍ਹਾਂ ਦੀ ਹਾਊਮੈ ਨੇਕ ਕੰਮਾਂ ਵੱਲ ਧਿਆਨ ਹੀ ਨਹਹੀਂ ਧਰਨ ਦਿੰਦੀ ਤੇ ਉਨ੍ਹਾਂ ਦੇ ਸਲਾਹਕਾਰ ਵੀ ਉਨ੍ਹਾਂ ਨਾਲੋਂ ਕਈ ਗੁਣਾ ਹੋਰ ਹਉਮੈ ਆਦਿ ਦੇ ਭਾਰ ਨਾਲ ਲੱਦੇ ਹੁੰਦੇ ਹਨ ਭਾਵੇਂ-

'ਹਉਮੈ ਕਰਮ ਕਮਾਵਦੇ ਜਮ ਡੰਡ ਲਗੈ ਤਿਨ ਆਇ ॥'

ਮੁਖਵਾਕ ਅਨੁਸਾਰ ਅੰਤ ਜਮਾਂ ਦੇ ਵੱਸ ਹੀ ਪੈਣਾ ਪਵੇ। ਅਸਲ ਵਿੱਚ ਇਹ ਗੱਲ ਤਾਂ ਉਨ੍ਹਾਂ ਦੇ ਖਿਆਲ ਵਿੱਚ ਹੀ ਨਹੀਂ ਹੁੰਦੀ, ਤਾਹੀਉਂ ਤਾਂ ਉਹ ਸਿਆਸਤ ਨੂੰ ਧਰਮ ਨਾਲੋਂ ਵੱਖ ਕਰਨ ਲਈ ਸਾਰਾ ਜ਼ੋਰ ਲਾ ਦਿੰਦੇ ਹਨ। ਉਸਦਾ ਸਿੱਟਾ ਗੁਰੂ ਸਾਹਿਬ ਦੇ ਵਾਕ ਅਨੁਸਾਰ- "ਧਰਮ ਬਿਨਾ ਸਭ ਦਲੇ ਮਲੇ ਹੈਂ" ਹੀ ਹੋਣਾ ਹੋਇਆ, ਭਾਵ ਦੁਨੀਆਂ ਤੇ ਜ਼ੁਲਮ ਤੇ ਜ਼ਾਲਮ ਲਈ ਨਰਕ ਕੁੰਡ। ਧਰਮ ਹੀ ਤਾਂ ਰਾਜੇ ਨੂੰ-

-ਰਾਜੇ ਚੁਲੀ ਨਿਆਵ ਕੀ॥ (ਪੰਨਾ -੧੨੪੦)

-ਸਾਚਿ ਸੀਲਿ ਚਾਲਹੁ ਸੁਲਤਾਨ॥ (ਪੰਨਾ-੧੧੬੬)

ਇਹੋ ਸ਼ੁਭ ਉਪਦੇਸ਼ ਦੇ ਕੇ ਸਹੀ ਰਸਤੇ ਤੇ ਚਲਾਉਂਦਾ ਹੈ ਪਰ ਧਰਮ ਤੋਂ ਸੱਖਣਾ ਕੋਈ ਬੰਦਾ ਜਾ ਹੁਕਮਰਾਨ ਮਨ ਮਰਜ਼ੀ ਰਾਹੀਂ ਜਾਇਜ਼, ਨਜਾਇਜ਼ ਤਰੀਕੇ ਵਰਤਕੇ, ਜਬਰ ਜ਼ੁਲਮ ਕਪਟ ਆਦਿ ਕਰੇ ਜਿਥੇ ਅਧਰਮੀ ਪਾਪੀ ਆਦਿ ਬਣਕੇ ਆਪ ਖੱਡੇ ਵਿੱਚ ਡਿਗਣ ਦਾ ਅਧਿਕਾਰੀ ਬਣਦਾ ਹੈ, ਉਥੇ ਮਜ਼ਲੂਮਾਂ ਨੂੰ ਹਰ ਪੱਖੋਂ ਤੰਗ ਕਰਕੇ ਦੁਨਿਆਵੀ ਦੁੱਖ ਦਿੰਦਾ ਹੈ, ਉਥੇ ਉਨ੍ਹਾਂ ਨੂੰ ਧਰਮ ਤੋਂ ਵੱਖ ਕਰਕੇ ਉਨ੍ਹਾਂ ਨੂੰ ਵੀ ਨਰਕਾਂ ਦਾ ਅਧਿਕਾਰੀ ਬਣਾਉਂਦਾ ਹੈ।

ਅੱਜ ਕਲ ਕਿਸੇ ਵੀ ਮੁਲਕ ਵੱਲ ਨਜ਼ਰ ਮਾਰਕੇ ਦੇਖਿਆ ਜਾਵੇ ਤਾਂ ਸਾਫ ਨਜ਼ਰ ਆਉਂਦਾ ਹੈ ਕਿ, ਕਿਸੇ ਨਾ ਕਿਸੇ ਤਰਾਂ ਲੋਕਾਂ ਤੇ ਜ਼ੁਲਮ ਹੋ ਰਿਹਾ ਹੈ। ਜ਼ੁਲਮ, ਪਾਪ, ਕਤਲ, ਨਸ਼ਿਆਂ ਦੀ ਵਰਤੋਂ ਤੇ ਇਹਨਾਂ ਰਾਹੀਂ ਵਿਭਚਾਰ, ਮਾਸੂਮ ਗੁਟਾਰਾਂ ਦੇ ਕਤਲ, ਪਰਾਏ ਹੱਕਾਂ ਤੇ ਛਾਪੇ, ਚੋਰੀ , ਠੱਗੀ, ਹਰ ਤਰਾਂ ਦੀ ਗੁੰਡਾ ਗਰਦੀ ਆਦਿ ਹਰ ਥਾਂ ਖੁੰਬਾਂ ਵਾਂਗ ਉਗ ਰਹ ਹਨ ਤੇ ਦਿਨੋ ਦਿਨ ਜ਼ੋਰ ਫੜ ਰਹੇ ਹਨ ਭਾਵੇਂ ਹਰ ਸਰਕਾਰ ਦਿਖਾਵੇ ਲਈ, ਇਨ੍ਹਾਂ ਦੇ ਰੋਕ ਥਾਮ ਲਈ ਉਪਰਾਲੇ ਕਰ ਰਹੀ ਨਜ਼ਰ ਆ ਰਹੀ ਹੈ, ਪਰ ਕਿਉਂ ਕਿ ਇਨ੍ਹਾਂ ਉਪਰਾਲਿਆਂ ਵਿੱਚ ਧਰਮ ਦੀ ਲੇਸ ਨਹੀਂ ਇਸ ਲਈ ਸਫਲਤਾ ਦੀ ਥਾਂ ਹਰ ਬੁਰਿਆਈ ਜੋਰ ਫੜ ਰਹੀ ਹੈ। ਜੇ ਕੋਈ ਧਰਮੀ ਬੰਦਾ ਚਰਚ ਆਦਿ ਵਲੋਂ ਕੋਈ ਠੋਸ ਕਦਮ ਉਠਾਣ ਲਈ ਸਲਾਹ ਦਿੰਦਾ ਹੈ ਤਾਂ ਉਸ ਨੂੰ ਇਹ ਕਹਿਕੇ ਚੁੱਪ ਕਰਾ ਦਿੱਤਾ ਜਾਂਦਾ ਹੈ ਕਿ ਇਹ ਤੁਹਾਡਾ ਖੇਤਰ ਨਹੀਂ। ਆਖਰ ਭਲੇ ਕੰਮ ਲਈ ਤਾਂ ਧਰਮੀ ਬੰਦੇ ਨੇ ਕਹਿਣਾ ਹੈ ਭਾਵੇਂ ਉਸ ਨੂੰ ਤੱਤੀ ਤਵੀ ਤੇ ਬਿਠਾ ਦਿੱਤਾ ਜਾਵੇ ਜਾਂ ਦੁਫਾੜ ਕੀਤਾ ਜਾਵੇ ਜਾਂ ਤੋਪ ਨਾਲ ਉਡਾ ਦਿੱਤਾ ਜਾਵੇ।

ਸੋ ਅਸਲੀ ਗੱਲ ਇਹ ਹੈ ਕਿ ਜਦ ਤੱਕ ਭੈੜੀ ਚੀਜ਼ ਆਦਿ ਦੀ ਜੜ੍ਹ ਨਹੀਂ ਪੁੱਟੀ ਜਾਂਦੀ , ਸਿਰਫ ਉਪਰੋਂ ਉਪਰੋਂ ਛਾਂਗੀ ਜਾਂਦੀ ਹੈ , ਤਦ ਤੱਕ ਛਾਂਗੀ ਹੋਈ ਚੀਜ਼ ਕਈ ਹੋਰ ਸ਼ਾਖਾਂ ਲੈ ਕੇ ਅੱਗੇ ਪਲਮਦੀ ਹੈ। ਕਿਉਂ ਨਹੀਂ ਅਮੀਰ ਮੁਲਕ ਥੋੜ੍ਹੇ ਜਿਹੇ ਧਰਮੀ ਬਣਕੇ, ਵਾਧੂ ਅਨਾਜ, ਦੁੱਧ, ਘੀ ਦੇ ਜ਼ਖੀਰਿਆਂ ਨੂੰ ਸਮੁੰਦਰ ਵਿੱਚ ਸੁਟਣ ਦੀ ਥਾਂ ਉਨ੍ਹਾਂ ਗਰੀਬ ਮੁਲਕਾਂ ਨੂੰ ਸਸਤੇ ਭਾਅ ਦੇ ਦਿੰਦੇ, ਜਿਹੜੇ ਮੁਲਕ ਇਹ ਚੀਜ਼ਾਂ ਮਹਿੰਗੇ ਭਾਅ ਲੈਣ ਲਈ ਚਰਸ, ਅਫੀਮ, ਡੋਡੇ, ਭੰਗ,ਤੰਬਾਕੂ ਆਦਿ ਪੈਦਾ ਕਰਕੇ ਬਹੁਤ ਕੁਝ ਇਨ੍ਹਾਂ ਮੁਲਕਾਂ ਨੂੰ ਭੇਜ ਕੇ ਇਥੇ ਬੰਦਿਆਂ ਨੂੰ ਨਸ਼ਈ ਤੇ ਬਦਮਾਸ਼ ਬਣਾਉਂਦੇ ਹਨ, ਉਥੇ ਆਪ ਵੀ ਉਨਾਂ ਦੀ ਵਰਤੋਂ ਕਰਕੇ, ਜੀਉਂਦੇ ਜੀ ਨਰਕਾਂ ਦੇ ਵਾਸੀ ਬਣਦੇ ਹਨ। ਇਹਨਾਂ ਭੈੜੀਆਂ ਚੀਜਾਂ ਦੀ ਪੈਦਾਵਾਰ ਤੇ ਸ਼ਰਾਬ ਆਦਿ ਬਨਾਉਣ ਦਾ ਧੰਦਾ ਬੰਦ ਕਰਕੇ ਭਾਵ ਇਨਾਂ ਭੈੜੀਆਂ ਚੀਜ਼ਾਂ ਨੂੰ ਜੜ੍ਹੋਂ ਵੱਢਕੇ ਹੀ ਬੁਰਾਈਆਂ ਦਾ ਅਸਲੀ ਰੂਪ ਵਿੱਚ ਖਾਤਮਾ ਕੀਤਾ ਜਾ ਸਕਦਾ ਹੈ, ਨਹੀਂ ਤਾਂ ਬੁਰਾਈਆਂ ਕਰਦੇ ਹੋਏ ਵੀ ਅਸੀਂ ਪ੍ਰਮਾਤਮਾ ਦੇ ਕਹਿਰ ਤੋਂ ਬਰੀ ਨਹੀਂ ਹੋ ਸਕਦੇ।

ਕੀ ਇਨ੍ਹਾਂ ਬੁਰਾਈਆਂ ਆਦਿ ਨੂੰ ਜੜ੍ਹੋਂ ਪੁੱਟਣ ਲਈ ਕਦੀ ਸਿਆਣਪ ਵਰਤੀ ਜਾਇਗੀ? ਜਾਪਦਾ ਹੈ ਕਿ ਨਹੀਂ। ਕਿਉਂ ਕਿ ਕਿਸੇ ਮਹਾਂਪੁਰਸ਼ ਦੀ ਪੇਸ਼ੀਨਗੋਈ ਗਲਤ ਨਹੀਂ ਹੋ ਸਕਦੀ। ਅੱਜ ਤੋਂ ਕੋਈ 500 ਸਾਲ ਤੋਂ ਕੁੱਝ ਉਪਰ ਸਮੇਂ ਦੀ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਫਰਾਂਸ ਵਿੱਚ ਨੌਸਟਰਾਡੇਮਸ ਦਾ ਇਕ ਮਹਾਂ ਪੁਰਸ਼ ਹੋਇਆ ਹੈ। ਉਸਨੂੰ ਪ੍ਰਮਾਤਮਾ ਨੇ ਏਨੀ ਸੋਝੀ ਬਖਸ਼ੀ ਹੋਈ ਸੀ ਕਿ ਉਹ ਹਜ਼ਾਰਾਂ ਸਾਲ ਬਾਅਦ ਹੋਣ ਤੇ ਵਾਪਰਨ ਵਾਲੀਆਂ ਗੱਲਾਂ ਦੱਸਦਾ ਸੀ। ਪਹਿਲਾਂ ਉਸ ਦੇ ਚਿੱਤ ਵਿੱਚ ਆਈ ਕਿ ਇਹ ਗੱਲਾਂ ਉਹ ਨਾ ਲਿਖੇ, ਲੋਕੀ ਐਵੇਂ ਉਸ ਨੂੰ ਸਿਰ ਫਿਰਿਆ, ਕਾਫਰ ਆਦਿ ਕਹਿਣਗੇ। ਪਰ ਉਹ ਲਿਖਦਾ ਹੈ ਕਿ ਉਸ ਦੇ ਕੋਲ ਭਵਿੱਖ ਦੀਆਂ ਗੱਲਾਂ ਦਾ ਇਤਨਾ ਵੱਡਾ ਖਜ਼ਾਨਾ ਹੋਣ ਕਰਕੇ,ਉਸ ਨੇ ਮਨ ਬਣਾ ਲਿਆ ਕਿ ਉਹ ਜਰੂਰ ਇਹ ਸਭ ਕੁੱਝ ਇਕ ਵੱਡੀ ਕਿਤਾਬ ਦੀ ਸ਼ਕਲ ਵਿੱਚ ਲਿਖ ਦੇਵੇਗਾ।



www.AKJ.Org

ਸੋ ਉਸ ਨੇ ਸਭ ਕੁੱਝ ਲਿਖ ਦਿੱਤਾ। ਬਹੁਤਾ ਉਸ ਨੇ ਫਰਾਂਸ ਦੀਆਂ ਗੱਲਾਂ ਬਾਰੇ ਲਿਖਿਆ ਹੈ ਜੋ ਬਿਲਕੁਲ ਸੱਚੀਆਂ ਹੋਈਆਂ ਹਨ ਤੇ ਹੋ ਰਹੀਆਂ ਹਨ।

ਹੋਰ ਗੱਲਾਂ ਛੱਡਕੇ ਉਸ ਦੀ ਇਕ ਗੱਲ ਹੀ ਇਸ ਸਮੇਂ ਬਹੁਤ ਢੁੱਕਵੀਂ ਹੈ, ਜਿਸ ਦੇ ਚਿੰਨ੍ਹ ਇਸ ਵੇਲੇ ਬੜੇ ਜ਼ੋਰਾਂ ਤੇ ਉਭਰ ਕੇ ਸਾਹਮਣੇ ਆ ਰਹੇ ਹਨ। ਉਹ ਲਿਖਦਾ ਹੈ ਕਿ 1999 ਦੇ ਸਾਲ ਵਿੱਚ 23 ਨਵੰਬਰ ਤੋਂ 21 ਦਸੰਬਰ ਦੇ ਦਰਮਿਆਨ ਰੱਬੀ ਕਰੋਪੀ ਇਤਨੀ ਹੋਵੇਗੀ ਕਿ ਥਾਂ-ਥਾਂ ਭੂਚਾਲ, ਹੜ੍ਹ, ਤੂਫਾਨ ਆਉਣਗੇ ਤੇ ਪਲੇਗ, ਹੋਰ ਬੀਮਾਰੀਆਂ ਤੇ ਸਾੜ ਫੂਕ ਆਦਿ ਬਹੁਤ ਹੋਵੇਗੀ ਅਤੇ ਮਿਲਟਰੀ ਦੇ ਹੱਥੋਂ ਬਹੁਤ ਹੀ ਲੋਕ ਮਾਰੇ ਜਾਣਗੇ।

ਇਹ ਕਿਤਾਬ ਫਰੈਂਚ ਵਿੱਚ ਲਿਖੀ ਹੋਈ ਹੈ, ਜਿਸ ਅੰਗਰੇਜ਼ ਨੇ ਇਸ ਦਾ ਉਲੱਥਾ ਅੰਗਰੇਜ਼ੀ ਵਿੱਚ ਕੀਤਾ ਹੈ, ਉਹ ਬਹੁਤ ਸੋਹਣਾ ਲਿਖਦਾ ਹੈ ਕਿ ਕੀ ਇਹ ਆਪਣੇ ਆਪ ਨੂੰ ਬਹੁਤ ਸਿਆਣੇ ਤੇ ਸਭਿਯ ਕਹਾਉਣ ਵਾਲੀ ਸ਼੍ਰੇਣੀ ਇਸ ਕਹਿਰ ਤੋਂ ਬਚਣ ਦਾ ਕੋਈ ਉਪਾਓ ਕਰੇਗੀ? ਭਾਵ ਥਾਂ-ਥਾਂ ਜਿਹੜੇ ਭਵਿੱਖ ਦੇ ਮਾਲਕਾਂ ਨੌਜਵਾਨਾਂ ਤੇ ਆਪਣੇ ਹੱਕ ਮੰਗ ਰਿਹਾਂ ਨੂੰ ਹਊਏ ਅੱਤਿਵਾਦੀ ਕਹਿਕੇ ਕੋਹ-ਕੋਹ ਮਾਰਨ ਦੀ ਥਾਂ 'ਕੀ ਇਹ ਹੁਕਮਰਾਨ ਸ਼੍ਰੇਣੀ ਆਪਣੀ ਹਿਟਲਰ ਵਾਲੀ ਹੈਂਕੜ ਨੂੰ ਛੱਡਕੇ ਉਨਾਂ ਨਾਲ ਗੱਲ ਬਾਤ ਕਰਕੇ ਹਰ ਤਰ੍ਹਾਂ ਦੀਆਂ ਉਲਝਣਾਂ ਨੂੰ ਨਜਿੱਠਣ ਦਾ ਯਤਨ ਕਰੇਗੀ ਤੇ ਰੱਬੀ ਕਰੋਪੀ ਨੂੰ ਰੋਕਣ ਦੀ ਕੋਸ਼ਿਸ਼ ਕਰੇਗੀ? ਪਰ ਲੱਗਦਾ ਹੈ, ਇਹਨਾਂ ਨੇ ਹੈਂਕੜ ਵੀ ਨਹੀਂ ਛੱਡਣੀ ਤੇ ਆਪਣੇ ਆਪ ਨੂੰ ਸਭਿਯ ਵੀ ਕਹੀ ਜਾਣਾ ਹੈ ਅਤੇ ਉਹ ਭਵਿੱਖ ਵਿੱਚ ਵਰਤਣ ਵਾਲੀਆਂ ਗੱਲਾਂ ਜਿਹਨਾਂ ਲਈ ਸਿਰਫ 4 ਸਾਲ ਰਹਿੰਦੇ ਹਨ, ਆਪਣੇ ਆਪ ਹੋਣ ਦੇਣੀਆਂ ਹਨ। ਇਹ ਢਹਿੰਦੀ ਕਲਾ ਦਾ ਕੋਈ ਡਰਾਵਾ ਨਹੀਂ, ਇਹ ਵਰਤਮਾਨ ਸਮੇਂ ਦੇ ਦੁਨੀਆਂ ਭਰ ਦੇ ਹੁਕਮਰਾਨਾਂ ਲਈ ਇਕ ਵੰਗਾਰ ਹੈ। ਅਸਲੀ ਮਹਿਨਿਆਂ ਵਿੱਚ ਸਭਿਯ ਤੇ ਸੁਘੜ ਬਣਕੇ ਕੁੱਝ ਕਰਨ ਲਈ,--ਬਾਅਦ ਵਿੱਚ ਪਛਤਾਉਣ ਨਾਲ ਕੁਛ ਬਣਨਾ ਨਹੀਂ।

੧੯੯੯ ਵਿੱਚ ਫੈਲਣ ਵਾਲੀ ਜ਼ਹਿਰ ਦੇ ਬੂਟੇ ਨੇ ਆਪਣਾ ਜਨਮ ਲਿਆ ਹੋਇਆ ਹੈ। ਕੀ ਉਸ ਬੂਟੇ ਨੂੰ ਹੁਣ ਹੀ ਜੜ੍ਹੋਂ ਪੁੱਟਣਾ ਹੈ ਜਾਂ ਕਿ ਉਸ ਨੂੰ ਫੱਲਦਾਰ ਹੋਣ ਦੇਣਾ ਹੈ? ਇਹ ਅੱਜ ਸਾਰੀ ਦੁਨੀਆਂ ਦੇ ਹੁਕਮਰਾਨਾਂ ਨੂੰ ਲਲਕਾਰ ਤੇ ਵੰਗਾਰ ਹੈ, ਜਿਸ ਨੂੰ ਇਹ ਸਵੀਕਾਰ ਕਰਦੇ ਨਜ਼ਰ ਨਹੀਂ ਆਉਂਦੇ ? ਕਉਂ ਕਿ ਧਰਮ ਦੇ ਤਾਂ ਇਹ ਪ੍ਰਛਾਵੇਂ ਹੇਠ ਵੀ ਨਹੀਂ ਆਉਣਾ ਚਾਹੁੰਦੇ। ਖੈਰ ਆਗੈ ਸਮਝਣਾ ਕਿ ਨਹੀਂ ਇਹ ਇਨਾਂ ਤੇ ਛੱਡਿਆ ਜਾਂਦਾ ਹੈ। ◊◊◊◊◊◊◊◊◊

> ਐਸਾ ਜਗੁ ਦੇਖਿਆ ਜੁਆਰੀ ॥
> ਸਭਿ ਸੁਖ ਮਾਗੈ ਨਾਮੁ ਬਿਸਾਰੀ ॥ (ਪੰਨਾ ੨੨੨)

(ਪੰਨਾ ੨੯ ਦੀ ਬਾਕੀ)

ਸਾਡੇ ਬਜ਼ੁਰਗਾਂ ਨੇ ਦੇਸ਼ ਅਤੇ ਧਰਮ ਦੀ ਰੱਖਿਆ ਕਰਦੇ ਹੋਏ ਸ਼ਹੀਦੀਆਂ ਪਾਈਆਂ। ਜੇ ਅਰਦਾਸੀਆ ਸਿੰਘ ਉਹਨਾਂ ਦੀਆਂ ਸ਼ਹੀਦੀਆਂ ਅਤੇ ਕੁਰਬਾਨੀਆਂ ਦਾ ਧਿਆਨ ਧਰਾਕੇ ਸਾਨੂੰ ਕੇਵਲ ਇਕ ਵਾਰੀ ਜਾਂ ਦੋ ਵਾਰੀ ਵਾਹਿਗੁਰੂ ਆਖਣ ਲਈ ਕਹਿੰਦਾ ਹੈ ਤਾਂ ਕੀ ਅਸੀਂ ਇਤਨੇ ਨਖਿੱਧ ਹੋ ਗਏ ਹਾਂ ਕਿ ਸਾਥੋਂ ਹੋਰ ਤਾਂ ਕੁਝ ਨਹੀਂ ਇਕ ਵਾਰੀ ਵਾਹਿਗੁਰੂ ਭੀ ਨਹੀਂ, ਆਖ ਹੁੰਦਾ? ਆਮ ਤੌਰ ਤੇ ਵੇਖਣ ਵਿਚ ਆਇਆ ਹੈ, ਅੱਜ ਦਾ ਪੜ੍ਹਿਆ ਲਿਖਿਆ ਨੌਜਵਾਨ ਅਤੇ ਅੱਧਖੜ੍ਹ ਉਮਰ ਦੇ ਹਰ ਵਰਗ ਦੇ ਲੋਕ ਪੂਰੀ ਅਰਦਾਸ ਵਿਚ ਰਸਮੀ ਤੌਰ ਤੇ ਖੜ੍ਹੇ ਹੁੰਦੇ ਹਨ , ਬੁੱਤ ਬਣ ਕੇ। ਉਹਨਾਂ ਦੇ ਬੁੱਲ੍ਹ ਵਾਹਿਗੁਰੂ ਵਾਹਿਗੁਰੂ ਕਹਿਣ ਲਈ ਨਹੀਂ ਖੁਲ੍ਹਦੇ । ਉਹ ਅਰਦਾਸ ਤੋਂ ਗੈਰਹਾਜ਼ਰ ਹੋ ਜਾਂਦੇ ਹਨ। ਭਲਾ ਗੈਰਹਾਜ਼ਰਾਂ ਦੀ ਭੀ ਕੋਈ ਅਰਦਾਸ ਹੁੰਦੀ ਹੈ?

ਮਾਫ਼ ਕਰਨਾ, ਸਾਨੂੰ ਅਜੇ ਅਰਦਾਸ ਵਿਚ ਖਲੋਣਾ ਤਾਂ ਇਕ ਪਾਸੇ ਰਿਹਾ, ਸਾਨੂੰ ਗੁਰੂ ਮਹਾਰਾਜ ਅਗੇ ਮੱਥਾ ਟੇਕਣ ਦਾ ਵੱਲ ਹੀ ਨਹੀਂ ਆਇਆ। ਅਸੀਂ ਮੱਥਾ ਟੇਕਣ ਵੇਲੇ ਭੀ ਗੈਰਹਾਜ਼ਰ ਹੁੰਦੇ ਹਾਂ। ਮਸਤਕ ਗੁਰਚਰਨਾਂ ਨਾਲ ਲਗਾ ਕੇ ਕਦੇ ਖੜ੍ਹੇ ਹੋ ਕੇ ਸਤਿਗੁਰਾਂ ਨੂੰ ਫਤਹ ਬੁਲਾਈ ਹੈ? ਸਾਡੇ ਪੁਰਾਤਨ ਗੁਰ ਸਿੱਖ ਮੱਥਾ ਟੇਕ ਕੇ, ਖੜ੍ਹੇ ਹੋ ਕੇ ਮਨੋਮਨ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਬੁਲਾਉਂਦੇ ਸਨ। ਫਤਹ ਬੁਲਾਉਣ ਵਿਚ ਦੋ ਵਾਰੀ ਵਾਹਿਗੁਰੂ ਆਪ ਆਖੀਦਾ ਹੈ ਅਤੇ ਦੋ ਵਾਰੀ ਅਗਲੇ ਪਾਸੋਂ ਵਾਹਿਗੁਰੂ ਸੁਣੀਦਾ ਹੈ। ਸਤਿ ਸ੍ਰੀ ਅਕਾਲ ਤਾਂ ਸਾਡਾ ਜੰਗੀ ਬੋਲਾ ਹੈ। ਅੱਜ ਅਮਨ-ਚੈਨ ਦੇ ਸਮਿਆਂ ਵਿਚ ਸਿੱਖ ਸਿੱਖ ਨੂੰ ਮਿਲਦਾ ਹੈ ਤਾਂ ਆਮਤੌਰ ਤੇ ਸਤਿਸ੍ਰੀ ਅਕਾਲ ਬੁਲਾਉਂਦਾ ਹੈ। ਫਤਹਿ ਬੁਲਾਉਣ ਦਾ ਰਿਵਾਜ ਸਾਡੇ ਅਰਦਾਸ ਤੋਂ ਗੈਰਹਾਜ਼ਰ ਵੀਰਾਂ ਭੈਣਾਂ ਨੇ ਹੌਲੀ ਹੌਲੀ ਖਤਮ ਕਰ ਦਿਤਾ ਹੈ। ਵਾਹਿਗੁਰੂ ਆਖਿਆਂ ਜੀਵਨ ਸਫਲ ਹੁੰਦਾ ਹੈ, ਇਹ ਉਪਦੇਸ਼ ਗੁਰੂ ਸਾਹਿਬ ਦੇ ਜੋ ਹੁਕਮਨਾਮੇ ਮਿਲਦੇ ਹਨ, ਉਹਨਾਂ ਵਿਚ ਦਿਤਾ ਹੋਇਆ ਹੈ।

"**ਗੁਰੂ ਗੁਰੂ ਜਪਣਾ ਜਨਮ ਸਵਰੇਗਾ।**" ਇਹ ਹੁਕਮਨਾਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ, ਡਾ. ਗੰਡਾ ਸਿੰਘ ਜਾਂ ਸ. ਸ਼ਮਸ਼ੇਰ ਸਿੰਘ ਅਸ਼ੋਕ ਵਲੋਂ ਸੰਪਾਦਿਤ ਪੁਸਤਕਾਂ ਵਿਚ ਪੜ੍ਹੇ ਜਾ ਸਕਦੇ ਹਨ।

ਇਉਂ ਅਰਦਾਸ ਵਿਚ ਜਿੱਥੇ ਸਿੱਖ ਪੰਥ ਦੇ ਹਰ ਮੈਂਬਰ ਨੂੰ ਦਸਾਂ ਪਾਤਸ਼ਾਹੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਫਲ ਪਾਠ ਦਰਸ਼ਨ ਦੀਦਾਰੇ ਕਰਦੇ ਹੋਏ, ਜਾਂ ਸ਼ਹੀਦਾਂ ਸਿੰਘਾਂ, ਪੰਜਾਂ ਤਖ਼ਤਾ ਦਾ ਧਿਆਨ ਧਰਾ ਕੇ ਕਈ ਵਾਰੀ ਵਾਹਿਗੁਰੂ ਵਾਹਿਗੁਰੂ ਇਸ ਲਈ ਅਖਵਾਇਆ ਜਾਂਦਾ ਹੈ ਤਾਂ ਕਿ ਅਸੀ ਸਤਿਗੁਰ ਸਾਹਿਬਾਨ ਦੇ ਬਖਸ਼ੇ ਹੋਏ ਗੁਰਮੰਤਰ ਨਾਲ ਸੁਆਸ ਸੁਆਸ ਜੁੜਨਾ ਸਿੱਖੀਏ। ਇਸੇ ਨਾਲ ਸਾਡਾ ਲੋਕ ਅਤੇ ਪਰਲੋਕ ਸਵਰੇਗਾ। ਸਿੱਖ ਨੂੰ ਆਪ ਵਾਹਿਗੁਰੂ ਵਾਹਿਗੁਰੂ ਜਪਣ ਦਾ ਹੁਕਮ ਹੈ ਅਤੇ ਹੋਰਨਾਂ ਨੂੰ ਭੀ ਜਪਣ ਦੀ ਪ੍ਰੇਰਨਾ ਦੇਣ ਦਾ ਆਦੇਸ਼ ਹੈ। ◊◊◊◊◊◊◊◊



www.AKJ.Org

## ਬਾਪੂ ਜੀ ਤੇ ਬੱਚੇ (੭)

ਵਾਹਿ..ਗੁਰੂ, ਵਾਹਿ.. ਗੁਰੂ ਕਰਦੇ, ਇੱਕ ਦੂਜੇ ਦੇ ਪਿੱਛੇ ਸਾਰੇ ਬੱਚੇ ਪੌੜੀਆਂ ਚੜ੍ਹ ਗਏ। ਕੋਠੇ ਤੇ ਪਹੁੰਚ ਕੇ ਪਿਛਲੇ ਬੱਚਿਆਂ ਨੇ ਅਗਲੇ ਬੱਚਿਆਂ ਦੇ ਮੋਢਿਆਂ ਤੇ ਹੱਥ ਰੱਖ ਲਏ ਅਤੇ ਇਸ ਤਰਾਂ ਰੇਲ ਗੱਡੀ ਬਣਾ ਕੇ ਕੋਠੇ ਤੇ ਘੁੰਮਣ ਲੱਗ ਪਏ। ਥੋਹੜੀ ਦੇਰ ਬਾਅਦ ਬਾਪੂ ਜੀ ਵੀ ਉੱਪਰ ਚੜ੍ਹ ਆਏ। ਬਾਪੂ ਜੀ ਨੂੰ ਦੇਖ ਕੇ ਬੱਚਿਆਂ ਦੀ ਰੇਲ ਗੱਡੀ ਰੁਕ ਗਈ। ਬੱਚਿਆਂ ਨੇ ਗੱਜ ਕੇ " ਬੋਲੇ ਸੋ ਨਿਹਾਲ" ਦਾ ਜੈਕਾਰਾ ਬੁਲਾਇਆ ਅਤੇ ਬਾਪੂ ਜੀ ਦੇ ਸਾਹਮਣੇ ਖਲੋ ਗਏ। ਬਾਪੂ ਜੀ ਬੱਚਿਆਂ ਨੂੰ ਵਾਹਿਗੁਰੂ ਵਾਹਿਗੁਰੂ ਕਰਦੇ ਦੇਖ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਬੱਚਿਆਂ ਨੂੰ ਮੰਜਿਆਂ ਤੇ ਬੈਠ ਜਾਣ ਲਈ ਕਿਹਾ। ਬਾਪੂ ਜੀ ਦੇ ਹੱਥ ਵਿੱਚ ਫੜੇ ਹੋਏ ਰਸਾਲੇ ਤੇ ਛਪੀ ਹੋਈ ਫੋਟੋ ਨੂੰ ਦੇਖ ਕੇ ਅੰਮ੍ਰਿਤਪਾਲ ਨੇ ਪੁੱਛਿਆ–

ਅੰਮ੍ਰਿਤਪਾਲ: ਬਾਪੂ ਜੀ! ਇਹ ਫੋਟੋ ਕਿਹਦੀ ਐ?

ਬਾਪੂ ਜੀ: ਭਾਈ ਮਤੀ ਦਾਸ ਦੀ।

ਅੰਮ੍ਰਿਤਪਾਲ: (ਫੋਟੋ ਨੂੰ ਧਿਆਨ ਨਾਲ ਦੇਖਦੇ ਹੋਇਆ) ਇਹ ਭਾਈ ਕੀ ਕਰ ਰਹੇ ਆ?

ਬਾਪੂ ਜੀ: ਆਰੇ ਨਾਲ ਚੀਰ ਰਹੇ ਹਨ ਜਿਵੇਂ ਵੱਡਾ ਲੱਕੜ ਚੀਰੀਦਾ ਹੈ।

ਅੰਮ੍ਰਿਤਪਾਲ: ਬਾਪੂ ਜੀ! ਇਹਦੇ ਖੂਨ ਨਹੀਂ ਸੀ ਨਿਕਲਿਆ?

ਬਾਪੂ ਜੀ: ਨਿਕਲਿਆ ਸੀ। (ਬੱਚਿਆਂ ਨੂੰ ਫੋਟੋ ਦਿਖਾਉਂਦੇ ਹੋਏ) ਇਹ ਦੇਖੋ! ਖੂਨ ਦੀ ਧਾਰ ਵਗ ਰਹੀ।

ਪ੍ਰਭਜੋਤ: ਬਾਪੂ ਜੀ! ਖੂਨ ਤਾਂ ਲਾਲ ਹੁੰਦਾ ਆ, ਇਹ ਦਾ ਰੰਗ ਤਾਂ ਨੀਲਾ ਆ।

ਬਾਪੂ ਜੀ: ਬੱਚੂ! ਇਹ ਫੋਟੋ ਨੀਲੇ ਰੰਗ ਵਿੱਚ ਬਣੀ ਹੋਈ ਹੈ ਜਿਸ ਕਰਕੇ ਖੂਨ ਦੀ ਧਾਰ ਨੀਲੀ ਨਜ਼ਰ ਆਉਂਦੀ ਹੈ।

ਅੰਮ੍ਰਿਤਪਾਲ: ਬਾਪੂ ਜੀ! ਭਾਈ ਮਤੀ ਦਾਸ ਨੇ ਕੀ ਕਸੂਰ ਕੀਤਾ ਸੀ ਜੋ ਆਰੇ ਨਾਲ ਚੀਰੇ ਗਏ?

ਬਾਪੂ ਜੀ: ਉਨ੍ਹਾਂ ਆਪਣਾ ਸਿੱਖ ਧਰਮ ਛੱਡ ਕੇ ਮੁਸਲਮਾਨ ਬਣਨ ਤੋਂ ਨਾਂਹ ਕਰ ਦਿੱਤੀ ਸੀ।

ਕੁਲਜੀਤ ਸਿੰਘ: ਕੀ ਕੋਈ ਜ਼ਬਰਦਸਤੀ ਵੀ ਕਿਸੇ ਦਾ ਧਰਮ ਬਦਲੀ ਕਰ ਸਕਦਾ ਹੈ?

ਬਾਪੂ ਜੀ: ਡਾਢੇ ਦਾ ਸੱਤੀ ਵੀਹੀਂ ਸੌ। ਜਿਸ ਦੇ ਹੱਥ ਹਕੂਮਤ ਹੋਵੇ, ਰੱਬ ਦਾ ਡਰ ਭਉ ਨਾ ਹੋਵੇ, ਉਹ ਜੋ ਜੀਅ ਚਾਹੇ ਕਰ ਸਕਦਾ ਹੈ। ਦਿੱਲੀ ਦਾ ਮੁਗਲ ਬਾਦਸ਼ਾਹ ਔਰੰਗਜ਼ੇਬ ਨਹੀਂ ਸੀ ਚਾਹੁੰਦਾ ਕਿ ਉਸ ਦੇ ਰਾਜ ਵਿੱਚ ਮੁਸਲਮਾਨਾਂ ਤੋਂ ਛੁੱਟ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਲੋਕ ਰਹਿਣ। ਹਕੂਮਤ ਦੇ ਜ਼ੋਰ ਨਾਲ ਉਹ ਧੜਾਧੜ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਸੀ। ਜਿਹੜਾ ਬੰਦਾ ਮੁਸਲਮਾਨ ਬਣਨ ਤੋਂ ਇਨਕਾਰੀ ਹੁੰਦਾ ਉਸ ਨੂੰ ਕਤਲ ਕਰ ਦਿੱਤਾ ਜਾਂਦਾ, ਕੋਈ ਦਾਦ ਫਰਿਆਦ ਨਾ ਸੁਣਦਾ।

ਅੰਮ੍ਰਿਤਪਾਲ: ਬਾਪੂ ਜੀ! ਭਾਈ ਮਤੀ ਦਾਸ ਨੂੰ ਕਿੱਥੋਂ ਫੜ ਕੇ ਲਿਆਂਦਾ ਸੀ ?

ਬਾਪੂ ਜੀ:ਬੱਚੂ! ਉਹ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨਾਲ ਦਿੱਲੀ ਗਏ ਸੀ।

ਪ੍ਰਭਜੋਤ: ਬਾਪੂ ਜੀ! ਉਹ ਦਿੱਲੀ ਕੀ ਕਰਨ ਗਏ ਸੀ?

ਬਾਪੂ ਜੀ: ਔਰੰਗਜ਼ੇਬ ਹਕੂਮਤ ਦੇ ਜ਼ੋਰ ਨਾਲ ਅਣਗਿਣਤ ਹਿੰਦੂਆਂ ਨੂੰ ਹਰ ਰੋਜ਼ ਮੁਸਲਮਾਨ ਬਣਾਉਂਦਾ ਸੀ। ਹਿੰਦੂਆਂ ਤੋਂ ਮੁਸਲਮਾਨ ਬਣੇ ਬੰਦਿਆਂ ਦੇ ਜਨੇਊ ਸਵਾ ਮਣ ਭਾਰ ਦੇ ਬਰਾਬਰ ਹਰ ਰੋਜ਼ ਹੋ ਜਾਇਆ ਕਰਦੇ ਸੀ। ਕਸ਼ਮੀਰੀ ਪੰਡਤਾਂ ਨੇ ਆਪਣੇ ਤੇ ਹੋ ਰਹੇ ਜ਼ੁਲਮ ਵਿਰੁੱਧ ਅਨੰਦਪੁਰ ਸਾਹਿਬ ਆ ਕੇ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਕੀਤੀ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਨੂੰ ਕਹਿ ਦੇਣ ਕਿ ਜੇ ਉਹ (ਗੁਰੂ) ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਅਸੀਂ ਸਾਰੇ ਹੀ ਮੁਸਲਮਾਨ ਬਣ ਜਾਵਾਂਗੇ। ਕਸ਼ਮੀਰੀ ਪੰਡਤਾਂ ਨੇ ਲਾਹੌਰ ਦੇ ਸੂਬੇ ਰਾਹੀਂ ਗੁਰੂ ਸਾਹਿਬ ਦੀ ਇਹ ਗੱਲ ਔਰੰਗਜ਼ੇਬ ਦੇ ਕੰਨੀ ਪਾ ਦਿੱਤੀ। ਔਰੰਗਜ਼ੇਬ ਨੇ ਇਹ ਗੱਲ ਸੁਣ ਕੇ ਗੁਰੂ ਸਾਹਿਬ ਨੂੰ ਦਿੱਲੀ ਆਉਣ ਵਾਸਤੇ ਸੁਨੇਹਾ ਭੇਜ ਦਿੱਤਾ। ਗੁਰੂ ਸਾਹਿਬ ਔਰੰਗਜ਼ੇਬ ਨਾਲ ਗੱਲ ਬਾਤ ਕਰਨ ਲਈ ਆਪਣੇ ਤਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਦਇਆਲਾ ਅਤੇ ਭਾਈ ਸਤੀ ਦਾਸ ਨੂੰ ਨਾਲ ਲੈ ਕੇ ਦਿੱਲੀ ਪੁੱਜ ਗਏ।

ਅੰਮ੍ਰਿਤਪਾਲ: ਫੇਰ ਕੀ ਹੋਇਆ?

ਬਾਪੂ ਜੀ: ਔਰੰਗਜ਼ੇਬ ਨੇ ਆਪਣੇ ਮੁਲਾਣਿਆਂ ਤੇ ਕਾਜ਼ੀਆਂ ਰਾਹੀਂ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਧਰਮ ਕਬੂਲਣ ਲਈ ਅਨੇਕ ਯਤਨ ਕੀਤੇ ਪਰ ਉਹ ਗੁਰੂ ਸਾਹਿਬ ਨੂੰ ਆਪਣੀ ਗੱਲ ਮਨਵਾਉਣ ਵਿੱਚ ਕਾਮਯਾਬ ਨਾ ਹੋਏ। ਜਦ ਗੱਲਾਂ ਰਾਹੀਂ ਉਨਾਂ ਦਾ ਕਾਰਜ ਸਿੱਧ ਨਾ ਹੋਇਆ ਤਾਂ ਔਰੰਗਜ਼ੇਬ ਨੇ ਡਰਾਉਣ ਧਮਕਾਉਣ ਦਾ ਰਾਹ ਫੜ ਲਿਆ। ਗੁਰੂ ਸਾਹਿਬ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਨਾਲ ਗਏ ਸਿੱਖਾਂ ਤੇ ਵੀ ਸਖਤੀ ਸ਼ੁਰੂ ਕਰ ਦਿੱਤੀ। ਪੁਲਸੀਏ ਭਾਈ ਮਤੀ ਦਾਸ ਨੂੰ ਹੱਥ ਕੜੀਆਂ, ਬੇੜੀਆਂ ਤੇ ਸੰਗਲਾਂ ਨਾਲ ਬੰਨ੍ਹ ਕੇ ਚਾਂਦਨੀ ਚੌਂਕ ਫਵਾਰੇ ਵਾਲੀ ਥਾਂ ਲੈ ਆਏ। ਅਣਗਿਣਤ ਲੋਕੀਂ ਇਸ ਕਹਿਰ ਭਰੇ ਦ੍ਰਿਸ਼ ਨੂੰ ਦੇਖਣ ਲਈ ਆਲੇ ਦੁਆਲੇ ਇੱਕਠੇ ਹੋ ਗਏ।

ਪ੍ਰਭਜੋਤ: ਫੇਰ ਕੀ ਬਣਿਆ ?

ਬਾਪੂ ਜੀ: ਕਾਜ਼ੀਆਂ ਨੇ ਭਾਈ ਮਤੀ ਦਾਸ ਨੂੰ ਕਿਹਾ, " ਮਤੀ ਦਾਸ! ਕਿਉਂ ਆਪਣੀ ਜਾਨ ਅਜ਼ਾਈਂ ਗੁਆਉਂਦਾ ਹੈਂ? ਕਿਉਂ ਨਹੀਂ ਮੁਸਲਮਾਨੀ ਧਰਮ ਕਬੂਲਦਾ ਤੇ ਮੌਜਾਂ ਮਾਣਦਾ ? ਜੇ ਤੂੰ ਮੁਸਲਮਾਨ ਬਣ ਜਾਵੇਂ ਤਾਂ ਹਕੂਮਤ ਵਲੋਂ


www.AKJ.Org

ਅਨੇਕ ਕਿਸਮ ਦੇ ਐਸ਼ ਤੇ ਆਰਾਮ ਦੇ ਵਸੀਲੇ ਤੈਨੂੰ ਮਿਲਣਗੇ। ਜੇ ਤੂੰ ਮੁਸਲਮਾਨ ਨਾ ਬਣੇਂਗਾ ਤਾਂ ਤੈਨੂੰ ਤਸੀਹੇ ਦੇ ਕੇ ਮਾਰਿਆ ਜਾਵੇਗਾ, ਫੱਟਿਆਂ ਵਿੱਚ ਜਕੜ ਕੇ ਤੇਰੇ ਸੀਸ ਤੇ ਆਰਾ ਚਲਾ ਕੇ ਤੈਨੂੰ ਦੋ ਫਾੜ ਕਰ ਦਿੱਤਾ ਜਾਏਗਾ।

ਬੱਚਿਓ! ਭਾਈ ਮਤੀ ਦਾਸ ਕਾਜ਼ੀਆਂ ਦੇ ਡਰਾਵਿਆਂ ਅੱਗੇ ਨਾ ਝੁਕਿਆ, ਆਪਣਾ ਸਿੱਖੀ ਧਰਮ ਛੱਡ ਕੇ ਮੁਸਲਮਾਨ ਬਣਨ ਨੂੰ ਤਿਆਰ ਨਾ ਹੋਇਆ। ਭਾਈ ਮਤੀ ਦਾਸ ਨੇ ਨਿਡਰ ਹੋ ਕੇ ਕਿਹਾ ਕਿ ਮੈਨੂੰ ਆਪਣੇ ਗੁਰੂ ਦਾ ਬਖਸ਼ਿਆ ਸਿੱਖੀ ਧਰਮ ਆਪਣੀ ਜਾਨ ਤੋਂ ਵੀ ਵੱਧ ਪਿਆਰਾ ਹੈ, ਮੈਂ ਆਪਣੇ ਧਰਮ ਤੋਂ ਸੈਂਕੜੇ ਬਹਿਸ਼ਤ ਕੁਰਬਾਨ ਕਰ ਸਕਦਾ ਹਾਂ।

ਬੱਚਿਓ! ਜਦੋਂ ਕਾਜ਼ੀਆਂ ਨੇ ਭਾਈ ਮਤੀ ਦਾਸ ਨੂੰ ਸ਼ਾਹੀ ਹੁਕਮ ਅੱਗੇ ਝੁਕਦਾ ਨਾ ਦੇਖਿਆ ਤਾਂ ਉਨ੍ਹਾਂ ਨੇ ਪੁੱਛਿਆਂ, "ਅੱਛਾ ਮਤੀ ਦਾਸ! ਮਰਨ ਤੋਂ ਪਹਿਲਾਂ ਤੇਰੀ ਕੋਈ ਆਖਰੀ ਖਾਹਿਸ਼ ਹੋਵੇ ਤਾਂ ਦੱਸ?" ਭਾਈ ਮਤੀ ਦਾਸ ਨੇ ਜਵਾਬ ਦਿੱਤਾ ਕਿ ਮੇਰਾ ਮੂੰਹ ਮੇਰੇ ਗੁਰੂ ਵੱਲ ਰੱਖਣਾ ਤਾਂ ਜੋ ਅੰਤ ਸਮੇਂ ਮੈਂ ਆਪਣੇ ਗੁਰੂ ਦੇ ਦਰਸ਼ਨ ਕਰਦਾ ਹੋਇਆ ਆਪਣਾ ਸਰੀਰ ਤਿਆਗਾਂ।

ਅੰਮ੍ਰਿਤਪਾਲ: ਫੇਰ ਕੀ ਹੋਇਆ?

ਬਾਪੂ ਜੀ: ਹੋਣਾ ਕੀ ਸੀ? ਜ਼ਾਲਮ ਜ਼ੁਲਮ ਕਰਨ ਤੇ ਤੁਲਿਆ ਹੋਇਆ ਸੀ।(ਰਸਾਲੇ ਤੇ ਛਪੀ ਫੋਟੋ ਦਿਖਾਉਂਦੇ ਹੋਏ) ਭਾਈ ਮਤੀ ਦਾਸ ਨੂੰ ਲੱਕੜ ਦੀਆਂ ਦੋ ਗੇਲੀਆਂ ਵਿੱਚ ਜਕੜ ਦਿੱਤਾ ਗਿਆ ਜਿਵੇਂ ਇਸ ਫੋਟੋ ਵਿੱਚ ਦਿਖਾਇਆ ਹੋਇਆ ਹੈ। ਦੋ ਡਰਾਉਣੀ ਸ਼ਕਲ ਵਾਲੇ ਜੱਲਾਦਾਂ ਨੇ ਭਾਈ ਮਤੀਦਾਸ ਦੇ ਸਿਰ ਤੇ ਆਰਾ ਆਣ ਟਿਕਾਇਆ। ਕਾਜ਼ੀ ਨੇ ਇਕ ਵਾਰ ਫੇਰ ਇਸਲਾਮ ਕਬੂਲਣ ਵਾਲੀ ਗੱਲ ਕਹੀ ਪਰ ਭਾਈ ਮਤੀ ਦਾਸ ਜੀ ਹੁਣ ਗੁਰੂ ਤੇਗ ਬਹਾਦਰ ਜੀ ਵਲ ਮੂੰਹ ਕਰੀ ਅਕਾਲ ਪੁਰਖ ਨਾਲ ਲਿਵ ਜੋੜੀ ਖੜ੍ਹੇ ਸਨ।

ਭਾਈ ਮਤੀ ਦਾਸ ਵਲੋਂ ਕੋਈ ਜਵਾਬ ਨਾ ਮਿਲਣ ਤੇ ਕਾਜ਼ੀ ਨੇ ਜੱਲਾਦਾਂ ਨੂੰ ਆਰਾ ਚਲਾਉਣ ਦਾ ਹੁਕਮ ਦੇ ਦਿੱਤਾ। ਭਾਈ ਮਤੀ ਦਾਸ ਦੇ ਸਿਰ ਤੇ ਆਰਾ ਚੱਲਣਾ ਸ਼ੁਰੂ ਹੋ ਗਿਆ। ਲੋਕਾਂ ਦੇ ਦੇਖਦੇ ਹੀ ਦੇਖਦੇ ਭਾਈ ਮਤੀ ਦਾਸ ਦੇ ਦੋ ਫਾੜ ਹੋ ਗਏ, ਸਰੀਰ ਵਿਚੋਂ ਨਿੱਕਲੇ ਖੂਨ ਨਾਲ ਧਰਤੀ ਲਹੂ ਲੁਹਾਣ ਹੋ ਗਈ ਪਰ ਬਿਨਾ ਕਿਸੇ ਹਾਏ ਤੋਬਾ ਅਤੇ ਚੀਖ-ਚਿਹਾੜੇ ਦੇ ਭਾਈ ਮਤੀ ਦਾਸ ਜੀ ਸ਼ਹੀਦੀ ਪਾ ਗਏ।

ਕੁਲਜੀਤ ਸਿੰਘ: ਬਾਪੂ ਜੀ! ਮੇਰਾ ਤੇ ਦਿਲ ਕੰਬ ਗਿਆ ਹੈ, ਇਨਾਂ ਜ਼ੁਲਮ! ਐਨੇ ਲੋਕਾਂ ਵਿੱਚ ਕੀ ਕਿਸ ਨੇ ਹਾਅ ਦਾ ਨਾਹਰਾ ਨਾ ਮਾਰਿਆ?

ਬਾਪੂ ਜੀ: ਹਾਅ ਦਾ ਨਾਹਰਾ ਕੌਣ ਮਾਰਦਾ? ਡਾਢਿਆਂ ਅੱਗੇ ਕਿਸ ਦਾ ਜ਼ੋਰ? ਹਰ ਕਿਸੇ ਨੂੰ ਆਪਣੀ ਜਾਨ ਪਿਆਰੀ ਹੁੰਦੀ ਹੈ, ਭਾਈ ਮਤੀ ਦਾਸ ਵਰਗੇ ਕਾਮਲ ਮਰਦ (ਪੂਰਨ ਗੁਰੂ) ਦੇ ਚੇਲੇ ਹੀ ਅੜ ਸਕਦੇ ਹਨ, ਸਤਿ ਧਰਮ ਦੀ ਖਾਤਰ ਆਪਣੀ ਜਾਨ ਵਾਰ ਸਕਦੇ ਹਨ।

ਅੰਮ੍ਰਿਤਪਾਲ: ਬਾਪੂ ਜੀ! ਬਾਕੀ ਦੋ ਸਿੱਖਾਂ ਦਾ ਕੀ ਬਣਿਆ?

ਬਾਪੂ ਜੀ: ਇਸਲਾਮ ਨਾ ਕਬੂਲਣ ਕਾਰਨ ਉਨ੍ਹਾਂ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਅੰਮ੍ਰਿਤਪਾਲ: ਉਹ ਕਿੱਦਾਂ?

ਬਾਪੂ ਜੀ: ਭਾਈ ਦਇਆਲਾ ਅਤੇ ਭਾਈ ਮਤੀ ਦਾਸ ਹੱਥਕੜੀਆਂ, ਬੇੜੀਆਂ ਤੇ ਸੰਗਲਾਂ ਵਿੱਚ ਜਕੜੇ ਹੋਏ ਭਾਈ ਮਤੀ ਦਾਸ ਨੂੰ ਸ਼ਹੀਦ ਹੁੰਦਾ ਦੇਖ ਚੁੱਕੇ ਸਨ। ਉਹ ਦੋਵੇਂ ਸਿੱਖ ਵੀ ਹਕੂਮਤ ਦੇ ਡਰਾਵਿਆਂ ਅਤੇ ਧਮਕੀਆਂ ਅੱਗੇ ਨਾ ਝੁਕੇ, ਉਨ੍ਹਾਂ ਨੇ ਵੀ ਇਸਲਾਮ ਕਬੂਲਣ ਦੀ ਬਜਾਏ ਸ਼ਹੀਦ ਹੋ ਜਾਣ ਨੂੰ ਚੰਗਾ ਸਮਝਿਆ। ਭਾਈ ਦਿਆਲਾ ਜੀ ਬਾਰੇ ਕਾਜ਼ੀਆਂ ਨੇ ਫਤਵਾ ਦਿੱਤਾ ਕਿ ਇਸ ਨੂੰ ਦੇਗ ਵਿਚ ਉਬਾਲ ਕੇ ਖ਼ਤਮ ਕਰ ਦਿੱਤਾ ਜਾਏ ਅਤੇ ਭਾਈ ਸਤੀ ਦਾਸ ਦੇ ਦੁਆਲੇ ਰੂੰ ਬੰਨ੍ਹ ਕੇ ਉਸ ਨੂੰ ਅੱਗ ਲਾ ਜਿ<sup></sup>ਾ ਜਾਏ।

ਅੰਮ੍ਰਿਤਪਾਲ: ਹਾਏ ਹਾਏ! ਏਨਾ ਜ਼ੁਲਮ?

ਬਾਪੂ ਜੀ: ਬੱਚਿਓ! ਜ਼ਾਲਮ ਦੇ ਸਿਰ ਤੇ ਜ਼ੁਲਮ ਦਾ ਭੂਤ ਸਵਾਰ ਸੀ, ਉਹ ਰੱਬ ਨੂੰ ਭੁੱਲ ਚੁੱਕਾ ਸੀ, ਉਨ੍ਹਾਂ ਨੂੰ ਰੱਬ ਦੇ ਬੰਦਿਆਂ ਵਿੱਚ ਰੱਬ ਨਜ਼ਰ ਸੀ ਆ ਰਿਹਾ।

ਕਾਜ਼ੀ ਦੇ ਫਤਵੇ ਅਨੁਸਾਰ ਜੱਲਾਦਾਂ ਨੇ ਬਹੁਤ ਵੱਡੇ ਦੇਗਚੇ (ਪਤੀਲੇ) ਵਿੱਚ ਪਾਣੀ ਪਾ ਕੇ ਭਾਈ ਦਿਆਲਾ ਜੀ ਨੂੰ ਬਿਠਾ ਦਿੱਤਾ ਅਤੇ ਹੇਠਾਂ ਚੁੱਲ੍ਹੇ ਵਿੱਚ ਅੱਗ ਬਾਲ ਦਿੱਤੀ। ਦੇਗ ਵਿੱਚ ਉੱਬਲਦੇ ਹੋਏ ਭਾਈ ਦਿਆਲਾ ਜੀ ਖਿੜੇ ਮੱਥੇ ਸ਼ਹੀਦੀ ਪਾ ਗਏ।

ਭਾਈ ਦਿਆਲਾ ਜੀ ਨੂੰ ਖਤਮ ਕਰਨ ਤੋਂ ਬਾਅਦ ਭਾਈ ਸਤੀ ਦਾਸ ਦੁਆਲੇ ਰੂੰ ਬੰਨ੍ਹ ਕੇ ਅੱਗ ਲਾ ਦਿੱਤੀ ਅਤੇ ਉਸ ਨੂੰ ਜੀਉਂਦੇ ਨੂੰ ਹੀ ਸਾੜ ਦਿੱਤਾ ਗਿਆ।

ਕੁਲਜੀਤ ਸਿੰਘ: ਗੁਰੂ ਜੀ ਤਿੰਨੋਂ ਸਿੱਖਾਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖਦੇ ਰਹੇ, ਕੀ ਉਨ੍ਹਾਂ ਨੇ ਕੁਝ ਨਾ ਕੀਤਾ?

ਅੰਮ੍ਰਿਤਪਾਲ: ਗੁਰੂ ਜੀ ਨੂੰ ਤਾਂ ਪਿੰਜਰੇ ਵਿੱਚ ਬੰਦ ਕਰ ਰੱਖਿਆ ਸੀ, ਉਹ ਕੀ ਕਰਦੇ?

ਕੁਲਜੀਤ ਸਿੰਘ: ਆਪਣੀ ਰੱਬੀ ਸ਼ਕਤੀ ਨਾਲ ਜ਼ਾਲਮਾਂ ਦਾ ਨਾਸ ਕਰ ਦਿੰਦੇ।

ਬਾਪੂ ਜੀ: ਬੱਚੂ! ਇਿਉਂ ਨਹੀਂ। ਗੁਰੂ ਸਾਹਿਬ ਰੱਬ ਦੇ ਸ਼ਰੀਕ ਨਹੀਂ ਬਣਨਾ ਚਾਹੁੰਦੇ ਸਨ, ਰੱਬੀ ਭਾਣੇ ਨੂੰ ਗੁਰੂ ਅਰਜਨ ਦੇਵ ਜੀ ਵਾਂਗ ਮਿੱਠਾ ਕਰਕੇ ਹੀ ਮੰਨਿਆ, ਅਡੋਲ ਰਹੇ, ਡੋਲੇ ਨਹੀਂ।

ਅੰਮ੍ਰਿਤਪਾਲ: ਬਾਪੂ ਜੀ! ਗੁਰੂ ਅਰਜਨ ਦੇਵ ਜੀ ਨੂੰ ਵੀ ਭਾਈ ਦਿਆਲੇ ਮਾਗੂੰ (ਵਾਂਗੂੰ) ਪਤੀਲੇ 'ਚ ਪਾਣੀ ਪਾ ਕੇ ਉਬਾਲਿਆ ਸੀ?

ਬਾਪੂ ਜੀ: ਹਾਂ! ਜਹਾਂਗੀਰ ਬਾਦਸ਼ਾਹ ਵੇਲੇ ਲਾਹੌਰ ਸ਼ਹਿਰ


www.AKJ.Org

ਵਿੱਚ ਗੁਰੂ ਅਰਜੁਨ ਦੇਵ ਜੀ ਨੂੰ ਤੱਤੀ ਲੋਹ (ਤਵੀ) ਤੇ ਬਿਠਾ ਕੇ ਉਨ੍ਹਾਂ ਦੇ ਸੀਸ ਤੇ ਗਰਮ ਰੇਤਾ ਪਾਇਆ ਗਿਆ ਸੀ ਅਤੇ ਦੇਗ ਵਿੱਚ ਆਲੂਆਂ ਵਾਂਗ ਉਬਾਲਿਆ ਗਿਆ ਸੀ।

ਪ੍ਰਭਜੋਤ: ਫੇਰ ਗੁਰੂ ਜੀ ਮਰ ਗਏ?

ਬਾਪੂ ਜੀ: ਨਹੀਂ, ਗੁਰੂ ਜੀ ਨੂੰ ਦੇਗ ਵਿੱਚ ਉਬਾਲਣ ਤੋਂ ਬਾਅਦ ਰਾਵੀ ਦਰਿਆ ਵਿੱਚ ਵਾੜ ਦਿੱਤਾ ਜਿੱਥੇ ਉਹ ਜੋਤੀ ਜੋਤਿ ਸਮਾ ਗਏ।

ਕੁਲਜੀਤ ਸਿੰਘ: ਗੁਰੂ ਜੀ ਨੇ ਕੀ ਕਸੂਰ ਕੀਤਾ ਸੀ ਜਿਸ ਬਦਲੇ ਉਨ੍ਹਾਂ ਨੂੰ ਏਨੇ ਦੁੱਖ ਸਹਿਣੇ ਪਏ?

ਬਾਪੂ ਜੀ: ਕਾਜੀਆਂ ਨੇ ਬਾਦਸ਼ਾਹ ਜਹਾਂਗੀਰ ਦੇ ਮਨ ਵਿੱਚ ਇਹ ਗੱਲ ਬਿਠਾ ਦਿੱਤੀ ਸੀ ਕਿ ਗੁਰੂ ਨਾਨਕ ਦੀ ਗੱਦੀ ਤੇ ਬੈਠਾ ਪੰਜਵਾਂ ਪੀਰ ਗੁਰੂ ਅਰਜਨ ਦੇਵ ਇਸਲਾਮ ਵਿਰੁੱਧ ਪ੍ਰਚਾਰ ਕਰ ਰਿਹਾ ਹੈ। ਸਤਿ ਧਰਮ ਦੇ ਪ੍ਰਚਾਰ ਨੂੰ ਜਹਾਂਗੀਰ ਝੂਠ ਦੀ ਦੁਕਾਨ ਸਮਝਣ ਲੱਗ ਪਿਆ ਸੀ, ਇਸ ਨੂੰ ਬੰਦ ਕਰਨ ਦਾ ਬਹਾਨਾ ਲੈ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਅੰਮ੍ਰਿਤਪਾਲ: ਗੁਰੂ ਤੇਗ ਬਹਾਦਰ ਜੀ ਨੂੰ ਵੀ ਇੱਦਾਂ ਹੀ ਕੀਤਾ?

ਬਾਪੂ ਜੀ: ਨਹੀਂ! ਜਦੋਂ ਮੁਗਲ ਹਕੂਮਤ ਦੇ ਗੁਰੂ ਜੀ ਨੂੰ ਮੁਸਲਮਾਨੀ ਧਰਮ ਵਿੱਚ ਲਿਆਉਣ ਦੇ ਸਾਰੇ ਵਲ ਛਲ ਸਿਰੇ ਨਾ ਚੜ੍ਹੇ ਤਾਂ ਗੁਰੂ ਜੀ ਨੂੰ ਚੁਰਾਹੇ ਵਿੱਚ ਖੜਾ ਕਰਕੇ ਤਲਵਾਰ ਨਾਲ ਉਨਾਂ ਦਾ ਸੀਸ ਧੜ ਨਾਲੋਂ ਜੁਦਾ ਕਰ ਦਿੱਤਾ ਗਿਆ।

ਅੰਮ੍ਰਿਤਪਾਲ: ਫੇਰ ਕੀ ਹੋਇਆ?

ਬਾਪੂ ਜੀ: ਗੁਰੂ ਜੀ ਦਾ ਸੀਸ ਧੜ ਨਾਲੋਂ ਜੁਦਾ ਹੁੰਦਿਆਂ ਹੀ ਕਾਲੀ ਬੋਲੀ ਹਨ੍ਹੇਰੀ ਝੁੱਲ ਪਈ। ਪਹਿਰੇਦਾਰਾਂ ਦੀਆਂ ਮਿੱਟੀ ਨਾਲ ਅੱਖਾਂ ਭਰ ਗਈਆਂ। ਆਲੇ ਦੁਆਲੇ ਲੋਕਾਂ ਵਿੱਚ ਖੜ੍ਹੇ ਇਕ ਸਿੱਖ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਆਪਣੀ ਬੁੱਕਲ ਵਿੱਚ ਲੈ ਕੇ ਅਨੰਦ ਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ, ਜਿੱਥੇ ਉਸ ਨੇ ਸੀਸ ਗੁਰੂ ਗੋਬਿੰਦ ਸਿੰਘ ਜੀ ਅੱਗੇ ਜਾ ਰੱਖਿਆ।

ਪ੍ਰਭਜੋਤ: ਧੜ ਉੱਥੇ ਈ ਪਿਆ ਰਿਹਾ?

ਬਾਪੂ ਜੀ: ਨਹੀਂ! ਜਿਸ ਵੇਲੇ ਗੁਰੂ ਜੀ ਨੂੰ ਚਾਂਦਨੀ ਚੌਕ ਵਿਖੇ ਸ਼ਹੀਦ ਕੀਤਾ ਟਿਆ, ਭਾਈ ਲੱਖੀ ਸ਼ਾਹ ਵਪਾਰੀ ਦਰਿਆ ਜਮਨਾ ਵਲੋਂ ਆਪਣੇ ਬੈਲ ਗੱਡਿਆਂ ਸਮੇਤ ਉਧਰੋਂ ਦੀ ਲੰਘ ਰਿਹਾ ਸੀ, ਉਸ ਨੇ ਕਾਲੀ ਹਨ੍ਹੇਰੀ ਦਾ ਫਾਇਦਾ ਉਠਾ ਕੇ ਗੁਰੂ ਜੀ ਦਾ ਧੜ ਗੱਡੇ ਤੇ ਰੱਖ ਕੇ ਢਕ ਲਿਆ ਅਤੇ ਵਾਹੋ ਦਾਹੀ ਆਪਣੇ ਘਰ ਨੂੰ ਤੁਰ ਪਿਆ। ਜਾਂਦਿਆਂ ਹੀ ਉਸ ਨੇ ਗੁਰੂ ਜੀ ਦਾ ਸਰੀਰ (ਧੜ) ਆਪਣੇ ਘਰ ਅੰਦਰ ਰੱਖ ਕੇ ਅਤੇ ਘਿਉ ਉੱਤੇ ਪਾ ਕੇ ਘਰ ਨੂੰ ਅੱਗ ਲਾ ਦਿਤੀ ਤਾਂ ਜੋ ਹਕੂਮਤ ਨੂੰ ਇਹ ਪਤਾ ਨਾ ਲਗ ਸਕੇ ਕਿ ਗੁਰੂ ਜੀ ਦਾ ਧੜ ਲੱਖੀ ਸ਼ਾਹ ਚੁੱਕ ਕੇ ਲੈ ਗਿਆ ਹੈ।

ਕੁਲਜੀਤ ਸਿੰਘ: ਲੱਖੀ ਸ਼ਾਹ ਦੀ ਏਨੀ ਕੁਰਬਾਨੀ?

ਬਾਪੂ ਜੀ: ਗੁਰੂ ਕੇ ਸਿੱਖ ਵਾਸਤੇ ਤਾਂ ਇਹ ਇੱਕ ਮਾਮੂਲੀ ਜੇਹੀ ਗੱਲ ਹੀ ਹੈ। ਆਪਣਾ ਤਨ, ਮਨ, ਧਨ ਅਰਪਨ ਕਰਨ ਸਦਕਾ ਹੀ ਅਸੀ ਗੁਰੂ ਦੇ ਸਿੱਖ ਅਖਵਾਉਂਦੇ ਹਾਂ। ਜਿਸ ਗੁਰੂ ਨੇ ਜ਼ੁਲਮ ਤੇ ਅਨਿਆਂ ਵਿਰੁੱਧ ਆਵਾਜ਼ ਉਠਾਈ, ਮਜ਼ਲੂਮਾ ਦੀ ਬਾਂਹ ਫੜੀ, ਸਤਿ-ਧਰਮ ਦੀ ਖਾਤਰ ਆਪਣਾ ਸੀਸ ਵਾਰ ਦਿੱਤਾ, ਸੀਸ ਦੀਆ ਪਰ ਸਿਰੜ ਨਾ ਛੱਡਿਆ, ਉਸ ਗੁਰੂ ਦੇ ਸਸਕਾਰ ਲਈ ਘਰ ਵੀ ਅਗਨ ਭੇਟ ਹੋ ਗਿਆ ਤਾਂ ਕੋਈ ਵੱਡੀ ਗੱਲ ਨਹੀਂ। ਲੱਖੀ ਸ਼ਾਹ ਵਰਗੇ ਸ਼ਰਧਾਲੂ ਸਿੱਖ ਲਈ ਤਾਂ ਇਹ ਇੱਕ ਮਾਮੂਲੀ ਗੱਲ ਹੀ ਸੀ। ਗੁਰੂ ਅੱਗੇ ਆਪਣਾ ਸਿਰ ਵੇਚ ਕੇ ਸਚਿਆਰ ਸਿੱਖ ਬਣੀਦਾ ਹੈ। ਨਹੀਂ ਨਹੀਂ ਆਪਣਾ ਤਨ, ਮਨ, ਧਨ ਗੁਰੂ ਨੂੰ ਸੌਂਪ ਕੇ, ਸਭ ਕੁਝ ਗੁਰੂ ਹਵਾਲੇ ਕਰਕੇ, ਆਪਣੀ "ਮੈਂ ਮੇਰੀ" ਤਿਆਗ ਕੇ, ਆਪਣੇ ਮਨ ਦੀ ਮੱਤ ਛੱਡ ਕੇ, ਬੈ-ਖ੍ਰੀਦ ਲਾਲੇ-ਗੋਲੇ ਬਣ ਕੇ, ਦਾਸਨ ਦਾਸ ਹੋ ਕੇ ਗੁਰੂ ਦੇ "ਪਿਆਰੇ" ਬਣਨ ਲਈ ਹੀ ਤਾਂ ਹੰਭਲਾ ਮਾਰੀਦਾ ਹੈ। ਲੱਖੀ ਸ਼ਾਹ ਨੇ ਵੀ ਆਪਣੇ ਗੁਰੂ ਦੇ ਸਸਕਾਰ ਤੇ ਆਪਣਾ ਘਰ ਲਾ ਦਿੱਤਾ, ਘਿਓ ਦੇ ਭਰੇ ਹੋਏ ਕੁੱਪ (ਭਾਂਡੇ) ਮੂਧੇ ਕਰ ਦਿਤੇ।

ਪ੍ਰਭਜੋਤ: ਬਾਪੂ ਜੀ, ਲੱਖੀ ਸ਼ਾਹ ਦਾ ਘਰ ਕਿੱਥੇ ਸੀ?

ਬਾਪੂ ਜੀ: ਦਿੱਲੀ ਵਿੱਚ ਜਿੱਥੇ ਅੱਜ ਕਲ ਗੁਰਦਵਾਰਾ ਰਕਾਬ-ਗੰਜ ਹੈ।

ਕੁਲਜੀਤ ਸਿੰਘ: ਜਦੋਂ ਲੱਖੀ ਸ਼ਾਹ ਨੇ ਗੁਰੂ ਸਾਹਿਬ ਦਾ ਧੜ ਚੁੱਕ ਕੇ ਗੱਡੇ ਤੇ ਰੱਖਿਆ ਤਾਂ ਸਿਪਾਹੀਆਂ ਨੂੰ ਪਤਾ ਨਾ ਲੱਗਾ?

ਬਾਪੂ ਜੀ: ਉਸ ਵੇਲੇ ਕਾਲੀ ਹਨ੍ਹੇਰੀ ਏਨੀ ਜ਼ੋਰ ਦੀ ਵਗ ਰਹੀ ਸੀ ਕਿ ਬੈਲ ਗੱਡਿਆਂ ਦੇ ਲੰਘਣ ਲਈ ਸਿਪਾਹੀ ਰਸਤਾ ਛੱਡ ਕੇ ਪਿਛਾਂਹ ਜਾ ਖੜ੍ਹੇ ਹੋ ਗਏ। ਜੇ ਇਕ ਗੱਡਾ ਹੁੰਦਾ ਤਾਂ ਗੱਲ ਹੋਰ ਸੀ, ਗੱਡਿਆਂ ਦੀ ਤਾਂ ਡਾਰ ਦੀ ਡਾਰ (ਕਤਾਰ ਦੀ ਕਤਾਰ) ਹੀ ਆ ਰਹੀ ਸੀ। ਸਿਪਾਹੀ ਤਾਂ ਅੱਖਾਂ ਮਲਦੇ ਹੀ ਰਹਿ ਗਏ।

ਕੁਲਜੀਤ ਸਿੰਘ: ਕੀ ਇਸ ਸਾਕੇ ਤੋਂ ਬਾਅਦ ਮੁਸਲਮਾਨ ਹਕੂਮਤ ਹਿੰਦੂਆ ਤੇ ਜ਼ੁਲਮ ਕਰਨੋ ਹਟ ਗਈ?

ਬਾਪੂ ਜੀ: ਨਹੀਂ।

ਕੁਲਜੀਤ ਸਿੰਘ: ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਦੀ ਕੁਰਬਾਨੀ ਦਾ ਕੀ ਅਸਰ ਹੋਇਆ?

ਬਾਪੂ ਜੀ: ਬਚਿੱਤਰ ਨਾਟਕ ਵਿੱਚ ਇਉਂ ਲਿਖਿਆ ਹੋਇਆ ਹੈ।

ਠੀਕਰਿ ਫੋਰ ਦਿਲੀਸਿ ਸਿਰਿ,ਪ੍ਰਭ ਪੁਰ ਕੀਯਾ ਪਯਾਨ।
ਤੇਗ ਬਹਾਦਰ ਸੀ ਕ੍ਰਿਆ,ਕਰੀ ਨ ਕਿਨਹੂੰ ਆਨ॥੧੫॥


www.AKJ.Org

ਤੇਗ ਬਹਾਦਰ ਕੇ ਚਲਤ,ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ,ਜੈ ਜੈ ਜੈ ਸੁਰ ਲੋਕ॥੧੬॥

ਕੁਲਜੀਤ ਸਿੰਘ: ਇਸ ਦਾ ਕੀ ਅਰਥ ਆ?

ਬਾਪੂ ਜੀ: ਗੁਰੂ ਤੇਗ ਬਹਾਦਰ ਜੀ ਆਪਣੇ ਸਰੀਰ ਦਾ ਠੀਹਕਰਾ ਦਿੱਲੀ ਦੇ ਮਾਲਕ ਔਰੰਗਜ਼ੇਬ ਦੇ ਸਿਰ ਤੇ ਭੰਨ ਕੇ ਸੱਚ ਖੰਡ (ਪ੍ਰਭ-ਪੁਰ) ਨੂੰ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੀ ਕਰਨੀ ਕਿਸੇ ਹੋਰ ਨੇ ਨਹੀਂ ਕੀਤੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਸਾਰੇ ਜਗਤ ਵਿੱਚ ਸੋਗ ਪੈ ਗਿਆ, ਸਾਰੇ ਜੱਗ ਵਿੱਚ ਹਾਹਾਕਾਰ ਮਚ ਗਈ ਪਰ ਦੇਵ ਲੋਕ (ਸੁਰ ਲੋਕ) ਵਿੱਚ ਜੈ ਜੈ ਕਾਰ ਹੋਣ ਲੱਗ ਪਈ।

ਕੁਲਜੀਤ ਸਿੰਘ: ਹਾਹਾਕਾਰ ਤਾਂ ਮਚਣੀ ਹੀ ਸੀ ਪਰ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿੱਖਾਂ ਦੀ ਕੁਰਬਾਨੀ ਕੀ ਰੰਗ ਲਿਆਈ?

ਬਾਪੂ ਜੀ: ਦੂਜਿਆਂ ਦੇ ਭਲੇ ਲਈ ਡੋਹਲਿਆ ਖੂਨ ਕਦੇ ਅਜਾਈਂ ਨਹੀਂ ਜਾਂਦਾ। ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿੱਖਾਂ ਦੀ ਸ਼ਹਾਦਤ ਨਾਲ ਤਿੱਖੀਆਂ ਸੂਲਾਂ ਬੀਜੀਆਂ ਗਈਆਂ ਜੋ ਛੇਤੀ ਹੀ ਵੱਡੀਆਂ ਹੋ ਕੇ ਖਾਲਸਾ ਰੂਪ ਵਿੱਚ ਪ੍ਰਗਟ ਹੋ ਗਈਆਂ। ਇਹ ਸ਼ਹਾਦਤ ਗੁਰੂ ਨਾਨਕ ਦੇਵ ਜੀ ਦੇ ਪਾਏ ਪੂਰਨਿਆਂ ਦਾ ਹੀ ਅਮਲੀ ਰੂਪ ਸੀ । ਗੁਰੂ ਨਾਨਕ ਦੇਵ ਜੀ ਨੇ ਸਤਿ-ਧਰਮ ਵਾਲੇ "ਨਿਰਮਲ ਪੰਥ" ਦੀ ਨੀਂਹ ਰੱਖਦਿਆਂ ਇਹੋ ਵੰਗਾਰ ਪਾਈ ਸੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)

ਇਸੇ ਵੰਗਾਰ ਨੂੰ ਮੁੱਖ ਰੱਖਦਿਆਂ ਗੁਰੂ ਅਰਜੁਨ ਦੇਵ ਜੀ ਨੇ ਸ਼ਹਾਦਤ ਦਿੱਤੀ ਅਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਜ਼ੁਲਮ ਦਾ ਟਾਕਰਾ ਕਰਨ ਲਈ ਭਗਤੀ ਨਾਲ ਸ਼ਕਤੀ ਰਲਾ ਕੇ ਮੁਗਲ ਫੌਜਾਂ ਨਾਲ ਲੋਹਾ ਲਿਆ , ਚਾਰ ਜੰਗਾਂ ਜਿੱਤ ਕੇ ਲਿਤਾੜੀ ਜਾ ਰਹੀ ਗਰੀਬ ਜਨਤਾ ਨੂੰ ਧੌਣ ਉੱਚੀ ਕਰ ਕੇ ਚੱਲਣ ਦਾ ਵੱਲ ਸਿਖਾਇਆ । ਹਕੂਮਤ ਵਲੋਂ ਗੈਰ-ਮੁਸਲਮਾਨਾਂ ਤੇ ਲਗਾਈਆਂ ਸਾਰੀਆਂ ਬੰਦਸ਼ਾਂ ਨੂੰ ਟਿੱਚ ਸਮਝ ਕੇ ਅਕਾਲ ਤਖ਼ਤ ਉਸਾਰਿਆ, ਸ਼ਾਹਾਨਾ ਠਾਠ ਵਜੋਂ ਕਲਗੀ ਸਜਾਈ , ਫੌਜਾਂ ਰੱਖੀਆਂ, ਸੰਗਤਾਂ ਨੂੰ ਭੇਟਾ ਵਜੋਂ ਘੋੜੇ ਤੇ ਸ਼ਸ਼ਤਰ ਲਿਆਉਣ ਦੇ ਆਦੇਸ਼ ਦਿੱਤੇ, ਇੱਕ ਅਕਾਲ ਪੁਰਖ ਤੇ ਆਸ ਰੱਖ ਕੇ ਜ਼ੁਲਮ ਅੱਗੇ ਡਟ ਜਾਣ ਦੀ ਟਰੇਨਿੰਗ ਦਿੱਤੀ।

ਬੱਚਿਓ ! ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੀ ਅਜੇਹਾ ਹੀ ਰੰਗ ਲਿਆਈ। ਉਨ੍ਹਾਂ ਦੇ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ "ਜਬੈ ਬਾਨ ਲਾਗਯੋ , ਤਬੈ ਰੋਸ ਜਾਗਯੋ" ਅਨੁਸਾਰ ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਨਰਮ ਲੋਹੇ ਨੂੰ ਸਟੀਲ ਵਿੱਚ ਬਦਲ ਦਿੱਤਾ, ਉਨ੍ਹਾਂ ਦੇ ਪਿਛਲੇ ਜਾਤ ਗੋਤ ਖਤਮ ਕਰ ਕੇ 'ਖਾਲਸਾ' ਬਣਾ ਦਿੱਤਾ। ਅੰਮ੍ਰਿਤ ਛਕ ਕੇ ਚਿੜੀਆਂ ਬਾਜਾਂ ਨੂੰ ਝਪਟਾਂ ਮਾਰਨ ਲੱਗ ਪਈਆਂ। ਜ਼ੁਲਮ ਨੂੰ ਜੜ੍ਹੋਂ ਉਖਾੜਨ ਲਈ ਸਿੰਘਾਂ ਵਿੱਚ ਅਥਾਹ ਜੋਸ਼ ਪੈਦਾ ਹੋ ਗਿਆ, ਮੌਤ ਦਾ ਡਰ ਭੈ ਦੂਰ ਹੋ ਗਿਆ। ਗੁਰੂ ਦੇ ਅੱਧੇ ਬੋਲ ਤੇ ਹੀ ਸਿੰਘ ਜਾਨਾਂ ਵਾਰਨ ਨੂੰ ਉਠ ਨੱਠਦੇ, ਗੁਰੂ ਦੇ ਹੁਕਮਾਂ ਅੰਦਰ ਉਨ੍ਹਾ ਨੂੰ ਆਪਨੀ ਜਾਨ ਕੁਰਬਾਨ ਕਰਨੀ ਸਸਤਾ ਸੌਦਾ ਨਜ਼ਰ ਆਉਂਦਾ। ਰਣਜੀਤ ਨਗਾਰਾ ਅਨੰਦ ਪੁਰ ਦੀਆਂ ਪਹਾੜੀਆਂ ਵਿੱਚ ਮਰਦ ਅਗੰਮੜੇ, "ਆਪੇ ਗੁਰ ਚੇਲਾ" ਦੀਆਂ ਧੁੰਮਾਂ ਪਾਉਣ ਲੱਗ ਪਿਆ, ਚੁਗਲ ਖੋਰ ਗੁਲਾਮ ਬਿਰਤੀ ਵਾਲੇ ਬਾਈ ਧਾਰ ਦੇ ਰਾਜਿਆਂ ਦੇ ਦਿਲ ਧੜਕਣ ਲੱਗ ਪਏ।

ਅੰਮ੍ਰਿਤਪਾਲ: ਬਾਪੂ ਜੀ ! ਭਾ ਜੀ ਕੋਲ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਕਵਿਤਾ ਆ। ਇਹ ਨੂੰ ਕਹੋ, ਸੁਣਾਵੇ।

ਬਾਪੂ ਜੀ: ਸੁਣਾ ਬਈ ਕੁਲਜੀਤ ਸਿੰਘਾ !

ਕੁਲਜੀਤ ਸਿੰਘ: ( ਜੇਬ ਵਿੱਚੋਂ ਇੱਕ ਕਾਗਜ਼ ਤੇ ਲਿਖੀ ਕਵਿਤਾ ਪੜ੍ਹਨ ਲੱਗ ਜਾਂਦਾ ਹੈ)

ਗੁਰੂ ਗੋਬਿੰਦ ਸਿੰਘ ਪ੍ਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸ਼ਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ ਪਕੜਿਓ ਹਥਿਆਰਾ।
ਸਚ ਫਤ੍ਹੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
ਸਭ ਦੈਤ ਅਰਿਨਿ ਕੋ ਘੇਰ ਕਰ ਕੀਜੈ ਪਰਹਾਰਾ।
ਜਬ ਸਹਿਜੇ ਪ੍ਰਗਟਿਓ ਜਗਤ ਮੈ ਗੁਰ ਜਾਪ ਆਪਾਰਾ।
ਯੌਂ ਉਪਜੇ ਸਿੰਘ ਭੁਜੰਗੀਏ ਨੀਲੰਬਰ ਧਾਰਾ।
ਤੁਰਕ-ਦੁਸ਼ਟ ਸਭ ਛੈ ਕੀਏ ਹਰਨਾਮ ਉਚਾਰਾ।
ਤਿਨ ਆਗੈ ਕੋਇ ਨ ਠਹਿਰਿਓ ਭਾਗੇ ਸਿਰਦਾਰਾ।
ਜਹ ਰਾਜੇ ਸਾਹ ਅਮੀਰੜੇ ਹੋਏ ਸਭ ਛਾਰਾ।
ਫਿਰ ਸੁਣ ਕਰ ਐਸੀ ਧਮਕ ਕੋਂ ਕਾਂਪੇ ਸਿਰਿ ਭਾਰਾ।
ਤਬ ਸਭ ਧਰਤੀ ਹਲਚਲ ਭਈ ਛਾਡੇ ਘਰ ਬਾਰਾ।
ਇਉਂ ਐਸੇ ਦੁੰਦ ਕਲੇਸ ਮੈਂ ਖਪਿਓ ਸੰਸਾਰਾ।
ਤਹਿ ਬਿਨ ਸਤਿਗੁਰ ਕੋ ਹੈ ਨਹੀਂ ਭੈ ਕਾਟਨ ਹਾਰਾ।
ਗਹਿ ਐਸੇ ਖੜਗ ਦਿਖਾਇਅਨ ਕੋ ਸਕੇ ਨਾ ਝੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੫॥

(ਅੰਮ੍ਰਿਤਪਾਲ "ਬੋਲੇ ਸੋ ਨਿਹਾਲ.. ਸਤਿ ਸ੍ਰੀ ਅਕਾਲ" ਦਾ ਜੈਕਾਰਾ ਬੁਲਾ ਦਿੰਦਾ ਹੈ ਬਾਕੀ ਸਾਰੇ ਬੱਚੇ ਵੀ ਉਸ ਦੇ ਪਿੱਛੇ ਉੱਚੀ ਆਵਾਜ਼ ਵਿੱਚ "ਸਤਿ ਸ੍ਰੀ ਅਕਾਲ" ਬੋਲਦੇ ਹਨ।)

ਬਾਪੂ ਜੀ : ਅੱਛਾ ਬੱਚਿਓ ! ਹੁਣ ਟਾਈਮ ਬਹੁਤ ਹੋ ਗਿਆ ਹੈ। ਕੱਲ੍ਹ ਨੂੰ ਫੇਰ ਮਿਲਾਂਗੇ।

(ਸਾਰੇ ਬੱਚੇ ਜੈਕਾਰੇ ਬੁਲਾਉਂਦੇ ਪੌੜੀਆਂ ਉਤਰ ਜਾਂਦੇ ਹਨ।)


www.AKJ.Org

## ਬੱਚਿਆਂ ਲਈ ਸਵਾਲ

੧. ਸਿੱਖ, ਸਿੰਘ ਅਤੇ ਖਾਲਸਾ ਵਿੱਚ ਕੀ ਫਰਕ ਹੈ?
੨. ਅੰਮ੍ਰਿਤ ਤਿਆਰ ਕਰਨ ਵੇਲੇ ਕਿਨ੍ਹਾਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ? ਉਨ੍ਹਾਂ ਵਿੱਚੋਂ ਜਿਹੜੀ ਬਾਣੀ ਤੁਹਾਨੂੰ ਜ਼ਬਾਨੀ ਯਾਦ ਹੈ ਉਸ ਦਾ ਨਾਮ ਲਿਖੋ ਅਤੇ ਦੱਸੋ ਕਿ ਉਹ ਕਿਸ ਦੀ ਉਚਾਰਨ ਕੀਤੀ ਹੋਈ ਹੈ?
੩. "ਕੇਸਕੀ" ਕਿਸ ਨੂੰ ਕਿਹਾ ਜਾਂਦਾ ਹੈ? ਉਸ ਦੇ ਕੀ ਲਾਭ ਹਨ?
੪. ਕੇਸ ਕਿਉਂ ਨਹੀਂ ਕੱਟਣੇ ਚਹੀਦੇ?
੫. ਖਾਲੀ ਥਾਵਾਂ ਭਰੋ:- ਸੂਚੇ ਏਹ ਨ ਆਖੀਅਹਿ ................॥...............................ਸੋਇ॥ ਇਹ ਤੁਕਾਂ ਕਿਸ ਰਾਗ ਵਿੱਚੋਂ ਹਨ?

ਨੋਟ:- ੧. ਇਨ੍ਹਾਂ ਸਵਾਲਾਂ ਦੇ ਜਵਾਬ 31 ਮਾਰਚ, 1995 ਤੱਕ "ਸੂਰਾ" ਦਫ਼ਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। ੨. ਜਵਾਬ ਸਪਸ਼ਟ ਤੇ ਸੰਖੇਪ ਹੋਣ। ਲੰਬੀ ਚੌੜੀ ਵਿਆਖਿਆ ਨਾ ਹੋਵੇ ।੩. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਸ਼੍ਰੇਣੀ (ਕਲਾਸ) ਅਤੇ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪਤਰ ਲਈ ਪੂਰਾ ਪਤਾ (ਐਡਰੇਸ) ਲਿਖਿਆ ਹੋਇਆ ਹੋਵੇ। ੪. ਜਵਾਬ ਪੱਤਰ ਬੰਦਲਫਾਫੇ ਵਿੱਚ ਭੇਜਿਆ ਜਾਏ, ਜਿਸ ਦੇ ਬਾਹਰ " ਸਵਾਲ ਜਵਾਬ" ਲਿਖਿਆ ਹੋ ।੫. ਠੀਕ ਜਵਾਬ "ਸੂਰਾ" ਵਿੱਚ ਛਾਪੇ ਜਾਣਗੇ।੬. ਜਵਾਬ ਪੱਤਰ ਉਤੇ ਨਾਲ ਲਿਖਿਆ ਕੂਪਨ ਭਰ ਕੇ ਚਿਪਕਾਇਆ ਹੋਵੇ।

ਮਾਰਚ ੧੯੯੫
ਬੱਚੇ ਦੇ ਦਸਖਤ ................................
ਪਿਤਾ ਦਾ ਨਾਮ ................................
ਕਿਥੇ ਰਹਿੰਦਾ ਹੈ? ................................

## ਰਿਸ਼ਤੇ ਨਾਤੇ

–੧.ਕੇਵਲ ਸ਼ਾਕਾਹਾਰੀ ਗੁਰਸਿੱਖ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। ੨. ਕੇਵਲ ਕੇਸਕੀ ਧਾਰੀ ਬੀਬੀਆਂ ਲਈ ਹੀ ਚਿੱਠੀ ਪੱਤਰ ਹੀ ੩. ਆਪਣੀ ਅਰਜੀ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ ਤੇ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ੪. ਛਪੀ ਅਰਜੀ ਦੇ ਜਵਾਬੀ ਖੱਤ ਦੇ ਬਾਹਰ 'Matrimonial form no......' ਲਿਖ ਕੇ ਸੂਰਾ ਦਾ ਪਤਾ ਲਿਖੋ ਜੀ। ਇਕ ਟਿਕਟ ਖਾਲੀ ਲਿਫਾਫਾ ਅੱਗੇ ਭੇਜਣ ਲਈ ਨਾਲ ਭੇਜੋ ਜੀ।

LD 24 - 25 ਸਾਲਾ, ਕੱਦ 5'7', ਹਾਇਰ ਸੈਕੰਡਰੀ, ਆਪਣਾ ਕਾਰੋਬਾਰ ਕਰਦੇ 8000/-ਮਾਸਿਕ ਆਮਦਨ ਵਾਲੇ ਬਿਬੇਕੀ ਸਿੰਘ ਲਈ ਬੀਬੀ ਦੀ ਲੋੜ ਹੈ।

D 25-20 ਸਾਲਾ ਕੱਦ 5'5' B.A.ਕਰ ਰਹੀ ਅਖੰਡ ਪਾਠੀ ਤੇ ਕੀਰਤਨੀ ਬੀਬੀ ਲਈ ਬਿਬੇਕੀ ਵਰ ਦੀ ਲੋੜ ਹੈ।

: LD 26- 21 ਸਾਲਾ, ਕੱਦ 5'4", B.Com, B.ED ਬੀਬੀ ਲਈ ਵਰ ਦੀ ਲੋੜ ਹੈ।

.5: LD 27- 29 ਸਾਲਾ, ਕੱਦ 5'2", M.A, B.ED ਸਰਕਾਰੀ ਅਧਿਆਪਕ 2600/-ਪ੍ਰਤੀ ਮਹੀਨਾ ਲੈ ਰਹੀ ਬੀਬੀ ਵਾਸਤੇ ਵਰ ਦੀ ਲੋੜ ਹੈ।

ਨੰ: LD 28- 29 ਸਾਲਾ ਸਿੰਘ ਕੱਦ 5'8" B.A. ਅਤੇ Computer Course, ਰੇਲਵੇ ਲੇਖਾ ਜੋਖਾ ਵਿਭਾਗ ਵਿਚ ਸੁਪਰਵਾਈਜ਼ਰ ਕੁਲ ਤਨਖਾਹ 4000/ਮਾਸਿਕ ਬੀਬੀ ਦੀ ਲੋੜ ਹੈ।

ਨੰ: LD 29- ਸਾਢੇ 27 ਸਾਲਾ ਕੱਦ 5'2" M.A. (ਪੰਜਾਬੀ) B.Ed. ਪ੍ਰਾਈਵੇਟ ਟੀਚਰ 3,000/-ਮਾਸਿਕ ਲੈ ਰਹੀ ਬੀਬੀ ਵਾਸਤੇ ਯੋਗ ਦੀ ਲੋੜ ਹੈ।

ਮ ਨ LD30-26 ਸਾਲਾ ਕੱਦ 5'6" ਟੇਕਸਟਾਈਲ ਡਿਪਲੋਮਾ ਪਾਸ ਆਪਣੀ ਕਪੜੇ ਦੀ ਦੁਕਾਨ ਕਰ ਰਹੇ ਤਲਾਕਸ਼ੁਦਾ ਸਿੰਘ ਲਈ ਬੀਬੀ ਲੋੜ ਹੈ।

## ਵਿਦਵਾਨ ਲੇਖਕਾਂ ਪ੍ਰਤੀ ਬੇਨਤੀ

ਗੁਰੂ ਸਵਾਰੇ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਕਿਸੇ ਖਾਸ ਦਿਨ ਗੁਰਪੁਰਬ ਆਦਿ ਨਾਲ ਸਬੰਧਤ ਆਪਣੀਆਂ ਰਚਨਾਵਾਂ ਇਕ-ਦੋ ਮਹੀਨੇ ਪੇਸ਼ਗੀ ਹੀ ਭੇਜ ਦਿਆ ਕਰਨ ਤਾਂ ਕਿ ਉਹਨਾਂ ਰਚਨਾਵਾਂ ਨੂੰ ਸੂਰਾ ਪੱਤਰ ਵਿਚ ਢੁਕਵੀਂ ਥਾਂ ਦਿਤੀ ਜਾ ਸਕੇ। ਲੇਖ ਬਹੁਤੇ ਲੰਬੇ ਨਾ ਹੋਣ ।

## ਸੂਰਾ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ੧. ਭਾਈ ਅਵਤਾਰ ਸਿੰਘ ਜੀਵਨ ਸਿੰਘ, ਨਿਊ ਜਰਸੀ | 5000/- | ੬. ਸ: ਗੁਰਬਿੰਦਰ ਸਿੰਘ ਦੀ ਯਾਦ ਵਿਚ | 50/- |
| ੨. ਚੜਾਵਾ ਭਾਈ ਤਜਿੰਦਰ ਸਿੰਘ ਫਿਰੋਜ਼ਪੁਰ ਵਲੋਂ | 100/- | ੭. ਭਾਈ ਇੰਦਰ ਸਿੰਘ ਦੀ ਯਾਦ ਵਿਚ, ਭਾਈ ਜਸਬੀਰ ਸਿੰਘ ਜਧਪੁਰ | 500/- |
| ੩. ਸ: ਬਲਵੰਤ ਸਿੰਘ ਖਾਲਸਾ ਫਿਰੋਜ਼ਪੁਰ | 100/- | ੮. ਗੁਪਤ, ਰਾਹੀਂ ਗੁਰਦੁਆਰਾ ਸਿੰਘ ਸਭਾ ਜਧਪੁਰ | 100/- |
| ੪. ਬੀਬੀ ਕਿਰਪਾਲ ਕੌਰ ਦੀ ਯਾਦ ਵਿਚ | 50/- | ੯. ਸ: ਪਰਮਜੀਤ ਸਿੰਘ ਚੱਪਲਾਂ ਵਾਲੇ ਹੁਸ਼ਿਆਰਪੁਰ | 51/- |
| ੫. ਸ: ਉਜਾਗਰ ਸਿੰਘ ਦੀ ਯਾਦ ਵਿਚ | 50/- | ੧੦. ਸ: ਗੁਰਚਰਨ ਸਿੰਘ ਵਾਰਾਨਸੀ | 340/- |

## ਝਟਕਾ ਮਾਸ ਬਾਰੇ ਵਾਦ-ਵਿਵਾਦ

ਕਈ ਥਾਈਂ ਝਟਕਾ ਮਾਸ ਬਾਰੇ ਵਾਦ-ਵਿਵਾਦ ਖੜ੍ਹਾ ਕੀਤਾ ਜਾਂਦਾ ਹੈ ਅਤੇ "ਸੂਰਾ" ਦੇ ਪਾਠਕਾਂ ਵੱਲੋਂ ਇਸ ਬਾਰੇ ਪੁੱਛਾਂ ਆਉਂਦੀਆਂ ਹਨ ।ਇਸ ਸਬੰਧ ਵਿਚ ਗੁਰਮਤਿ, ਗੁਰਬਾਣੀ ਅਤੇ ਇਤਿਹਾਸ ਦੀ ਅਸਲੀਅਤ ਦੇ ਸਾਹਮਣੇ ਹੇਠ ਲਿਖੀਆਂ ਪੁਸਤਕਾਂ ਪੜ੍ਹ ਕੇ ਸਹੀ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ-

| | |
|---|---|
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ | (ਭਾ: ਸਾ: ਰਣਧੀਰ ਸਿੰਘ ਜੀ) |
| ਸਿੱਖ ਧਰਮ ਤੇ ਮਾਸ ਸ਼ਰਾਬ | (ਜੇ. ਪੀ. ਸੰਗਤ ਸਿੰਘ) |
| ਤਉ ਕਿਉ ਮੁਰਗੀ ਮਾਰੈ | (ਭਾਈ ਜੋਗਿੰਦਰ ਸਿੰਘ ਜੀ ਤਲਵਾੜਾ) |

www.AKJ.Org

**ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸਾਲਾਨਾ ਸਮਾਗਮ 15 ਤੋਂ 18 ਮਾਰਚ ਸਵੇਰ ਤੱਕ**

15 ਮਾਰਚ ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸ੍ਰੀ ਕਲਗੀਧਰ ਕੀਰਤਨ ਦਰਬਾਰ ਲੋਹਗੜ੍ਹ ਰੋਡ।
16 ਮਾਰਚ ਸ਼ਾਮ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਰਤਨ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਤੇ ਗਿਆਨੀ ਅਮੋਲਕ ਸਿੰਘ ਜੀ, ਯੂ.ਕੇ.।
17 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਦੁਪਹਿਰ ਤੱਕ ਕੀਰਤਨ ਸ੍ਰੀ ਕਲਗੀਧਰ ਕੀਰਤਨ ਦਰਬਾਰ ਵਿਖੇ।
**ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ** :- 17 ਮਾਰਚ ਸ਼ਾਮ 6 ਵਜੇ ਰੈਣਿਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਕਲਗੀਧਰ ਕੀਰਤਨ ਦਰਬਾਰ ਵਿਖੇ ਅਰੰਭ ਹੋਣਗੇ।
ਨੋਟ:-੧. ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ੨. ਗੁਰੂ ਕੇ ਲੰਗਰ ਵਿਚ ਸਭ ਜਿਲ੍ਹਿਆਂ ਦੀਆਂ ਸੰਗਤਾਂ ਮਿਲ ਜੁਲਕੇ ਸੇਵਾ ਕਰਨ ਜੀ।
ਦਾਸਰੇ :-ਅਖੰਡ ਕੀਰਤਨੀ ਜੱਥਾ(ਇਟੰਰਨੈਸ਼ਨਲ)

---

**ਕੁਰਾਲੀ, ਗੁਰਦੁਆਰਾ ਸ੍ਰੀ ਹਰਗੋਬਿੰਦਗੜ੍ਹ(ਮੋਰਿੰਡਾ ਰੋਡ) ਵਿਖੇ ਸਲਾਨਾ ਸਮਾਗਮ 23 ਤੋਂ 26 ਮਾਰਚ 1995**

23 ਮਾਰਚ ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ। ਸ਼ਾਮ 7 ਤੋਂ 9 ਕੀਰਤਨ ਗੁਰਦੁਆਰਾ ਸਾਹਿਬ ਚਨਾਲੋਂ।
24 ਮਾਰਚ ਸਵੇਰੇ 4 ਤੋਂ 8 ਕੀਰਤਨ ਗੁਰਦੁਆਰਾ ਸਬਜ਼ੀ ਮੰਡੀ। ਸ਼ਾਮ 6 ਤੋਂ 9 ਕੀਰਤਨ ਗੁਰਦੁਆਰਾ ਸਾਹਿਬ ਪਪਰਾਲੀ।
25 ਮਾਰ[illegible] ਸਵੇਰੇ ਭੋਗ [illegible]ੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤੱਕ ਸ਼ਾਮ 7 ਵਜੇ ਰੈਣਿਸਬਾਈ ਕੀਰਤਨ ਅਰੰਭ।
ਅੰਮ੍ਰਿ[illegible]ਾਰ :- [illegible] ਮਾਰਚ ਸ਼ਾਮ 7 ਵਜੇ ਸ਼ੁਰੂ ਹੋਵੇਗਾ।

---

**ਬੀਬੀ ਦਲਜੀਤ ਕੌਰ ਨਮਿੱਤ ਕੀਰਤਨ ਸਮਾਗਮ ਗੁ: ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ**

ਸਮੂਹ ਸੰ[illegible]ੋਂ ਪਹਿਲਾਂ 19 ਫਰਵਰੀ ਨੂੰ ਰੱਖਿਆ ਸਮਾਗਮ ਹੁਣ 19 ਮਾਰਚ ਸਵੇਰੇ 7 ਤੋਂ 12 ਵਜੇ ਤੱਕ ਹੋਵੇਗਾ।

---

[illegible]ਸਾਹਿਬ ਪਾ: ੧੦ ਨਜ਼ਦੀਕ ਸਾਦਿਕ(ਫਰੀਦਕੋਟ) ਵਿਖੇ ਰੈਣਿਸਬਾਈ ਕੀਰਤਨ 22 ਮਾਰਚ ਬੁੱਧ[illegible]

[illegible]ਗਰਨਾ ਸਹਿਬ ਪਾ: ੬ (ਟਾਂਡਾ-ਦਸੂਹਾ ਵਿਚਕਾਰ) ਰੈਣਿਸਬਾਈ ਕੀਰਤਨ 25 ਮਾਰਚ [illegible]

[illegible] ਰੈਣਿਸਬਾਈ ਕੀਰਤਨ ਪਿੰਡ ਬੁਢੇਵਾਲ (ਚੰਡੀਗੜ੍ਹ ਰੋਡ-ਲੁਧਿਆਣਾ) ਵਿਖੇ 12 ਮਾ[illegible]

[illegible]ਰਦੁਆਰਾ ਮਾਤਾ ਗੰਗਾ ਜੀ ਬਾਬਾ ਬਕਾਲਾ ਵਿਖੇ ਸਲਾਨਾ ਸਮਾਗਮ 23 ਤੋਂ 26 ਮਾਰਚ 1995
[illegible] ਭੋਗ ਸ੍ਰੀ ਅਖੰਡ ਪਾਠ ਉਪਰੰਤ ਦਿਵਸ ਸੁਹੇਲਾ ਕੀਰਤਨ, ਸ਼ਾਮ ਨੂੰ ਰੈਣਿਸਬਾਈ ਕੀਰਤਨ ਤੇ ਅੰਮ੍ਰਿਤ [illegible]

[illegible]ਰਾ ਮੁਹੱਬਤ (ਬਠਿੰਡਾ) ਭਾਈ ਹਰਫੂਲ ਸਿੰਘ ਸੂਬੇਦਾਰ ਦੇ ਗ੍ਰਿਹ ਰੈਣਿਸਬਾਈ ਕੀਰਤਨ 25 ਮਾਰਚ [illegible]

[illegible]ਕੋਟ ਭਾਈ ਜੋਗਿੰਦਰ ਸਿੰਘ ਵੱਲੋਂ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ 2 ਅਪ੍ਰੈਲ ਸਵੇਰ ਤੋਂ ਦੁਪਹਿਰ ਤੱਕ।

---

**ਸ਼ਹੀਦ ਗੁਰਚਰਨ ਸਿੰਘ (1978) ਦੀ ਯਾਦ ਵਿਚ ਸਾਲਾਨਾ ਸਮਾਗਮ**

31 ਮਾਰਚ ਤੋਂ 2 ਅਪ੍ਰੈਲ ਸ੍ਰੀ ਅਖੰਡ ਪਾਠ ਸਾਹਿਬ 54 ਗੁਰੂ ਅਮਰਦਾਸ ਕਲੋਨੀ ਨੇੜੇ ਪਿੰਡ ਸਨੇਤ ਉਪਰੰਤ ਕੀਰਤਨ ਐਤਵਾਰ ਸਵੇਰ ਤੋਂ ਦੁਪਹਿਰ
ਗੁਰਮੰਤਿ ਸੰਚਾਰ ਕੇਂਦਰ (ਭਾਈ ਸਾਹਿਬ ਰਣਧੀਰ ਸਿੰਘ ਟਰਸਟ) ਨੇੜੇ ਸੀ.ਐਫ ਸੀ. ਭਾਈ ਰਣਧੀਰ ਸਿੰਘ ਨਗਰ ਐਫ ਬਲਾਕ ਲੁਧਿਆਣਾਵਿਖੇ [illegible]ਗ

---

ਕੁਰਾਲਾ ([illegible] ਸ਼ਆਤਪੁਰ) ਵਿਖੇ 1 ਅਪ੍ਰੈਲ ਭੋਗ ਸ੍ਰੀ ਅਖੰਡ ਪਾਠ ਉਪਰੰਤ ਦੁਪਹਿਰ ਤੱਕ ਕੀਰਤਨ,ਰਾਤ ਨੂੰ ਰੈਣਿਸਬਾਈ ਕੀਰਤਨ ਤੇ ਅੰਮ੍ਰਿਤ ਸੰ[illegible]

ਪਿੰਡ ਮਲੋਆ (ਚੰਡੀਗੜ੍ਹ) ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 8 ਅਪ੍ਰੈਲ ਰਾਤ ਨੂੰ ਹੋਵੇਗਾ।

---

**ਕੀਰ[illegible]ਨੀ ਬੱਚਿਆਂ ਵਰਿੰਦਰ ਸਿੰਘ ਰੁਪਿੰਦਰ ਸਿੰਘ ਦੀ ਮਿੱਠੀ ਯਾਦ ਵਿਚ ਅੰਮ੍ਰਿਤਸਰ ਵਿਖੇ ਸਮਾਗਮ**

2 ਤੋਂ [illegible] ਅਪ੍ਰੈਲ ਸ੍ਰੀ ਅਖੰਡ ਪਾਠ ਸਾਹਿਬ ਭਾਈ ਮਾਨ ਸਿੰਘ ਜੀ,195, ਅਜੀਤ ਨਗਰ ਵਿਖੇ।
4 ਤੋਂ 8 ਅਪ੍ਰੈਲ ਸ੍ਰੀ ਅਖੰਡ ਪਾਠ ਸਾਹਿਬ (ਦੋ) ਭਾਈ ਸੂਰਤ ਸਿੰਘ ਜੀ,(ਪੂਰਨ ਜੀ) 37, ਬ੍ਰਹਮ ਬੂਟਾ ਮਾਰਕੀਟ ਵਿਖੇ।
9 ਅਪ੍ਰੈ[illegible] ਐਤਵਾਰ ਸਵੇਰੇ ਕੀਰਤਨ 6 ਤੋਂ 12 ਗੁਰਦੁਆਰਾ ਈਸਟ ਮੋਹਨ ਨਗਰ ਵਿਖੇ।

**ਅੰਮ੍ਰਿਤਸਰ ਵਿਖੇ ਵੈਸਾਖੀ ਦਾ ਸਾਲਾਨਾ ਸਮਾਗਮ 12 ਤੋਂ 15 ਅਪ੍ਰੈਲ ਵੇਰਵਾ ਆਉਂਦੇ 'ਸੂਰਾ' ਵਿਚ।**

**ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਰੈਣਿਸਬਾਈ ਕੀਰਤਨ**

22 ਅਪ੍ਰੈਲ ਸ਼ਾਮ 7 ਵਜੇ ਤੋਂ 23 ਅਪ੍ਰੈਲ ਸਵੇਰੇ 4 ਵਜੇ ਤੱਕ ਗੁ: ਛੇਵੀਂ ਪਾਤਸ਼ਾਹੀ ਨਜ਼ਦੀਕ ਸੀ.ਐਮ.ਸੀ.ਲੁਧਿਆਣਾ।

---

**ਅਖੰਡ ਕੀਰਤਨੀ ਜੱਥਾ ਯੂ. ਕੇ. ਵੱਲੋਂ ਰੈਣਿਸਬਾਈ ਕੀਰਤਨ 25.3.95**

ਗੁਰਦੁਆਰਾ ਗੁਰੂ ਨਾਨਕ (ਸਿੱਖ ਟੈਂਪਲ) WEST BROMWICH STREET. CALDMORE AREA, WALSALL, MIDLAND, ENGLAND(U.K.) Tel:- GURDWARA-0922-22199. ਹੋਰ ਜਾਣਕਾਰੀ ਦੇ ਲਈ:-੧.ਭਾਈ ਨਰਿੰਦਰ ਸਿੰਘ -0922-493558 ੨.ਭਾਈ ਮਹਿੰਦਰ ਸਿੰਘ ਤੇ ਬਲਬੀਰ ਸਿੰਘ 0922-34967,0922-614105

www.AKJ.Org